2-JUNE-PAGE-1.qxd 6/1/2024 10:39 PM Page 1

ਐਤਵਾਰ, 2 ਜੂਨ, 2024
20 ਜੇਠ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 1

# ਨਵਾਂ ਜ਼ਮਾਨਾ

DAILY NAWAN ZAMANA • SUNDAY, 2 JUNE, 2024

ਜਲੰਧਰ

nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |




72 ਸਾਲ ਦੀ ਬਿਮਲਾ ਸ਼ਰਮਾ ਬਿਮਾਰ ਹੋਣ ਦੇ ਬਾਵਜੂਦ ਆਕਸੀਜਨ ਦੇ ਸਿਲੰਡਰ ਸਣੇ ਹਿਮਾਚਲ ਦੇ ਬਿਲਾਸਪੁਰ ਦੇ ਚੁਵਾੜੀ ਪੋਲਿੰਗ ਬੂਥ 'ਚ ਵੋਟ ਪਾਉਣ ਪਹੁੰਚੀ।



ਉਤਲੇ ਹਿਮਾਚਲ ਦੇ ਇਕ ਬੂਥ 'ਚ ਵੋਟਾਂ ਪਾ ਕੇ ਆਈਆਂ ਬੀਬੀਆਂ।



ਪਟਨਾ ਜ਼ਿਲ੍ਹੇ ਦੇ ਦਾਨਾਪੁਰ 'ਚ ਘੋੜਿਆਂ 'ਤੇ ਚੜ੍ਹ ਕੇ ਵੋਟ ਪਾਉਣ ਆਏ ਵੋਟਰ।

# ਇੰਡੀਆ ਗੱਠਜੋੜ 295 ਸੀਟਾਂ ਜਿੱਤੇਗਾ : ਖੜਗੇ

**ਨਵੀਂ ਦਿੱਲੀ** : ਵਿਰੋਧੀ ਧਿਰ ਦੇ ਗੱਠਜੋੜ 'ਇੰਡੀਅਨ ਨੈਸ਼ਨਲ ਡਿਵੈੱਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਦੀਆਂ ਭਾਈਵਾਲ ਪਾਰਟੀਆਂ ਦੇ ਨੇਤਾਵਾਂ ਦੀ ਮੀਟਿੰਗ ਸ਼ਨੀਵਾਰ ਇੱਥੇ ਹੋਈ।

ਮੀਟਿੰਗ ਤੋਂ ਬਾਅਦ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਇੰਡੀਆ ਦੀਆਂ ਘੱਟੋ-ਘੱਟ 295 ਸੀਟਾਂ ਆਉਣਗੀਆਂ। ਉਨ੍ਹਾ ਕਿਹਾ ਕਿ ਉਹ ਚੋਣ ਕਮਿਸ਼ਨ ਕੋਲ ਜਾਣਗੇ ਤੇ ਆਪਣੀਆਂ ਸ਼ਿਕਾਇਤਾਂ ਉਸ ਸਾਹਮਣੇ ਰੱਖਣਗੇ। ਇਸ ਲਈ ਗੱਠਜੋੜ ਨੇ ਐਤਵਾਰ ਦਾ ਸਮਾਂ ਮੰਗਿਆ ਹੈ। ਮੀਟਿੰਗ ਵਿਚ ਲੋਕ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ ਨਾਲ ਸੰਬੰਧਤ ਰਣਨੀਤੀ 'ਤੇ ਚਰਚਾ ਕੀਤੀ ਗਈ। ਤ੍ਰਿਣਮੂਲ ਕਾਂਗਰਸ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ ਡੀ ਪੀ) ਦੇ ਨੁਮਾਇੰਦੇ ਮੀਟਿੰਗ 'ਚ ਸ਼ਾਮਲ ਨਹੀਂ ਹੋਏ। ਖੜਗੇ ਦੇ ਨਿਵਾਸ 10 ਰਾਜਾਜੀ ਮਾਰਗ 'ਤੇ ਚੱਲੀ ਮੀਟਿੰਗ 'ਚ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ, ਰਾਸਟਰਵਾਦੀ ਕਾਂਗਰਸ ਪਾਰਟੀ (ਸ਼ਰਦ) ਦੇ ਮੁਖੀ ਸ਼ਰਦ ਪਵਾਰ, ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਨੈਸ਼ਨਲ ਕਾਨਫਰੰਸ ਦੇ ਫਾਰੂਕ ਅਬਦੁੱਲਾ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਸਮੇਤ ਕਈ ਹੋਰ ਨੇਤਾ ਸ਼ਾਮਲ ਹੋਏ।

ਡੀ ਐੱਮ ਕੇ ਨੇਤਾ ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ ਵੱਲੋਂ ਟੀ ਆਰ ਬਾਲੂ ਮੀਟਿੰਗ 'ਚ ਸ਼ਾਮਲ ਹੋਏ। ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ ਅਤੇ ਵਿਕਾਸਸ਼ੀਲ ਇਨਸਾਨ ਪਾਰਟੀ ਦੇ ਮੁਖੀ ਮੁਕੇਸ ਸਾਹਨੀ ਵੀ ਸ਼ਾਮਲ ਸਨ।

ਪੰਜਾਬ 'ਚ ਲੋਕ ਸਭਾ ਦੀਆਂ 13 ਸੀਟਾਂ ਲਈ ਸ਼ਾਮ 5 ਵਜੇ ਤੱਕ 55.20 ਫੀਸਦੀ ਵੋਟਿੰਗ ਹੋਈ। ਚੰਡੀਗੜ੍ਹ 'ਚ 62.80 ਫੀਸਦੀ ਵੋਟਿੰਗ ਹੋਈ।

ਸ਼ਨੀਵਾਰ ਆਖਰੀ ਗੇੜ 'ਚ ਚੰਡੀਗੜ੍ਹ ਅਤੇ 7 ਰਾਜਾਂ ਦੀਆਂ 57 ਸੀਟਾਂ 'ਤੇ ਕਰੀਬ 58.34 ਫੀਸਦੀ ਵੋਟਿੰਗ ਦਰਜ ਕੀਤੀ ਗਈ।

ਪੰਜਾਬ ਤੇ ਚੰਡੀਗੜ੍ਹ ਤੋਂ ਇਲਾਵਾ ਹਿਮਾਚਲ ਦੀਆਂ ਚਾਰ, ਯੂ ਪੀ ਦੀਆਂ 13, ਪੱਛਮੀ ਬੰਗਾਲ ਦੀਆਂ 9, ਬਿਹਾਰ ਦੀਆਂ 8, ਓਡੀਸ਼ਾ ਦੀਆਂ 6 ਅਤੇ ਝਾਰਖੰਡ ਦੀਆਂ 3 ਸੀਟਾਂ 'ਤੇ ਵੋਟਿੰਗ ਹੋਈ। ਓਡੀਸ਼ਾ ਦੀਆਂ ਬਾਕੀ 42 ਵਿਧਾਨ ਸਭਾ ਸੀਟਾਂ ਲਈ ਅਤੇ ਹਿਮਾਚਲ ਦੀਆਂ ਛੇ ਵਿਧਾਨ ਸਭਾ ਸੀਟਾਂ ਲਈ ਉਪ ਚੋਣਾਂ ਵੀ ਨਾਲੋ-ਨਾਲ ਹੋਈਆਂ।



## ਸਾਂਝੀਵਾਲਤਾ ਦਾ ਸੁਨੇਹਾ




ਭਵਾਨੀਗੜ੍ਹ : ਨੇੜਲੇ ਪਿੰਡ ਸਕਰੌਦੀ 'ਚ ਸਾਰੀਆਂ ਪਾਰਟੀਆਂ ਨਾਲ ਸੰਬੰਧਤ ਪਿੰਡ ਵਾਸੀਆਂ ਵੱਲੋਂ ਸਾਂਝਾ ਪੋਲਿੰਗ ਬੂਥ ਲਗਾਇਆ ਗਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਸਾਂਝੇ ਬੂਥ ਦੀ ਰਵਾਇਤ ਕਈ ਸਾਲਾਂ ਤੋਂ ਚੱਲ ਰਹੀ ਹੈ।



ਲਹਿਰਾਗਾਗਾ ਦੇ ਪਿੰਡ ਆਲਮਪੁਰ 'ਚ ਭਾਜਪਾ ਨੂੰ ਛੱਡ ਬਾਕੀ ਪਾਰਟੀਆਂ ਨੇ ਸਾਂਝਾ ਬੂਥ ਲਾਇਆ। ਇਨ੍ਹਾਂ 'ਚ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ਼ਾਮਲ ਸਨ।




ਮਾਨਸਾ ਦੇ ਪਿੰਡ ਮੂਸਾ ਵਿਚ ਵੋਟ ਪਾਉਣ ਤੋਂ ਬਾਅਦ ਜਮਹੂਰੀਅਤ ਦੇ ਰਾਖੇ ਸਿਆਹੀ ਦਾ ਨਿਸ਼ਾਨ ਦਿਖਾਉਂਦੇ ਹੋਏ।

## ਸੋਹਣ ਸਿੰਘ ਚੀਮਾ ਨਹੀਂ ਰਹੇ



**ਲੰਡਨ** : ਕਾਮਰੇਡ ਦਿਲਬਾਗ ਸਿੰਘ ਗਿੱਲ ਨੇ ਦੱਸਿਆ ਹੈ ਕਿ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਜਨਰਲ ਸਕੱਤਰ ਤੇ ਵਰਲਡ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਸੋਹਣ ਸਿੰਘ ਚੀਮਾ ਦਾ ਬੀਤੇ ਦਿਨ ਦੇਹਾਂਤ ਹੋ ਗਿਆ। ਇਸ ਨਾਲ ਲੱਖਾਂ ਕਬੱਡੀ ਪ੍ਰੇਮੀਆਂ ਨੂੰ ਸਦਮਾ ਪੁੱਜਾ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਉਨ੍ਹਾ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ ਹੈ।

## ਡਾਕਟਰ ਗੁਲਜ਼ਾਰ ਸਿੰਘ ਪੰਧੇਰ ਨੂੰ ਸਦਮਾ



**ਲੁਧਿਆਣਾ** : ਪੰਜਾਬੀ ਸਾਹਿਤ ਅਕੈਡਮੀ ਦੇ ਜਨਰਲ ਸਕੱਤਰ ਡਾਕਟਰ ਗੁਲਜ਼ਾਰ ਸਿੰਘ ਪੰਧੇਰ ਦੇ ਵੱਡੇ ਭਰਾ ਗੁਰਚਰਨ ਸਿੰਘ ਪੰਧੇਰ (82) ਦਿਲ ਦਾ ਦੌਰਾ ਪੈਣ ਕਾਰਨ ਸ਼ਨੀਵਾਰ ਸਵੇਰੇ ਅਕਾਲ ਚਲਾਣਾ ਕਰ ਗਏ। ਉਨ੍ਹਾ ਦਾ ਅੰਤਮ ਸੰਸਕਾਰ 2 ਜੂਨ ਨੂੰ ਉਹਨਾ ਦੇ ਪਿੰਡ ਸਿਆੜ, ਬਲਾਕ ਡੇਹਲੋਂ, ਜ਼ਿਲ੍ਹਾ ਲੁਧਿਆਣਾ ਵਿਖੇ ਦੁਪਹਿਰ 3 ਵਜੇ ਕੀਤਾ ਜਾਏਗਾ।ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਡੀ ਪੀ ਮੌੜ ਨੇ ਕਿਹਾ ਕਿ ਸਮੁੱਚੀ ਪਾਰਟੀ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਦੇ ਨਾਲ ਖੜੀ ਹੈ ਤੇ ਪਰਵਾਰ ਨੂੰ ਮਜ਼ਬੂਤੀ ਨਾਲ ਇਸ ਦੁੱਖ ਦੀ ਘੜੀ ਨੂੰ ਸਹਿਣ ਦੀ ਕਾਮਨਾ ਕਰਦੀ ਹੈ।

## ਬੇਟੇ ਦੇ ਖ਼ੂਨ ਦੇ ਨਮੂਨੇ ਬਦਲਣ ਵਾਲੀ ਮਾਂ ਗ੍ਰਿਫਤਾਰ

**ਪੁਣੇ** : ਇਥੋਂ ਦੀ ਪੁਲਸ ਨੇ ਪੋਰਸ਼ ਕਾਰ ਨਾਲ ਟੱਕਰ ਮਾਰ ਕੇ ਦੋ ਮੁੰਡੇ ਤੇ ਕੁੜੀ ਨੂੰ ਮਾਰ ਦੇਣ ਦੇ ਮਾਮਲੇ ਵਿਚ ਨਾਬਾਲਗ ਮੁਲਜ਼ਮ ਦੀ ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਸ਼ਰਾਬੀ ਹਾਲਤ ਵਿਚ ਕਾਰ ਚਲਾ ਰਹੇ ਬੇਟੇ ਦੇ ਖ਼ੂਨ ਦੇ ਨਮੂਨੇ ਉਸ ਦੀ ਮਾਂ ਦੇ ਖ਼ੂਨ ਦੇ ਨਮੂਨਿਆਂ ਨਾਲ ਬਦਲੇ ਗਏ ਸਨ, ਤਾਂ ਜੋ ਉਸ ਨੂੰ ਬਚਾਇਆ ਜਾ ਸਕੇ।

## ਕਮਰਸ਼ੀਅਲ ਸਿਲੰਡਰ 69 ਰੁਪਏ ਘਟਿਆ

**ਨਵੀਂ ਦਿੱਲੀ** : ਹੋਟਲਾਂ ਅਤੇ ਰੈਸਟੋਰੈਂਟਾਂ ਵਿਚ ਵਰਤੇ ਜਾਣ ਵਾਲੇ 19 ਕਿੱਲੋ ਦੇ ਐੱਲ ਪੀ ਜੀ ਸਿਲੰਡਰ ਦੀ ਕੀਮਤ ਵਿਚ ਸ਼ਨੀਵਾਰ 69 ਰੁਪਏ ਦੀ ਕਟੌਤੀ ਕੀਤੀ ਗਈ ਹੈ। ਹੁਣ ਇਹ 1,676 ਰੁਪਏ ਦਾ ਹੋ ਗਿਆ ਹੈ।

# ਕੇਰਲਾ 'ਚ ਭਾਰੀ ਮੀਂਹ



**ਤਿਰੂਅਨੰਤਪੁਰਮ** : ਮੌਨਸੂਨ ਦੇ ਤੇਜ਼ੀ ਫੜਨ ਨਾਲ ਕੇਰਲਾ ਦੇ ਕਈ ਹਿੱਸਿਆਂ 'ਚ ਭਾਰੀ ਮੀਂਹ ਪੈ ਰਿਹਾ ਹੈ। ਦੱਖਣੀ ਤੇ ਕੇਂਦਰੀ ਜ਼ਿਲ੍ਹਿਆਂ ਵਿਚ ਪਹਾੜੀਆਂ ਖਿਸਕਣ, ਦਰਖਤ ਉਖੜਨ ਤੇ ਪਾਣੀ ਖੜ੍ਹਾ ਹੋਣ ਦੀਆਂ ਰਿਪੋਰਟਾਂ ਹਨ। ਇਸ ਨਾਲ ਕਈ ਵਾਹਨਾਂ ਤੇ ਘਰਾਂ ਨੂੰ ਨੁਕਸਾਨ ਪੁੱਜਾ ਹੈ। ਜਾਨੀ ਨੁਕਸਾਨ ਤੋਂ ਬਚਾਅ ਸੀ। ਮੌਸਮ ਵਿਭਾਗ ਨੇ ਕੇਂਦਰੀ ਜ਼ਿਲ੍ਹੇ ਤ੍ਰਿਸੂਰ ਤੇ ਉੱਤਰੀ ਜ਼ਿਲ੍ਹਿਆਂ ਮੱਲਾਪੁਰਮ ਤੇ ਕੋਜ਼ੀਕੋਡ ਲਈ ਰੈੱਡ ਅਲਰਟ ਜਾਰੀ ਕੀਤਾ ਹੈ।

## ਹਰ ਬਾਬੇ ਨੂੰ ਧਰਮ ਸਥੱਲ ਬਣਾਉਣ ਦੀ ਆਗਿਆ ਦੇ ਦਿੱਤੀ ਤਾਂ ਜਨਤਕ ਹਿੱਤਾਂ ਦਾ ਘਾਣ ਹੋ ਜਾਵੇਗਾ : ਦਿੱਲੀ ਹਾਈ ਕੋਰਟ




**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਜੇ ਹਰ ਸਾਧੂ, ਬਾਬੇ ਤੇ ਗੁਰੂ ਨੂੰ ਜਨਤਕ ਥਾਂ 'ਤੇ ਧਰਮ ਸਥੱਲ ਜਾਂ ਸਮਾਧੀ ਸਥੱਲ ਬਣਾਉਣ ਤੇ ਨਿੱਜੀ ਲਾਭਾਂ ਲਈ ਵਰਤਣ ਦੀ ਆਗਿਆ ਦੇ ਦਿੱਤੀ ਗਈ ਤਾਂ ਵਡੇਰੇ ਜਨਤਕ ਹਿੱਤਾਂ ਦਾ ਘਾਣ ਹੋ ਜਾਵੇਗਾ। ਹਾਈ ਕੋਰਟ ਨੇ ਕਿਹਾ ਕਿ ਸ਼ਿਵ ਜੀ ਦੇ ਭਗਤ ਦੱਸਣ ਵਾਲੇ ਨਾਗਾ ਸਾਧੂ ਦੀਨ-ਦੁਨੀਆ ਤੋਂ ਪਰ੍ਹੇ ਰਹਿਣ ਦਾ ਦਾਅਵਾ ਕਰਦੇ ਹਨ, ਪਰ ਜਦੋਂ ਉਹ ਆਪਣੇ ਨਾਂਅ 'ਤੇ ਜਾਇਦਾਦਾਂ ਲਿਖਵਾਉਂਦੇ ਹਨ ਤਾਂ ਉਹ ਉਨ੍ਹਾਂ ਦੀ ਕਥਨੀ ਨਾਲ ਮੇਲ ਨਹੀਂ ਖਾਂਦਾ। ਜਸਟਿਸ ਧਰਮੇਸ਼ ਸ਼ਰਮਾ ਨੇ ਕਿਹਾ—ਸਾਡੇ ਦੇਸ਼ ਵਿਚ ਅਸੀਂ ਵੱਖ-ਵੱਖ ਹਿੱਸਿਆਂ 'ਚ ਹਜ਼ਾਰਾਂ ਸਾਧੂ, ਬਾਬੇ, ਫਕੀਰ ਤੇ ਗੁਰੂ ਦੇਖਦੇ ਹਾਂ ਅਤੇ ਜੇ ਹਰੇਕ ਨੂੰ ਜਨਤਕ ਥਾਂ 'ਤੇ ਧਰਮ ਸਥੱਲ ਤੇ ਸਮਾਧੀ ਸਥੱਲ ਬਣਾਉਣ ਅਤੇ ਫਿਰ ਇਨ੍ਹਾਂ ਨੂੰ ਸਵਾਰਥੀ ਗਰੁੱਪਾਂ ਵੱਲੋਂ ਨਿੱਜੀ ਲਾਭਾਂ ਲਈ ਵਰਤਣ ਦੀ ਆਗਿਆ ਦੇ ਦਿੱਤੀ ਤਾਂ ਭਿਆਨਕ ਸਿੱਟੇ ਨਿਕਲਣਗੇ।

ਜਸਟਿਸ ਸ਼ਰਮਾ ਨੇ ਇਹ ਟਿੱਪਣੀਆਂ ਮਹੰਤ ਨਾਗਾ ਬਾਬਾ ਸ਼ੰਕਰ ਗਿਰੀ ਵੱਲੋਂ ਆਪਣੇ ਜਾਨਸ਼ੀਨ ਵੱਲੋਂ ਦਾਖਲ ਉਸ ਪਟੀਸ਼ਨ ਨੂੰ ਰੱਦ ਕਰਦਿਆਂ ਕੀਤੀਆਂ, ਜਿਸ ਵਿਚ ਮੰਗ ਕੀਤੀ ਗਈ ਸੀ ਕਿ ਹਾਈ ਕੋਰਟ ਨਿਗਮ ਬੋਧ ਘਾਟ ਵਿਖੇ ਨਾਗਾ ਬਾਬਾ ਭੋਲਾ ਗਿਰੀ ਦੇ ਤ੍ਰਿਵੈਣੀ ਘਾਟ ਵਾਲੇ ਧਰਮ ਸਥੱਲ ਦੀ ਜਾਇਦਾਦ ਦੀ ਨਿਸ਼ਾਨਦੇਹੀ ਕਰਨ ਲਈ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਨਿਰਦੇਸ਼ ਦੇਵੇ। ਪਟੀਸ਼ਨਰ ਨੇ ਦਾਅਵਾ ਕੀਤਾ ਸੀ ਕਿ ਦਿੱਲੀ ਸਪੈਸ਼ਲ ਲਾਅਜ਼ ਐਕਟ ਰਾਹੀਂ 2006 ਦੀ ਤੈਅ ਕੀਤੀ ਡੈੱਡਲਾਈਨ ਤੋਂ ਪਹਿਲਾਂ ਤੋਂ ਉਸ ਦਾ ਜਾਇਦਾਦ 'ਤੇ ਕਬਜ਼ਾ ਸੀ। ਹੜ੍ਹ ਰੋਕੂ ਤੇ ਸਿੰਜਾਈ ਵਿਭਾਗ ਦੇ ਅਧਿਕਾਰੀਆਂ ਨੇ ਫਰਵਰੀ 2023 ਵਿਚ ਇਸ ਜਾਇਦਾਦ ਦੇ ਘੇਰੇ ਵਿਚ ਆਉਂਦੀਆਂ ਝੁੱਗੀਆਂ ਤੇ ਹੋਰ ਇਮਾਰਤਾਂ ਢਾਹ ਦਿੱਤੀਆਂ, ਜਿਸ ਕਰਕੇ ਉਸ ਨੂੰ ਧਰਮ ਸਥੱਲ ਨੂੰ ਢਾਹੇ ਜਾਣ ਦਾ ਵੀ ਅਟੱਲ ਖਤਰਾ ਜਾਪਦਾ ਹੈ। ਕੋਰਟ ਨੇ ਕਿਹਾ ਕਿ ਪਟੀਸ਼ਨ ਵਿਚ ਕੋਈ ਦਮ ਨਹੀਂ ਅਤੇ ਉਸ ਕੋਲ ਕੋਈ ਕਾਨੂੰਨੀ ਹੱਕ ਨਹੀਂ ਕਿ ਉਹ ਜਾਇਦਾਦ 'ਤੇ ਕਬਜ਼ਾ ਬਣਾਈ ਰੱਖੇ। ਸਾਫ ਹੈ ਕਿ ਉਸ ਨੇ ਕਬਜ਼ਾ ਕੀਤਾ ਹੋਇਆ ਹੈ। ਸਿਰਫ ਇਸ ਕਰਕੇ ਉਸ ਦਾ ਜਾਇਦਾਦ 'ਤੇ ਹੱਕ ਨਹੀਂ ਬਣ ਜਾਂਦਾ ਕਿ ਉਹ ਜ਼ਮੀਨ 30 ਤੋਂ ਵੱਧ ਸਾਲਾਂ ਤੋਂ ਵਾਹ ਰਿਹਾ ਹੈ। ਜਸਟਿਸ ਸ਼ਰਮਾ ਨੇ ਕਿਹਾ ਕਿ ਪਟੀਸ਼ਨਰ ਨੇ ਪਹਿਲੇ ਬਾਬੇ, ਜਿਸ ਦੀ 1996 ਵਿਚ ਮੌਤ ਹੋ ਗਈ ਸੀ, ਦੇ ਧਰਮ ਸਥੱਲ ਨੇੜੇ ਟੀਨ ਦੀ ਸ਼ੈੱਡ ਵਾਲੇ ਦੋ ਕਮਰੇ ਆਦਿ ਬਣਾ ਲਏ, ਪਰ ਰਿਕਾਰਡ ਵਿਚ ਅਜਿਹੀ ਕੋਈ ਗੱਲ ਨਹੀਂ ਕਿ ਥਾਂ ਦੀ ਇਤਿਹਾਸਕ ਮਹੱਤਤਾ ਹੈ।

## ਬਹੁਤੇ ਨਿਊਜ਼ ਚੈਨਲ ਮੋਦੀ ਦੇ ਹੱਕ 'ਚ

**ਨਵੀ ਦਿੱਲੀ** : ਲੋਕ ਸਭਾ ਚੋਣਾਂ ਲਈ ਵੋਟਿੰਗ ਮੁੱਕਣ ਤੋਂ ਬਾਅਦ ਵੱਖ-ਵੱਖ ਟੀ ਵੀ ਚੈਨਲਾਂ ਦੇ ਆਏ ਐਗਜ਼ਿਟ ਪੋਲਾਂ ਵਿਚ ਬਹੁਤਿਆਂ ਨੇ ਦਰਸਾਇਆ ਕਿ ਮੋਦੀ ਦਾ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ ਪੱਕਾ ਹੈ। ਬਹੁਤੇ ਚੈਨਲਾਂ ਮੁਤਾਬਕ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਗੱਠਜੋੜ ਨੂੰ 543 ਵਿੱਚੋਂ 358 ਸੀਟਾਂ ਮਿਲ ਜਾਣੀਆਂ ਹਨ ਤੇ ਅਪੋਜ਼ੀਸ਼ਨ ਗੱਠਜੋੜ 'ਇੰਡੀਆ' ਨੂੰ 148 ਤੋਂ ਕੁਝ ਵੱਧ ਮਿਲ ਸਕਦੀਆਂ ਹਨ।

## ਸਲਮਾਨ ਦੇ ਮਗਰ ਪਏ ਚਾਰ ਗੈਂਗਸਟਰ ਗ੍ਰਿਫਤਾਰ



**ਮੁੰਬਈ** : ਨਵੀਂ ਮੁੰਬਈ ਪੁਲਸ ਨੇ ਲਾਰੈਂਸ ਬਿਸ਼ਨੋਈ ਦੇ ਗਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੇ ਪਨਵੇਲ 'ਚ ਸਲਮਾਨ ਖਾਨ ਦੀ ਕਾਰ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ। ਇਨ੍ਹਾਂ ਦੀ ਪਛਾਣ ਧਨੰਜੈ ਉਰਫ ਅਜੈ ਕਸ਼ਯਪ, ਗੌਰਵ ਭਾਟੀਆ ਉਰਫ ਨ੍ਹਾਹੀ, ਵਾਸਪੀ ਖਾਨ ਉਰਫ ਵਸੀਮ ਚਿਕਨਾ ਅਤੇ ਜ਼ੀਸ਼ਾਨ ਖਾਨ ਉਰਫ ਜਾਵੇਦ ਖਾਨ ਵਜੋਂ ਹੋਈ ਹੈ। ਇਨ੍ਹਾਂ ਪਨਵੇਲ ਵਿਚ ਸਲਮਾਨ ਦੇ ਫਾਰਮ ਹਾਊਸ 'ਤੇ ਕਈ ਸ਼ੂਟਿੰਗ ਥਾਵਾਂ ਦੀ ਰੇਕੀ ਵੀ ਕੀਤੀ। ਇਨ੍ਹਾਂ ਦੇ ਮੋਬਾਇਲਾਂ ਤੋਂ ਇਸ ਬਾਰੇ ਵੀਡੀਓਜ਼ ਵੀ ਮਿਲੀਆਂ ਹਨ। ਅਜੈ ਕਸ਼ਯਪ ਨੇ ਪਾਕਿਸਤਾਨ ਵਿਚ ਰਹਿੰਦੇ ਡੋਗਰ ਨਾਲ ਵੀਡੀਓ ਕਾਲ ਕੀਤੀ ਸੀ ਤੇ ਉਸ ਨੇ ਏ ਕੇ 47 ਮੰਗਾਉਣੀ ਸੀ।

ਪੁਲਸ ਮੁਤਾਬਕ ਮੁੰਬਈ, ਰਾਇਗੜ੍ਹ, ਨਵੀਂ ਮੁੰਬਈ, ਠਾਣੇ, ਪੁਣੇ ਤੇ ਗੁਜਰਾਤ ਦੇ ਲਾਰੈਂਸ ਬਿਸ਼ਨੋਈ ਤੇ ਸੰਪਤ ਨਹਿਰਾ ਗਰੋਹ ਦੇ ਤਕਰੀਬਨ 60-70 ਗੁਰਗੇ ਸਲਮਾਨ ਖਾਨ 'ਤੇ ਨਜ਼ਰ ਰੱਖ ਰਹੇ ਹਨ। ਇਨ੍ਹਾਂ ਦੀ ਨਾਬਾਲਗਾਂ ਰਾਹੀਂ ਸਲਮਾਨ 'ਤੇ ਹਮਲੇ ਦੀ ਯੋਜਨਾ ਹੈ। ਹਮਲੇ ਤੋਂ ਬਾਅਦ ਕਿਸ਼ਤੀ ਰਾਹੀਂ ਸ੍ਰੀਲੰਕਾ ਭੱਜਣਾ ਹੈ।

## ਅੱਜ-ਨਾਮਾ

ਏਧਰ ਚੋਣਾਂ ਲਈ ਚੱਲਿਆ ਗੇੜ ਸੱਤਵਾਂ,
ਓਧਰ ਦਿੱਲੀ ਆ ਹੋਈ ਸਰਗਰਮ ਬੇਲੀ।
ਸਹਿਮਤੀ ਬਣੀ ਆ ਪੂਰੀ ਵਿਰੋਧੀਆਂ ਦੀ,
ਗੱਠਜੋੜ ਬਾਰੇ ਹੀ ਨਿਭੇਗਾ ਧਰਮ ਬੇਲੀ।
ਹੁੰਦਾ ਹੈ ਤੋਲ-ਤੋਲਾਵਾ ਸਰਗਰਮੀਆਂ ਦਾ,
ਕਿੰਨਾ ਹੋਇਆ ਈ ਧਰਮ-ਅਧਰਮ ਬੇਲੀ।
ਨਤੀਜਾ ਨਿਕਲ ਆਊ ਚਾਰ ਜੂਨ ਤੀਕਰ,
ਓਦੋਂ ਬਾਅਦ ਦਾ ਸੋਚ ਰਹੇ ਕਰਮ ਬੇਲੀ।
ਗੁੱਪ-ਚੁੱਪ ਰੁੱਤ ਜਿਹੀ ਭਾਜਪਾ ਪਿੰਡ ਵੰਨੀਂ,
ਰੂੰਆਂ-ਧੂੰਆਂ ਨਾ ਨਿਕਲਦਾ ਬਾਹਰ ਬੇਲੀ।
ਤਿਕੜਮਾਂ ਕਿੰਨੀਆਂ ਉਹ ਪਏ ਸੋਚਦੇ ਨੇ,
ਹੋਵੇ ਅੰਦਰਲੀ ਗੱਲ ਨਹੀਂ ਜ਼ਾਹਰ ਬੇਲੀ।

-ਤੀਸ ਮਾਰ ਖਾਂ

## ਏ ਐੱਨ ਸੀ ਨੂੰ ਬਹੁਮਤ ਨਹੀਂ

**ਜੋਹਨਸਬਰਗ** : ਅਫਰੀਕਨ ਨੈਸ਼ਨਲ ਕਾਂਗਰਸ (ਏ ਐੱਨ ਸੀ) ਦੱਖਣੀ ਅਫਰੀਕਾ ਦੇ ਇਤਿਹਾਸਕ ਚੋਣ ਨਤੀਜਿਆਂ ਵਿਚ ਪਹਿਲੀ ਵਾਰ ਆਪਣਾ ਸੰਸਦੀ ਬਹੁਮਤ ਗੁਆ ਬੈਠੀ। ਇਸ ਪਾਰਟੀ ਨੇ 30 ਸਾਲ ਪਹਿਲਾਂ ਗੋਰੇ ਘੱਟ ਗਿਣਤੀ ਸ਼ਾਸਨ ਦੇ ਖਾਤਮੇ ਤੋਂ ਬਾਅਦ ਸੱਤਾ ਹਾਸਲ ਕੀਤੀ ਸੀ ਤੇ ਉਸ ਤੋਂ ਬਾਅਦ ਇਹ ਪਹਿਲੀ ਵਾਰ ਪਛੜੀ ਹੈ। ਲਗਭਗ 99 ਫੀਸਦੀ ਵੋਟਾਂ ਦੀ ਗਿਣਤੀ ਹੋ ਚੁੱਕੀ ਹੈ ਤੇ ਏ ਐੱਨ ਸੀ ਨੂੰ ਸਿਰਫ 40 ਫੀਸਦੀ ਤੋਂ ਕੁਝ ਵੱਧ ਵੋਟ ਪ੍ਰਾਪਤ ਹੋਏ ਹਨ। ਚੋਣ ਕਮਿਸ਼ਨ ਨੇ ਅੰਤਮ ਨਤੀਜਿਆਂ ਦਾ ਹਾਲੇ ਰਸਮੀ ਐਲਾਨ ਕਰਨਾ ਹੈ।

## ਬਸਪਾ ਉਮੀਦਵਾਰ ਖਿਲਾਫ ਕੇਸ

**ਫਿਰੋਜ਼ਪੁਰ (ਅਸ਼ੋਕ ਸਰਮਾ)**-ਬਸਪਾ ਉਮੀਦਵਾਰ ਸੁਰਿੰਦਰ ਕੰਬੋਜ ਦੇ ਵਿਰੁੱਧ ਗੁਰੂ ਹਰਸਹਾਏ ਪੁਲਸ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਅਤੇ ਵੋਟ ਪਾਉਣ ਸਮੇਂ ਵੀਡੀਓਗ੍ਰਾਫੀ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਡੀ ਸੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਉਨ੍ਹਾ ਦੇ ਧਿਆਨ 'ਚ ਆਇਆ ਕਿ ਫਿਰੋਜ਼ਪੁਰ ਹਲਕੇ ਤੋਂ ਬਸਪਾ ਦੀ ਟਿਕਟ 'ਤੇ ਚੋਣ ਲੜ ਰਹੇ ਸੁਰਿੰਦਰ ਕੰਬੋਜ ਨੇ ਵੋਟ ਪਾਉਣ ਵੇਲੇ ਦੀ ਵੀਡੀਓ ਬਣਾ ਕੇ ਵਾਇਰਲ ਕੀਤੀ।

## ਜਹਾਜ਼ ਦਾ ਹੰਗਾਮੀ ਉਤਾਰਾ

**ਮੁੰਬਈ** : ਬੰਬ ਨਾਲ ਉਡਾਉਣ ਦੀ ਧਮਕੀ ਬਾਅਦ 172 ਵਿਅਕਤੀਆਂ ਨਾਲ ਚੇਨਈ ਤੋਂ ਮੁੰਬਈ ਜਾ ਰਿਹਾ ਇੰਡੀਗੋ ਦਾ ਜਹਾਜ਼ ਸ਼ਨੀਵਾਰ ਇਥੇ ਹੰਗਾਮੀ ਹਾਲਤ 'ਚ ਉਤਾਰਨਾ ਪਿਆ। ਜਹਾਜ਼ ਸਵੇਰੇ 8.45 ਵਜੇ ਦੇ ਕਰੀਬ ਉਤਰਿਆ ਅਤੇ ਯਾਤਰੀਆਂ ਨੂੰ ਸਟੈੱਪ ਲੈਡਰ ਦੀ ਮਦਦ ਨਾਲ ਉਤਾਰਿਆ ਗਿਆ। 28 ਮਈ ਨੂੰ ਵੀ ਦਿੱਲੀ ਤੋਂ ਇੰਡੀਗੋ ਦੀ ਵਾਰਾਨਸੀ ਉਡਾਣ ਨੂੰ ਬੰਬ ਦੀ ਧਮਕੀ ਮਿਲੀ ਸੀ।

## ਕੇਜਰੀਵਾਲ ਨੂੰ ਨਹੀਂ ਮਿਲੀ ਰਾਹਤ

**ਨਵੀਂ ਦਿੱਲੀ** : ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਸ਼ਨੀਵਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅੰਤਰਮ ਜ਼ਮਾਨਤ ਪਟੀਸ਼ਨ 'ਤੇ ਆਪਣਾ ਫੈਸਲਾ 5 ਜੂਨ ਤੱਕ ਸੁਰੱਖਿਅਤ ਰੱਖ ਲਿਆ। ਇਸ ਤੋਂ ਪਹਿਲਾਂ ਦਿੱਲੀ ਦੇ ਕਥਿਤ ਆਬਕਾਰੀ ਨੀਤੀ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਕੇਜਰੀਵਾਲ ਵੱਲੋਂ ਅੰਤਰਮ ਜ਼ਮਾਨਤ ਦੀ ਮੰਗ ਕਰਨ ਵਾਲੀ ਅਰਜ਼ੀ ਦਾ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਵਿਰੋਧ ਕੀਤਾ। ਈ ਡੀ ਨੇ ਦਾਅਵਾ ਕੀਤਾ ਕਿ ਕੇਜਰੀਵਾਲ ਨੇ ਤੱਥਾਂ ਨੂੰ ਲੁਕਾਇਆ ਅਤੇ ਆਪਣੀ ਸਿਹਤ ਸਮੇਤ ਕਈ ਮਾਮਲਿਆਂ 'ਤੇ ਝੂਠੇ ਬਿਆਨ ਦਿੱਤੇ। ਈ ਡੀ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਕੇਜਰੀਵਾਲ ਨੇ ਸ਼ੁੱਕਰਵਾਰ ਪ੍ਰੈੱਸ ਕਾਨਫਰੰਸ 'ਚ ਗੁੰਮਰਾਹਕੁਨ ਦਾਅਵਾ ਕੀਤਾ ਕਿ ਉਹ 2 ਜੂਨ ਨੂੰ ਆਤਮ-ਸਮਰਪਣ ਕਰਨਗੇ। ਕੇਜਰੀਵਾਲ ਨੇ ਸਿਹਤ ਦੇ ਆਧਾਰ 'ਤੇ ਅੰਤਰਮ ਜ਼ਮਾਨਤ ਦੀ ਮਿਆਦ ਹਫਤਾ ਵਧਾਉਣ ਦੀ ਬੇਨਤੀ ਕੀਤੀ ਸੀ।

(A Dream Polytechnic for Matriculates)
MEHR CHAND POLYTECHNIC COLLEGE
JALANDHAR
ESTD. 1954
(Govt. Aided DAV Institution)
• NBA Accredited Programs
• Approved By AICTE, New Delhi
• Affiliated to Punjab State Board of Technical Education & Industrial Training, Chandigarh
COURSES OFFERED :
3 Years Diploma
Civil Engg.
Electrical Engg.
Mechanical Engg.
Elec. & Comm. Engg.
Computer Science & Engg.
Automobile Engg.
Pharmacy Diploma
(2 Years Diploma)
New Course DMLT in pipeline
REGISTRATION OPEN
Session-2024-25
Seats also available for ITI / Vocational Pass under LEET
Scholarship Available
for SC/ST & Economically Backward Students
Winner of Outstanding Institution Award in Northern Region-2022-23
CELEBRATING PLATINUM JUBILEE IN 2024
mcpolyjal@yahoo.co.in
www.mcpolyjal.com
www.facebook.com\mcpolyjal
www.instagram.com\official_mehrchandpoly
www.x.com\MehrChandPoly
Contact:
0181-2250184
98039-63928
98786-01197
For Registration, scan the QR code
Dr. Jagroop Singh
Principal.

## ਖੇਤੀਬਾੜੀ ਮੰਤਰੀ ਨੇ ਕੀਤਾ ਵੋਟ ਦਾ ਇਸਤੇਮਾਲ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਲੋਕ ਸਭਾ ਹਲਕਾ ਬਠਿੰਡਾ ਤੋਂ 'ਆਪ' ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਆਪਣੇ ਪਿੰਡ ਖੁੱਡੀਆਂ ਗੁਲਾਬ ਸਿੰਘ ਵਿਖੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦੇ ਹੋਏ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਵੋਟ ਪਾਉਣ ਦਾ ਸਾਰਿਆਂ ਨੂੰ ਅਧਿਕਾਰ ਹੈ ਤੇ ਇਸ ਅਧਿਕਾਰ ਦੀ ਸਭ ਨੂੰ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਉਹ ਪਿਛਲੇ ਦੋ ਮਹੀਨਿਆਂ ਤੋਂ ਲੋਕਾਂ ਵਿੱਚ ਵਿਚਰ ਰਹੇ ਹਨ ਅਤੇ ਆਪ ਪਾਰਟੀ ਨੂੰ ਲੋਕਾਂ ਦਾ ਇੱਕ ਵਧੀਆ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾ ਕਿਹਾ ਕਿ ਚੋਣਾਂ ਦੇ ਨਤੀਜੇ ਜੋ ਮਰਜ਼ੀ ਹੋਣ, ਪ੍ਰੰਤੂ ਉਹ ਪਹਿਲਾਂ ਦੀ ਤਰ੍ਹਾਂ ਲੋਕਾਂ ਦੀ ਸੇਵਾ ਵਿੱਚ ਹਮੇਸ਼ਾ ਤੱਤਪਰ ਰਹਿਣਗੇ।

## ਕਲਾਨੌਰ ਦੇ ਕਰੀਬ 56 ਪ੍ਰਤੀਸ਼ਤ ਵੋਟਰਾਂ ਨੇ ਕੀਤਾ ਮੱਤਦਾਨ



**ਕਲਾਨੌਰ (ਮਨਦੀਪ ਕੋਹਲੀ)**-ਅੱਜ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਜ਼ਿਲਾ ਗੁਰਦਾਸਪੁਰ ਦੇ ਇਤਿਹਾਸਿਕ ਕਸਬਾ ਕਲਾਨੌਰ ਵਿੱਚ ਸ਼ਾਂਤਮਈ ਢੰਗ ਨਾਲ ਲੋਕਾਂ ਵੱਲੋਂ ਆਪਣੀ ਵੋਟ ਦਾ ਮਤਦਾਨ ਕੀਤਾ ਗਿਆ, ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਕਲਾਨੌਰ ਵਿੱਚ ਕੁੱਲ 12 ਬੂਥਾਂ ਤੇ 11197 ਵੋਟਾਂ ਵਿੱਚੋਂ 6260 ਵੋਟਾਂ ਪੋਲ ਹੋਈਆਂ ਜਿਨਾਂ ਵਿੱਚੋਂ 3348 ਦੇ ਕਰੀਬ ਮਰਦ ਵੋਟਰ ਅਤੇ 2909 ਦੇ ਕਰੀਬ ਔਰਤ ਵੋਟਰ ਇਸ ਤੋਂ ਇਲਾਵਾ ਤਿੰਨ ਹੋਰ ਕੈਟਾਗਰੀ ਦੀ ਵੋਟਾਂ ਪੋਲ ਹੋਈਆਂ, ਕਲਾ ਨੌਰ ਵਿੱਚ ਬਿਲਕੁਲ ਸ਼ਾਂਤਮਈ ਢੰਗ ਨਾਲ ਵੋਟਾਂ ਪੋਲ ਹੋਈਆਂ, ਹਰ ਇੱਕ ਬੂਤ ਤੇ ਸਕੂਲ ਦੇ ਵਿਦਿਆਰਥੀ ਵ ਵਲੰਟੀਅਰਾਂ ਵਜੋਂ ਕੰਮ ਕਰ ਰਹੇ ਸਨ ਅਤੇ ਜੋ ਵੀ ਕੋਈ ਬਜ਼ੁਰਗ ਵੋਟਰ ਆਉਂਦਾ ਸੀ ਵੀਲ ਚੇਅਰ ਨਾਲ ਉਨ2ਾਂ ਦੀ ਸਹਾਇਤਾ ਕੀਤੀ ਜਾਂਦੀ ਸੀ ਉਸ ਦੇ ਨਾਲ ਹੀ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਵਿੱਚ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ ਪਰ ਇੱਕ ਪਾਸਿਓਂ ਕਈ ਵੋਟਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਉਤਸ਼ਾਹ ਹੋਰ ਵੀ ਵੱਧ ਜਾਣਾ ਸੀ ਜੇਕਰ ਪੋਲਿੰਗ ਬੂਥਾਂ ਉੱਤੇ ਸੈਲਫੀ ਸਟੈਂਡ ਲਗਾਏ ਹੁੰਦੇ। ਪਹਿਲੀ ਵਾਰ ਵੋਟ ਪੋਲ ਕਰਨ ਵਾਲੇ ਵੋਟਰਾਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

## ਬੋਨੀ ਅਮਰਪਾਲ ਸਿੰਘ ਨੇ 81 ਨੰਬਰ ਬੂਥ 'ਤੇ ਕੀਤਾ ਮੱਤਦਾਨ



**ਅੰਮ੍ਰਿਤਸਰ (ਸੁਖਤਿੰਦਰ ਸਿੰਘ ਰਾਜੂ)**—ਪੋਲਿੰਗ ਦੌਰਾਨ ਅਜਨਾਲਾ ਦੇ ਬੂਥ ਨੰਬਰ 81 ਵਿੱਚ ਆਪਣੀ ਵੋਟ ਬੋਨੀ ਅਮਰਪਾਲ ਸਿੰਘ ਅਜਨਾਲਾ ਸਾਬਕਾ ਵਿਧਾਇਕ ਪ੍ਰਧਾਨ ਓਬੀਸੀ ਮੋਰਚਾ ਅਤੇ ਉਨ੍ਹਾਂ ਦੀ ਧਰਮ ਪਤਨੀ ਵੱਲੋਂ ਮਤਦਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਸਾਰੇ ਵਰਕਰਾਂ/ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਖੁਸ਼ ਹਾਂ ਕਿ ਤੁਸੀਂ ਸ਼ਾਂਤੀਪੂਰਵਕ ਢੰਗ ਨਾਲ ਆਪਣੀ ਵੋਟ ਦਾ ਇਸਤੇਮਾਲ ਕੀਤਾ ਹੈ। ਆਉਣ ਵਾਲੇ ਨਤੀਜੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਹੋਣਗੇ ਅਤੇ ਹਿੰਦੁਸਤਾਨ ਵਿੱਚ ਨਰਿੰਦਰ ਬਾਈ ਮੋਦੀ ਦੀ ਸਰਕਾਰ ਬਣੇਗੀ ਜਿਸ ਦੇ ਚਲਦਿਆਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਤਰਨਜੀਤ ਸਿੰਘ ਸੰਧੂ ਭਾਰੀ ਵੋਟਾਂ ਨਾਲ ਜਿੱਤ ਪ੍ਰਾਪਤ ਕਰਨਗੇ।

## ਦਵਿੰਦਰ ਸਿੰਘ ਡੈਮ ਵੱਲੋਂ ਵੋਟਰਾਂ ਦਾ ਧੰਨਵਾਦ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸੱਤਵੇਂ ਪੜਾਅ ਤਹਿਤ ਪੰਜਾਬ 'ਚ ਲੋਕ ਸਭਾ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹਨ 'ਤੇ ਅਜਨਾਲਾ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਦਵਿੰਦਰ ਸਿੰਘ ਡੈਮ ਵੱਲੋਂ ਸਾਰੇ ਵੋਟਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਆਉਣ ਵਾਲੀ ਹਿੰਦੁਸਤਾਨ ਵਿੱਚ ਸਰਕਾਰ ਕਾਂਗਰਸ ਗੱਠਜੋੜ ਦੀ ਹੈ ਅਤੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਗੁਰਜੀਤ ਸਿੰਘ ਔਜਲਾ ਭਾਰੀ ਵੋਟਾਂ ਨਾਲ ਜਿੱਤਣਗੇ। ਇਸ ਮੌਕੇ ਸਮਿਤ ਸ਼ਰਮਾ, ਅਰਨ ਕਟਾਰੀਆ, ਸੋਨਾ ਅਜਨਾਲਾ, ਅਮਿਤ ਸ਼ਰਮਾ, ਆਤਮ ਸ਼ਰਮਾ ਅਕੇ ਰਕਸ਼ਕ ਕਟਾਰੀਆ ਆਦਿ ਹਾਜ਼ਰ ਸਨ।

## ਧਾਲੀਵਾਲ ਭਾਰੀ ਵੋਟਾਂ ਨਾਲ ਜਿੱਤਣਗੇ : ਗੁੱਜਰਪੁਰਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਭਾਰੀ ਵੋਟਾਂ ਨਾਲ ਜਿੱਤ ਪ੍ਰਾਪਤ ਕਰਨਗੇ।ਉਕਤ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਵਾਰਡ ਨੰਬਰ ਅੱਠ ਦੇ ਇੰਚਾਰਜ ਗੁਰਿੰਦਰ ਸਿੰਘ ਗੁੱਜਰਪੁਰਾ ਅਤੇ ਵਾਰਡ ਨੰਬਰ ਅੱਠ ਦੇ ਮੌਜੂਦਾ ਕੌਂਸਲਰ ਰਾਜਵੀਰ ਕੌਰ ਚਾਹਲ ਨੇ ਕੀਤਾ। ਉਨ੍ਹਾਂ ਨੇ ਕਿਹਾ ਕਿ ਆਮ ਵੋਟਰਾਂ ਦਾ ਰੁਝਾਨ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਸੀ ਅਤੇ ਭਾਰੀ ਬਹੁਮਤ ਨਾਲ ਹਿੰਦੁਸਤਾਨ ਵਿੱਚ ਆਮ ਆਦਮੀ ਪਾਰਟੀ ਅਤੇ ਗੱਠਜੋੜ ਦੀ ਸਰਕਾਰ ਬਣੇਗੀ। ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ ਭਾਰੀ ਵੋਟਾਂ ਨਾਲ ਜਿੱਤ ਪ੍ਰਾਪਤ ਕਰਨਗੇ ਅਤੇ ਅੰਮ੍ਰਿਤਸਰ ਹਲਕੇ ਦੀ ਸੰਸਦ ਵਿੱਚ ਆਵਾਜ਼ ਬੁਲੰਦ ਕਰਨਗੇ।

## ਘਰ ਦੇ ਸਾਹਮਣੇ ਲੱਗੀ ਇੰਡੀਗੋ ਗੱਡੀ ਚੋਰੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਬੀਤੀ ਰਾਤ ਘਰ ਅੱਗੋਂ ਇੱਕ ਕਾਰ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਕਾਰ ਮਾਲਕ ਹਰਬਿੰਦਰ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਸ੍ਰੀ ਹਰਗੋਬਿੰਦਪੁਰ ਸਾਹਿਬ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੀਤੀ ਰਾਤ ਤਕਰੀਬਨ 11:30 ਵਜੇ ਆਪਣੇ ਘਰ ਦੇ ਬਾਹਰ ਇੰਡੀਗੋ ਕਾਰ ਜਿਸ ਦਾ ਨੰਬਰ ਪੀਬੀ08 ਈਸੀ 62 39 ਹੈ ਜੋ ਰਾਤ ਚੋਰੀ ਹੋ ਗਈ ਹੈ। ਤਸਵੀਰਾਂ ਨਜ਼ਦੀਕੀ ਲੱਗੇ ਸੀਸੀਟੀਵੀ ਕੈਮਰੇ ਵਿੱਚ ਆਈਆਂ ਹਨ ਜਿਸ ਨੂੰ ਕਿ ਚੋਰ ਸ਼ਾਤਰ ਤਰੀਕੇ ਨਾਲ ਚੋਰੀ ਕਰਕੇ ਲੈ ਗਏ ਹਨ ਜਿਸ ਦੀ ਲਿਖਤੀ ਸ਼ਿਕਾਇਤ ਥਾਣਾ ਸ੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਦਰਜ ਕਰਵਾਈ ਗਈ ਹੈ। ਸੂਚਨਾ ਮਿਲਦੇ ਹੀ ਏਐੱਸਆਈ ਸਕੱਤਰ ਸਿੰਘ ਮੌਕੇ 'ਤੇ ਪਹੁੰਚੇ ਅਤੇ ਸੀਸੀਟੀਵੀ ਕੈਮਰੇ ਦੀਆਂ ਫੋਟੋਆਂ ਚੈੱਕ ਕੀਤੀਆਂ। ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਹੈ। ਦੂਸਰੇ ਪਾਸੇ ਪੀੜਤ ਗੁਰਬਿੰਦਰ ਸਿੰਘ ਨੇ ਮੰਗ ਕੀਤੀ ਹੈ ਚੋਰਾਂ ਨੂੰ ਜਲਦੀ ਫੜ ਕੇ ਮੇਰੀ ਕਾਰ ਬਰਾਮਦ ਕੀਤੀ ਜਾਵੇ।

## ਸ਼ੁਤਰਾਣਾ 'ਚ ਚੋਣ ਦਾ ਕੰਮ ਨਿਰਵਿਘਨ ਸੰਪੰਨ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**–ਲੋਕ ਸਭਾ ਚੋਣਾਂ ਲਈ ਚੱਲ ਰਹੀ ਪੋਲਿੰਗ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਅਧੀਨ ਆਉਂਦੇ ਪੋਲਿੰਗ ਬੂਥਾਂ ਉੱਤੇ ਵੋਟਾਂ ਦਾ ਕੰਮ ਨਿਰਵਿਘਨ ਸੰਪੰਨ ਹੋ ਗਿਆ ਹੈ।ਸਵੇਰੇ 7 ਵਜੇ ਜਿਉਂ ਹੀ ਪੋਲਿੰਗ ਸ਼ੁਰੂ ਹੋਈ ਵੋਟਾਂ ਪਾਉਣ ਦਾ ਕੰਮ ਧੀਮੀ ਰਫਤਾਰ ਨਾਲ ਸਾਰਾ ਦਿਨ ਜਾਰੀ ਰਿਹਾ।ਪੋਲਿੰਗ ਸ਼ੁਰੂ ਹੋਣ ਦੇ ਪਹਿਲੇ ਦੋ ਢਾਈ ਘੰਟਿਆਂ ਦੌਰਾਨ ਵੱਡੇ ਪੱਧਰ ਉੱਤੇ ਪੋਲਿੰਗ ਹੋਈ, ਪਰ ਦੁਪਹਿਰ ਸਮੇਂ ਸਖਤ ਗਰਮੀ ਦੇ ਚਲਦਿਆਂ ਵੋਟਾਂ ਪਾਉਣ ਨੂੰ ਆਉਣ ਵਾਲੇ ਲੋਕਾਂ ਦੀ ਗਿਣਤੀ ਕਾਫੀ ਪੋਲਿੰਗ ਬੂਥਾਂ ਉੱਤੇ ਘੱਟ ਨਜ਼ਰ ਆਈ।ਵੋਟਾਂ ਪਾਉਣ ਦਾ ਕੰਮ ਸ਼ਾਂਤੀਪੂਰਵਕ ਨਿਪਟ ਗਿਆ ਤੇ ਕਿਸੇ ਵੀ ਤਰ੍ਹਾਂ ਦੀ ਕਿਸੇ ਅਣਸੁਖਾਵੀਂ ਘਟਨਾ ਦੀ ਸੂਚਨਾ ਨਹੀਂ ਮਿਲੀ।ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਚੋਣਾਂ ਦੇ ਕੰਮ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਲਈ ਪੂਰੇ ਪ੍ਰਬੰਧ ਕੀਤੇ ਹੋਏ ਸਨ ਤੇ ਸਾਰੇ ਪ੍ਰਬੰਧਾਂ ਦੀ ਦੇਖ-ਰੇਖ ਚੋਣ ਅਧਿਕਾਰੀ-ਕਮ-ਐੱਸ ਡੀ ਐੱਮ ਪਾਤੜਾਂ ਰਵਿੰਦਰ ਸਿੰਘ ਤੇ ਸੁਰੱਖਿਆ ਪ੍ਰਬੰਧਾਂ ਦੀ ਦੇਖ-ਰੇਖ ਡੀ ਐੱਸ ਪੀ ਪਾਤੜਾਂ ਦਲਜੀਤ ਸਿੰਘ ਵਿਰਕ ਖੁਦ ਕਰ ਰਹੇ ਸਨ।

# ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਕੀਤਾ ਸਨਮਾਨਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)–ਜ਼ਿਲ੍ਹਾ ਗੁਰਦਾਸਪੁਰ ਦੇ ਵੋਟਰਾਂ ਵੱਲੋਂ ਪੂਰੇ ਉਤਸ਼ਾਹ ਨਾਲ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਗਿਆ। ਨੌਜਵਾਨਾਂ, ਬਜ਼ੁਰਗਾਂ ਸਮੇਤ ਹਰ ਉਮਰ ਵਰਗ ਦੇ ਵੋਟਰਾਂ ਵੱਲੋਂ ਪੋਲਿੰਗ ਬੂਥਾਂ ਉੱਪਰ ਪਹੁੰਚ ਕੇ ਆਪਣੇ ਪਸੰਦੀਦਾ ਉਮੀਦਵਾਰਾਂ ਨੂੰ ਵੋਟ ਪਾਈ।ਸਵੇਰੇ 9:00 ਵਜੇ ਤੱਕ ਜ਼ਿਲ੍ਹੇ ਵਿੱਚ 10.01 ਫ਼ੀਸਦੀ ਪੋਲਿੰਗ ਹੋਈ ਸੀ ਜਦਕਿ ਸ਼ਾਮ 5:00 ਵਜੇ ਤੱਕ 49.34 ਫ਼ੀਸਦੀ ਵੋਟਰ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰ ਚੁੱਕੇ ਸਨ । ਰਿਟਰਨਿੰਗ ਅਫ਼ਸਰ ਲੋਕ ਸਭਾ ਹਲਕਾ 01-ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਵੱਲੋਂ ਪੋਲਿੰਗ ਬੂਥਾਂ ਉੱਪਰ ਜਾ ਕੇ ਪੋਲਿੰਗ ਅਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

ਇਸ ਮੌਕੇ ਉਨ੍ਹਾਂ ਵੱਲੋਂ ਵੋਟਰਾਂ ਦੀ ਸਹੂਲਤ ਲਈ ਕੀਤੇ ਵੱਖ-ਵੱਖ ਪ੍ਰਬੰਧਾਂ ਨੂੰ ਵੀ ਦੇਖਿਆ ਗਿਆ ।ਪੋਲਿੰਗ ਬੂਥਾਂ ਉਪਰ ਜਿਹੜੇ ਨੌਜਵਾਨ ਵੋਟਰ ਪਹਿਲੀ ਵਾਰ ਵੋਟ ਪਾਉਣ ਆਏ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ।ਰਿਟਰਨਿੰਗ ਅਫ਼ਸਰ ਵਿਸ਼ੇਸ਼ ਸਾਰੰਗਲ ਨੇ ਪੋਲਿੰਗ ਸਟਾਫ਼ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਆਪਣੀ ਡਿਊਟੀ ਨੂੰ ਸਮਰਪਣ ਭਾਵਨਾ ਨਾਲ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੋਲਿੰਗ ਬੂਥ ਉੱਪਰ ਪਹੁੰਚ ਕੇ ਆਪਣੀ ਵੋਟ ਜ਼ਰੂਰ ਪਾਉਣ। ਇਸ ਮੌਕੇ ਵਿਧਾਨ ਸਭਾ ਚੋਣ ਹਲਕਾ ਡੇਰਾ ਬਾਬਾ ਨਾਨਕ 0-10 ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੜਕੀਆਂ ਦੇ ਬੂਥ ਨੰਬਰ 54 ਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਪਵਨ ਅਤੇ ਲੜਕੀ ਹਰਮਨਪ੍ਰੀਤ ਕੌਰ ਨੂੰ ਪੋਲਿੰਗ ਪਾਰਟੀ ਦੇ ਪ੍ਰੀਜ਼ਾਈਡਿੰਗ ਅਫਸਰ ਅਨੀਕੇਤ ਅਤੇ ਬੀਐੱਲਓ ਰਾਜ ਸੁਖਵਿੰਦਰ ,ਬੀਐੱਲਓ ਕਰਨਦੀਪ ਵੱਲੋਂ ਸਰਟੀਫਿਕੇਟ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪੋਲਿਗ ਅਫਸਰ ਨਵਜੋਤ ਕੌਰ, ਏਪੀਆਰਓ ਤੇਜਿੰਦਰ ਕੌਰ ਅਤੇ ਪੀਓ ਕੰਚਨਪ੍ਰੀਤ ਕੌਰ ਆਦਿ ਹਾਜ਼ਰ ਸਨ । ਸ਼ਾਮ 5:00 ਵਜੇ ਤੱਕ ਵਿਧਾਨ ਸਭਾ ਚੋਣ ਹਲਕਾ 0-10 ਡੇਰਾ ਬਾਬਾ ਨਾਨਕ ਦੇ ਵੋਟਰਾਂ ਵੱਲੋਂ 60.3 ਫੀਸਦੀ ਵੋਟਾਂ ਪਾ ਕੇ ਆਪਣੇ ਹੱਕ ਦਾ ਇਸਤੇਮਾਲ ਕੀਤਾ ਗਿਆ।



ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਪਿੰਡ ਮੌਲਵੀਵਾਲਾ ਦੇ ਪੋਲਿੰਗ ਬੂਥ ਉੱਤੇ ਪਹਿਲੀ ਵਾਰ ਵੋਟ ਪਾਉਣ ਆਈਆਂ ਦੋ ਸਕੀਆਂ ਭੈਣਾਂ। (ਫੋਟੋ ਤੇ ਵੇਰਵਾ : ਭੁਪਿੰਦਰਜੀਤ ਮੌਲਵੀਵਾਲਾ)



ਹਲਕਾ ਸ਼ੁਤਰਾਣਾ ਦੇ ਬੂਥ ਨੰਬਰ 143 ਉੱਤੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਆਈ ਬਜ਼ੁਰਗ ਮਾਤਾ ਮਹਿੰਦਰ ਕੌਰ ਨੂੰ ਸਰਟੀਫਿਕੇਟ ਦਿੰਦੇ ਹੋਏ ਚੋਣ ਅਧਿਕਾਰੀ ਤੇ ਪਿੰਡ ਦੇ ਪਤਵੰਤੇ। (ਫੋਟੋ ਤੇ ਵੇਰਵਾ : ਭੁਪਿੰਦਰਜੀਤ ਮੌਲਵੀਵਾਲਾ)



ਵਿਦੇਸ਼ਾਂ ਤੋਂ ਆਏ ਨੌਜਵਾਨ ਆਪਣੀ ਵੋਟ ਪਾਉਣ ਮਗਰੋਂ ਸਰਟੀਫਿਕੇਟ ਹਾਸਲ ਕਰਦੇ ਹੋਏ। (ਫੋਟੋ ਤੇ ਵੇਰਵਾ : ਭੁਪਿੰਦਰਜੀਤ ਮੌਲਵੀਵਾਲਾ)



ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਆਪਣੀ ਵੋਟ ਦਾ ਇਸਤੇਮਾਲ ਕਰਨ ਉਪਰੰਤ ਨਿਸ਼ਾਨ ਦਿਖਾਉਂਦੇ ਹੋਏ ਉਨ੍ਹਾਂ ਨਾਲ ਮਨਪ੍ਰੀਤ ਸਿੰਘ ਕਾਲੀਆ ਤੇ ਹੋਰ। (ਫੋਟੋ ਤੇ ਵੇਰਵਾ : ਵਰਿੰਦਰ ਵਰਮਾ, ਨਾਭਾ)



ਡਾ. ਬਿਕਰਮਜੀਤ ਸਿੰਘ ਸੰਧੂ ਵਾਈਸ ਪ੍ਰਿੰਸੀਪਲ ਮਾਤਾ ਗੁਜਰੀ ਕਾਲਜ ਫ਼ਤਿਹਗੜ੍ਹ ਸਾਹਿਬ ਨੇ ਪਰਵਾਰ ਸਮੇਤ ਅਸ਼ੋਕਾ ਸਕੂਲ, ਸਰਹੰਦ ਵਿਖੇ ਕੀਤਾ ਵੋਟ ਦਾ ਇਸਤੇਮਾਲ। (ਫੋਟੋ ਤੇ ਵੇਰਵਾ : ਪ੍ਰਮੋਦ ਭਾਰਦਵਾਜ, ਫ਼ਤਿਹਗੜ੍ਹ ਸਾਹਿਬ)

## ਉਤਕਰਸ਼ ਸਮਾਲ ਫਾਈਨਾਂਸ ਬੈਂਕ ਵੱਲੋਂ 900ਵੇਂ ਬੈਂਕਿੰਗ ਆਊਟਲੈੱਟ ਦਾ ਉਦਘਾਟਨ

**ਅੰਮ੍ਰਿਤਸਰ** : ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਟਿਡ ਨੇ ਖੁੰਟੀ, ਰਾਂਚੀ, ਝਾਰਖੰਡ ਵਿਖੇ ਬੈਂਕ ਦੇ 900ਵੇਂ ਆਊਟਲੈੱਟ ਦੇ ਉਦਘਾਟਨ ਦਾ ਐਲਾਨ ਕੀਤਾ।ਇਹ ਮੀਲ ਪੱਥਰ ਇੱਕ ਵਿਆਪਕ ਵਿਸਤਾਰ ਦਾ ਹਿੱਸਾ ਹੈ, ਜਿਸ ਵਿੱਚ ਅੱਜ ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਵਿੱਚ 7 ਨਵੇਂ ਆਊਟਲੇਟ ਖੋਲ੍ਹੇ ਗਏ ਹਨ।ਇਸ ਦੇ ਨਾਲ, ਬੈਂਕ ਹੁਣ ਝਾਰਖੰਡ ਵਿੱਚ 81 ਬੈਂਕਿੰਗ ਆਊਟਲੈੱਟ ਅਤੇ ਦੇਸ਼ ਭਰ ਵਿੱਚ ਕੁੱਲ 903 ਆਊਟਲੈੱਟ ਚਲਾ ਰਿਹਾ ਹੈ।ਹੁਣ ਖੁੰਟੀ, ਰਾਂਚੀ ਦੇ ਗਾਹਕ ਬੈਂਕ ਦੇ ਵੱਖ-ਵੱਖ ਉਤਪਾਦਾਂ ਅਤੇ ਸੇਵਾਵਾਂ ਦਾ ਲਾਭ ਲੈ ਸਕਣਗੇ।ਇਨ੍ਹਾਂ ਵਿੱਚ ਬੱਚਤ ਖਾਤਾ, ਚਾਲੂ ਖਾਤਾ, ਫਿਕਸਡ ਡਿਪਾਜ਼ਿਟ, ਆਵਰਤੀ ਡਿਪਾਜ਼ਿਟ ਅਤੇ ਵੱਖ-ਵੱਖ ਲੋਨ ਉਤਪਾਦ ਜਿਵੇਂ ਕਿ ਹੋਮ ਲੋਨ, ਕਾਰੋਬਾਰੀ ਲੋਨ, ਜਾਇਦਾਦ ਦੇ ਖਿਲਾਫ ਲੋਨ, ਕ੍ਰੈਡਿਟ, ਬੀਮਾ ਅਤੇ ਨਿਵੇਸ਼ ਉਤਪਾਦ ਸ਼ਾਮਲ ਹਨ।ਬੈਂਕ ਦਾ ਵਿਆਪਕ ਬੁਨਿਆਦੀ ਢਾਂਚਾ, ਡਿਜੀਟਲ ਬੈਂਕਿੰਗ ਸਮਰੱਥਾਵਾਂ ਅਤੇ ਨੈੱਟਵਰਕ ਦਾ ਉਦੇਸ਼ ਸੰਪੂਰਨ ਗਾਹਕ ਸੇਵਾ ਪ੍ਰਦਾਨ ਕਰਨਾ ਹੈ।ਵਿਸਤਾਰ 'ਤੇ ਟਿੱਪਣੀ ਕਰਦੇ ਹੋਏ ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਗੋਵਿੰਦ ਸਿੰਘ ਨੇ ਕਿਹਾ ਕਿ ਅੱਜ ਸਾਡੇ ਲਈ ਇੱਕ ਇਤਿਹਾਸਕ ਦਿਨ ਹੈ ਕਿਉਂਕਿ ਅਸੀਂ ਖੁੰਟੀ, ਰਾਂਚੀ, ਝਾਰਖੰਡ ਵਿੱਚ ਬੈਂਕ ਦੇ 900ਵੇਂ ਬੈਂਕਿੰਗ ਆਊਟਲੈੱਟ ਦਾ ਉਦਘਾਟਨ ਕੀਤਾ ਹੈ। ਭਾਰਤ ਲਈ ਰਾਜ ਅਤੇ ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਵਿੱਚ ਸਾਡੇ 7 ਨਵੇਂ ਬੈਂਕਿੰਗ ਆਊਟਲੈੱਟਾਂ ਦਾ ਉਦਘਾਟਨ ਇਨ੍ਹਾਂ ਖੇਤਰਾਂ ਲਈ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ।

## ਮਾਤਾ ਸ਼ਾਰਦਾ ਦੇਵੀ ਦੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੱਤਰਕਾਰ ਹਰਿੰਦਰ ਬੱਲੀ ਤੇ ਦਵਿੰਦਰ ਕਾਲਾ ਕੈਨੇਡਾ ਦੇ ਮਾਤਾ ਸ਼ਾਰਦਾ ਦੇਵੀ, ਡਾ. ਸੌਰਵ ਸ਼ਰਮਾ ਬਰਨਾਲਾ ਦੇ ਦਾਦੀ, ਪੱਤਰਕਾਰ ਤੇ ਫਤਿਹ ਗਰੁੱਪ ਦੇ ਸਹਾਇਕ ਡਾਇਰੈਕਟਰ ਹਰਪ੍ਰੀਤ ਹੈਪੀ ਦੇ ਨਾਨੀ, ਉਦਯੋਗਪਤੀ ਗੁਰਤੇਜ ਸ਼ਰਮਾ ਦੇ ਮਾਸੀ, ਤਹਿਸੀਲਦਾਰ ਬਰਨਾਲਾ ਦੇ ਸਾਬਕਾ ਰੀਡਰ ਓਮ ਪ੍ਰਕਾਸ਼ ਸ਼ਰਮਾ ਦੇ ਸੱਸ ਮਾਂ, ਮਾਤਾ ਨੈਣਾ ਦੇਵੀ ਲੰਗਰ ਕਮੇਟੀ ਦੇ ਆਗੂਆਂ ਸੱਤਪਾਲ ਸ਼ਰਮਾ, ਓਮ ਪ੍ਰਕਾਸ਼ ਬਰਨਾਲਾ ਤੇ ਦਰਸ਼ਨ ਘੰਡਾਬੰਨਾ ਦੇ ਮਾਸੀ ਸ਼ਾਰਦਾ ਦੇਵੀ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ।ਉਨ੍ਹਾਂ ਨਾਲ ਵੱਖ ਵੱਖ ਰਾਜਨੀਤਕ ਆਗੂਆਂ, ਸੰਸਥਾਵਾਂ ਤੇ ਸ਼ਹਿਰੀਆਂ ਨੇ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

ਵਿਧਾਨ ਸਭਾ ਹਲਕਾ ਸੰਗਰੂਰ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ, ਫਰੀਦਕੋਟ ਹਲਕੇ ਤੋਂ ਕਰਮਜੀਤ ਸਿੰਘ ਅਨਮੋਲ, ਬੀਬਾ ਅਮਰਜੀਤ ਕੌਰ ਸਾਹੋਕੇ, ਵਿਧਾਇਕ ਬਲਕਾਰ ਸਿੰਘ ਸਿੱਧੂ, ਬਠਿੰਡਾ ਤੋਂ ਆਪ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ, ਭਾਜਪਾ ਉਮੀਦਵਾਰ ਪਰਮਪਾਲ ਕੌਰ ਸਿੱਧੂ, ਭਾਜਪਾ ਆਗੂ ਗੁਰਪ੍ਰੀਤ ਸਿੰਘ ਮਲੂਕਾ, ਕਾਂਗਰਸ ਵੱਲੋਂ ਪਾਰਟੀ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਇਕਬਾਲ ਸਿੰਘ ਬੁੱਟਰ, 'ਆਪ' ਆਗੂ ਪ੍ਰੇਮ ਕੁਮਾਰ ਬਰਨਾਲਾ, ਆਸਟ੍ਰੇਲੀਆ ਤੋਂ ਹਰਚਰਨ ਸਿੰਘ ਚੰਨਾ, ਕੈਨੇਡਾ ਤੋਂ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ, ਟਰੇਡ ਯੂਨੀਅਨ ਆਗੂ ਗੁਰਮੀਤ ਸੁਖਪੁਰਾ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਸੂਬਾ ਆਗੂਆਂ ਮਨਜੀਤ ਸਿੰਘ ਧਨੇਰ, ਗੁਰਦੀਪ ਸਿੰਘ ਰਾਮਪੁਰਾ ਤੇ ਬਲਵਿੰਦਰ ਸਿੰਘ ਫੌਜੀ ਜੇਠੂਕੇ, ਇਨਕਲਾਬੀ ਕੇਂਦਰ ਦੇ ਸੂਬਾ ਪ੍ਰਧਾਨ ਕਾਮਰੇਡ ਨਰਾਇਣ ਦੱਤ ਤੇ ਜਗਜੀਤ ਸਿੰਘ ਲਹਿਰਾ ਮੁਹੱਬਤ, ਫਤਿਹ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਐੱਸ. ਐੱਸ. ਚੱਠਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਬਠਿੰਡਾ ਪ੍ਰਧਾਨ ਜਗਤਾਰ ਸਿੰਘ ਫੂਲ, ਪੁਨਰਜੋਤੀ ਸੁਸਾਇਟੀ ਦੇ ਰਾਕੇਸ਼ ਤਾਇਲ, ਅਰੋੜ ਵੰਸ਼ ਸਭਾ ਦੇ ਅਸ਼ੋਕ ਅਰੋੜਾ, ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਜੌੜਾ ਤੇ ਜਨਰਲ ਸਕੱਤਰ ਗੁਰਨੈਬ ਸਿੰਘ ਸਿੱਧੂ ਅਤੇ ਅਕਾਲੀ ਆਗੂ ਸੁਰਿੰਦਰ ਜੌੜਾ ਨੇ ਸ਼ਰਮਾ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕਰਦਿਆਂ ਪਰਿਵਾਰ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕੀਤਾ ਹੈ।ਪਰਿਵਾਰ ਨੇ ਦੱਸਿਆ ਕਿ ਦੋ ਜੂਨ ਨੂੰ ਗੁਰਦਵਾਰਾ ਸਾਹਿਬ ਪ੍ਰਗਟਸਰ ਬਰਨਾਲਾ ਵਿਖੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਇਕਾਈਆਂ ਦੀ ਚੋਣ

**ਮੋਗਾ (ਇਕਬਾਲ ਸਿੰਘ ਖਹਿਰਾ)**

ਕਿਰਤੀ ਕਿਸਾਨ ਯੂਨੀਅਨ ਵੱਲੋਂ ਬਲਾਕ ਮੋਗਾ-2 ਦੇ ਪਿੰਡ ਡਗਰੂ ਤੇ ਕਾਹਨ ਸਿੰਘ ਵਾਲਾ ਵਿਖੇ ਪਿੰਡ ਇਕਾਈਆਂ ਦੀ ਚੋਣ ਕੀਤੀ ਗਈ। ਇਹ ਚੋਣ ਯੂਥ ਕਨਵੀਨਰ ਤੀਰਥਵਿੰਦਰ ਸਿੰਘ ਘੱਲ ਕਲਾਂ ਤੇ ਬਲਾਕ ਪ੍ਰਧਾਨ ਮੁਖਤਿਆਰ ਸਿੰਘ ਕਾਹਨ ਸਿੰਘ ਵਾਲਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕਾ ਯੂਥ ਕਨਵੀਨਰ ਨੇ ਜਾਣਕਾਰੀ ਦਿੰਦੇ ਦਸਿਆ ਕਿ ਪਿੰਡ-ਪਿੰਡ ਜਾ ਕੇ ਨਵੀਆਂ ਕਮੇਟੀਆਂ ਦੀ ਚੋਣ ਕੀਤੀ ਜਾ ਰਹੀ ਹੈ ਅਤੇ ਇਲਾਕੇ ਵਿੱਚ ਨਹਿਰੀ ਪਾਣੀ ਮੰਗ ਨੂੰ ਲੈ ਕੇ ਸੰਘਰਸ਼ ਨੂੰ ਸ਼ੁਰੂ ਕਰਨ ਲਈ ਲਾਮਬੰਦੀ ਕੀਤੀ ਜਾ ਰਹੀ ਹੈ, ਕਿਉਂਕਿ ਮੋਗਾ 2 ਬਲਾਕ ਕਿੰਗਵਾਹ ਰਜਬਾਹਾ ਦੀਆ ਟੇਲਾ ਉਪਰ ਪੈਂਦਾ ਹੈ ਜੋ ਰਜਬਾਹਾ ਪਿਛਲੇ 8 ਮਹੀਨੇ ਤੋ ਸੁੱਕਾ ਪਿਆ ਹੋਇਆ ਹੈ। ਪੰਜਾਬ ਦੇ ਸੰਚਾਈ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਸਰਕਾਰ ਦੀ ਸ਼ਹਿ ਤੇ ਨਹਿਰੀ ਪਟਵਾਰੀਆਂ ਨੂੰ 100% ਨਹਿਰੀ ਸੰਚਾਈ ਦੀਆ ਗਰਦਾਵਰੀਆ ਪੇਸ਼ ਕਰਨ ਲਈ ਮਜਬੂਰ ਕਰ ਰਿਹਾ ਹੈ, ਜੋ ਕਿ ਹਲਾਤਾ ਅਨੁਸਾਰ ਸਿਰਫ਼ 20% ਰਕਬੇ ਨੂੰ ਕੇਵਲ ਝੋਨੇ ਦੇ ਸੀਜਨ ਵਿੱਚ ਹੀ ਪਾਣੀ ਪਹੁੰਚਦਾ ਹੈ, ਜਿਸ ਕਰਕੇ ਨਹਿਰੀ ਪਟਵਾਰੀਆ ਨੇ ਗਲਤ ਗਰਦਾਵਰੀ ਬਣਾਉਣ ਦੀ ਬਜਾਏ ਪੂਰੇ ਸੂਬੇ ਵਿੱਚੋ ਕਲਮ ਛੱਡੋ ਹੜਤਾਲ ਕੀਤੀ ਹੋਈ ਹੈ। ਇਸ ਹੜਤਾਲ ਦੀ ਕਿਰਤੀ ਕਿਸਾਨ ਯੂਨੀਅਨ ਹਮਾਇਤ ਕਰ ਰਹੀ ਹੈ। ਨਹਿਰੀ ਪਾਣੀ ਦੀ ਮੰਗ ਨੂੰ ਲੈ ਕੇ ਪਿੰਡ-ਪਿੰਡ ਮੀਟਿੰਗ ਕਰਕੇ ਸੰਘਰਸ਼ ਦੀ ਰੂਪ ਰੇਖਾ 'ਤੇ ਵਿਚਾਰ ਕੀਤੀ ਜਾ ਰਹੀ ਹੈ। ਇਸ ਮੌਕੇ ਸੁਖਮੰਦਰ ਸਿੰਘ ਨੂੰ ਪਿੰਡ ਕਾਹਨ ਸਿੰਘ ਵਾਲਾ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਤੇ ਬਲਜੀਤ ਸਿੰਘ ਤਾਰਾ ਨੂੰ ਪਿੰਡ ਡਗਰੂ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਵਿੱਚ ਲਖਵੀਰ ਸਿੰਘ ਬਲਾਕ ਖਜ਼ਾਨਚੀ, ਕੁਲਦੀਪ ਸਿੰਘ ਖੁਖਰਾਣਾ ਬਲਾਕ ਮੀਤ ਪ੍ਰਧਾਨ ਆਦਿ ਹਾਜ਼ਰ ਹੋਏ।



# ਪੰਜ ਪੀਰ ਦਰਬਾਰ ਭੱਟੀਆਂ ਵਿਖੇ ਸਾਲਾਨਾ ਮੇਲਾ ਤੇ ਭੰਡਾਰਾ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਸਥਾਨਕ ਕੁਹਾੜਾ ਸੜਕ 'ਤੇ ਸਥਿਤ ਪਿੰਡ ਭੱਟੀਆਂ ਵਿਖੇ ਪੰਜ ਪੀਰਾਂ ਦੀ ਦਰਗਾਹ ਮੀਆਂ ਤੱਕੀਆ ਵਿਖੇ ਸਾਲਾਨਾ ਮੇਲਾ ਤੇ ਭੰਡਾਰਾ ਕਰਵਾਇਆ ਗਿਆ ਅਤੇ ਉਸ ਤੋਂ ਅਗਲੇ ਦਿਨ ਸਾਈਂ ਪੂਰਨ ਸ਼ਾਹ ਜੀ ਕਾਦਰੀ ਦੀ ਬਾਰਵੀਂ ਬਰਸੀ ਮਨਾਈ ਗਈ, ਜਿਸ ਵਿੱਚ ਪੰਜਾਬ ਭਰ ਦੇ ਕੱਵਾਲ ਤੇ ਸੂਫੀ ਗਾਇਕਾਂ ਨੇ ਆਪਣੀ ਗਾਇਕੀ ਦੇ ਜੌਹਰ ਪੇਸ਼ ਕੀਤੇ।ਇਸ ਸਬੰਧੀ ਗੱਦੀ ਨਸ਼ੀਨ ਸੁਰਿੰਦਰ ਕਾਦਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੱਡੀ ਪੱਧਰ 'ਤੇ ਸਾਲਾਨਾ ਭੰਡਾਰਾ ਤੇ ਮੇਲਾ ਕਰਵਾਇਆ ਗਿਆ, ਜਿਸ ਵਿੱਚ ਹਜ਼ਾਰਾਂ ਸ਼ਰਧਾਲੂਆਂ ਨੇ ਨੱਤ ਮਸਤਕ ਹੁੰਦਿਆਂ ਪੰਜ ਪੀਰੀ ਦਰਬਾਰ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ।ਪੰਜਾਬ ਦੇ ਪ੍ਰਸਿੱਧ ਕੱਵਾਲ ਬਿੰਦਰ ਕੱਵਾਲ ਤੇ ਮੁਨੱਬਰ ਅਲੀ ਮਲੇਰਕੋਟਲਾ ਨੇ ਕੱਵਾਲੀਆਂ ਰਾਹੀਂ ਦਰਸ਼ਕਾਂ ਨੂੰ ਮੰਤਰ ਮੁਗਦ ਕੀਤਾ।ਉਪਰੰਤ ਪੰਜਾਬ ਦੇ ਪ੍ਰਸਿੱਧ ਗਾਇਕਾਂ ਨੇ ਸੂਫੀਆਨਾ ਰੰਗ ਬੰਨ੍ਹਦਿਆਂ ਆਪਣੀ ਕਲਾ ਦੇ ਜੌਹਰ ਦਿਖਾਏ।ਗਾਇਕੀ ਦੇ ਖੇਤਰ ਵਿੱਚ ਮਾਛੀਵਾੜਾ ਸਾਹਿਬ ਤੋਂ ਆਪਣੀ ਪਹਿਲੀ ਸਟੇਜ ਕਰਦਿਆਂ ਰਾਜਦੀਪ ਅਲਬੇਲਾ ਨੇ ਦਰਸ਼ਕਾਂ ਨੂੰ ਝੂਮਣ ਲਾਇਆ।ਸੰਗਤਾਂ ਲਈ ਸਾਰਾ ਦਿਨ ਅਟੁੱਟ ਲੰਗਰ ਵੀ ਵਰਤਾਇਆ ਗਿਆ।

### ਰਾਜਦੀਪ ਅਲਬੇਲਾ ਸਮੇਤ ਗਾਇਕਾਂ ਨੇ ਬੰਨ੍ਹਿਆ ਸੂਫੀਆਨਾ ਰੰਗ



# ਹਲਕਾ ਫ਼ਿਰੋਜ਼ਪੁਰ ਦਿਹਾਤੀ ਵਿਖੇ ਸਹਾਇਕ ਰਿਟਰਨਿੰਗ ਅਫਸਰ ਵੱਲੋਂ ਵਲੰਟੀਅਰ ਸਨਮਾਨਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਭਾਰਤ ਚੋਣ ਕਮਿਸ਼ਨ ਤੇ ਮੁੱਖ ਚੋਣ ਅਫਸਰ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਆਈਏਐੱਸ ਦੀ ਅਗਵਾਈ ਵਿੱਚ ਲੋਕ ਸਭਾ ਚੋਣਾ 2024 ਵਿੱਚ ਜ਼ਿਲ੍ਹੇ ਭਰ ਵਿੱਚ ਵੋਟਰਾਂ ਦੀ ਸਹੂਲਤ ਲਈ ਅਨੇਕਾਂ ਉਪਰਾਲੇ ਕੀਤੇ ਗਏ, ਵੋਟ ਪਾਉਣ ਦੇ ਨਾਲ ਨਾਲ ਜਿੱਥੇ ਹਰਿਆਵਲ ਲਹਿਰ ਦਾ ਸੱਦਾ ਦਿੱਤਾ ਗਿਆ, ਉਥੇ ਹੀ ਅੱਜ ਹਲਕਾ ਫਿਰੋਜ਼ਪੁਰ ਦਿਹਾਤੀ ਵਿਖੇ ਰਿਟਰਨਿੰਗ ਅਫਸਰ ਫਿਰੋਜ਼ਪੁਰ ਦਿਹਾਤੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਫਿਰੋਜ਼ਪੁਰ ਨਿਧੀ ਕੁਮੰਦ ਬੰਬਾਹ ਪੀਸੀਐੱਸ ਦੀ ਦੇਖ-ਰੇਖ ਵਿੱਚ ਹਲਕੇ ਵਿੱਚ ਛੇ ਮਾਡਲ ਬੂਥ, ਦੋ ਗ੍ਰੀਨ ਬੂਥ, ਦੋ ਪਿੰਕ ਬੂਥ, ਦੋ ਯੂਵਾ ਸੰਚਾਲਿਤ ਬੂਥ ਤੇ ਦੋ ਪੀ ਡਬਲਯੂ ਡੀ ਸੰਚਾਲਿਤ ਬੂਥ ਬਣਾਏ ਗਏ।ਸਾਰੇ ਹੀ ਆਦਰਸ਼ ਬੂਥਾਂ ਨੂੰ ਵਿਆਹ ਵਾਂਗ ਸਜਾਇਆ ਗਿਆ, ਜਿੱਥੇ ਵੋਟਰਾਂ ਦਾ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ, ਉੱਥੇ ਹੀ ਹਰੇਕ ਬੂਥ 'ਤੇ ਚਾਹ-ਪਾਣੀ, ਲੰਗਰ ਆਦਿ ਦੀ ਵਿਵਸਥਾ ਕੀਤੀ ਗਈ।ਇਲੈਕਸ਼ਨ ਸੈੱਲ ਇੰਚਾਰਜ ਜਸਵੰਤ ਸੈਣੀ ਤੇ ਸਵੀਪ ਕੋਆਰਡੀਨੇਟਰ ਕਮਲ ਸ਼ਰਮਾ ਨੇ ਵੋਟਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਾ ਆਵੇ, ਇਸ ਮੰਤਵ ਲਈ ਬੀ ਐੱਲ ਓ ਦੁਆਰਾ ਸਪੈਸ਼ਲ ਹੈਲਪ-ਡੈਸਕ ਲਗਾਇਆ ਗਿਆ।ਏਡੀਸੀ ਨਿਧੀ ਕੁਮੰਦ ਬੰਬਾਹ ਤੇ ਸਹਾਇਕ ਰਿਟਰਨਿੰਗ ਅਫ਼ਸਰ-1 ਕਮ ਡੀਡੀਪੀਓ ਜਸਵੰਤ ਸਿੰਘ ਬੜੈਚ ਵੱਲੋਂ ਬੂਥਾਂ 'ਤੇ ਸ਼ਾਨਦਾਰ ਸੇਵਾਵਾ ਨਿਭਾਅ ਰਹੇ ਵਲੰਟੀਅਰ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਤੇ ਬੈਚ ਦੇ ਕੇ ਸਨਮਾਨਤ ਕੀਤਾ ਗਿਆ।ਨਵੇਂ ਵੋਟਰ, ਪੀ ਡਬਲਯੂ ਡੀ ਵੋਟਰ ਤੇ ਬਜ਼ੁਰਗ ਵੋਟਰਾਂ ਨੂੰ ਵੀ ਬੈਜ਼ ਲਗਾ ਕੇ ਅਤੇ ਸਰਟੀਫ਼ਿਕੇਟ ਦੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਹਾਇਕ ਰਿਟਰਨਿੰਗ ਅਫਸਰ-2 ਹਰਕੀਤ ਸਿੰਘ, ਚੋਣ ਤਹਿਸੀਲਦਾਰ ਚਾਂਦ ਪ੍ਰਕਾਸ਼, ਚੋਣ ਕਾਨੂੰਗੋ ਗਗਨਦੀਪ, ਸਹਾਇਕ ਸਵੀਪ ਕੋਆਰਡੀਨੇਟਰ ਚਰਨਜੀਤ ਸਿੰਘ, ਸਹਾਇਕ ਇਲੈਕਸ਼ਨ ਸੈੱਲ ਇੰਚਾਰਜ ਅੰਗਰੇਜ਼ ਸਿੰਘ, ਸੁਖਚੈਨ ਸਿੰਘ, ਪ੍ਰਿੰਸੀਪਾਲ ਸੰਜੀਵ ਟੰਡਨ, ਅਤਰ ਸਿੰਘ ਗਿੱਲ, ਸੰਦੀਪ ਟੰਡਨ, ਨਰੇਸ਼ ਸਵਾਮੀ ਆਦਿ ਹਾਜ਼ਰ ਸਨ।

### ਹਲਕੇ 'ਚ ਬਣਾਏ ਮਾਡਲ ਬੂਥਾਂ, ਪਿੰਕ ਬੂਥਾਂ ਦੀ ਵੋਟਰਾਂ ਨੇ ਕੀਤੀ ਪ੍ਰਸ਼ੰਸਾ



# ਤੰਬਾਕੂ ਸੇਵਨ ਨਾਲ ਵਿਅਕਤੀ ਕੈਂਸਰ ਦਾ ਸ਼ਿਕਾਰ ਹੋ ਸਕਦੈ : ਡਾ. ਗੌਤਮਬੀਰ ਸੋਢੀ



**ਮੋਗਾ (ਇਕਬਾਲ ਸਿੰਘ ਖਹਿਰਾ)**

ਸਿਵਲ ਸਰਜਨ ਮੋਗਾ ਡਾ. ਰਾਜੇਸ਼ ਅੱਤਰੀ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਜ਼ਿਲ੍ਹੇ ਅੰਦਰ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ, ਜਿਸ ਦੌਰਾਨ ਲੋਕਾ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾਕਟਰ ਗੌਤਮ ਬੀਰ ਸੋਢੀ ਕਿ ਤੰਬਾਕੂ ਸੇਵਨ ਕਰਨ ਨਾਲ ਵਿਅਕਤੀ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਸਕਦਾ ਹੈ। ਇਸ ਲਈ ਤੰਬਾਕੂ ਸੇਵਨ ਨਾ ਕੀਤਾ ਜਾਵੇ। ਡਾਕਟਰ ਚਰਨਪ੍ਰੀਤ ਮਾਨਸਿਕ ਤੇ ਦਿਮਾਗੀ ਰੋਗਾਂ ਦੇ ਮਾਹਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਥੀਮ 'ਬੱਚਿਆਂ ਨੂੰ ਤੰਬਾਕੂ ਉਦਯੋਗ ਦੇ ਦਖਲ ਤੋਂ ਬਚਾਉਣਾ' ਹੈ, ਇਸ ਸਾਲ ਦੇ ਥੀਮ ਦਾ ਉਦੇਸ਼ ਨੌਜਵਾਨਾਂ ਦੀ ਸੁਰੱਖਿਆ ਕਰਨਾ ਹੈ ਅਤੇ ਤੰਬਾਕੂ ਉਦਯੋਗ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨੌਜਵਾਨ ਆਬਾਦੀ ਨੂੰ ਉਨ੍ਹਾਂ ਦੀ ਸਿਹਤ ਲਈ ਨੁਕਸਾਨਦੇਹ ਉਤਪਾਦਾਂ ਨਾਲ ਨਿਸ਼ਾਨਾ ਬਣਾਉਣਾ ਬੰਦ ਕਰੇ। ਇਸ ਮੌਕੇ ਡਾ. ਸੁਖਪ੍ਰੀਤ ਬਰਾੜ ਐੱਸ.ਐੱਮ.ਓ. ਦੀ ਅਗਵਾਈ 'ਚ ਡਾ: ਗੌਤਮ ਬੀਰ ਸੋਢੀ ਡੈਂਟਲ ਸਰਜਨ, ਡਾ: ਅਜੈ ਖੁਰਾਣਾ ਮੈਡੀਕਲ ਅਫ਼ਸਰ ਸਕੂਲ ਹੈਲਥ ਡੀ ਕੋਆਰਡੀਨੇਸ਼ਨ ਚੌਧਰੀ, ਕੌਂਸਲਰ ਪੂਜਾ ਰਿਸ਼ੀ, ਕਾਊਂਸਲਰ ਮਨਪ੍ਰੀਤ ਕੌਰ ਨੇ ਲੋਕਾ ਨੂੰ ਜਾਗਰੂਕ ਤੰਬਾਕੂ ਦੇ ਮਾੜੇ ਪਰਭਾਵ ਦੇ ਬਾਰੇ ਜਾਗਰੂਕ ਕੀਤਾ।

## ਕੁੱਟਮਾਰ ਕਰਨ ਦੇ ਦੋਸ਼ 'ਚ 5 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਤੇ ਉਸ ਦੇ ਦੋਸਤ ਦੀ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 5 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਿਵਮ ਪੁੱਤਰ ਅਰੁਨ ਕੁਮਾਰ ਵਾਸੀ ਕੂਚਾ ਸੋਢੀ ਇੰਦਰ ਸਿੰਘ ਮੁਹੱਲਾ ਧਰਮਪੁਰਾ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਦੋਸਤ ਸੂਰਜ ਤੇ ਗੌਰਵ ਨਾਲ ਰਾਣਾ ਸੋਢੀ ਦੀ ਕੋਠੀ ਤੋਂ ਆ ਰਹੇ ਸੀ ਤਾਂ ਜਦ ਉਹ ਬਸਤੀ ਭੱਟੀਆਂ ਵਾਲੀ ਸਿਟੀ ਫਿਰੋਜ਼ਪੁਰ ਪਾਸ ਪੁੱਜੇ ਤਾਂ ਉਹ ਗੱਡੀ ਰੋਕ ਕੇ ਉੱਤਰ ਗਏ ਤੇ ਉਸ ਦਾ ਦੋਸਤ ਸੂਰਜ ਗੁਲਜ਼ਾਰੀ ਲਾਲ ਪੁੱਤਰ ਰਾਮ ਚੰਦ ਵਾਸੀ ਅਹਾਤਾ ਤਾਜਦੀਨ ਬਸਤੀ ਭੱਟੀਆਂ ਵਾਲੀ ਸਿਟੀ ਫਿਰੋਜ਼ਪੁਰ ਦੇ ਘਰੋਂ ਐਕਟਿਵਾ ਲੈਣ ਲਈ ਜਾ ਰਹੇ ਸੀ ਤਾਂ ਅੱਗੇ ਗਲੀ ਵਿੱਚ ਦੋਸ਼ੀਆਨ ਪ੍ਰੀਤ ਪੁੱਤਰ ਮਦਨ ਲਾਲ, ਰੋਹਿਤ, ਇੱਕ ਹੋਰ ਲੜਕਾ ਵਾਸੀਅਨ ਬਾਨੋ ਵਾਲਾ ਵਿਹੜਾ ਦਾਖਲੀ ਬਸਤੀ ਭੱਟੀਆਂ ਵਾਲੀ ਅਤੇ 2 ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦਾ ਰਸਤਾ ਰੋਕ ਕੇ ਤੇ ਘੇਰ ਕੇ ਉਨ੍ਹਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਸ਼ਿਵਮ ਨੇ ਦੱਸਿਆ ਕਿ ਦੋਸ਼ੀ ਪ੍ਰੀਤ ਨੇ ਆਪਣੇ ਹੱਥ ਵਿੱਚ ਪਾਇਆ ਵੱਡਾ ਕੜਾ ਉਸ ਦੇ ਮੂੰਹ 'ਤੇ ਮਾਰਿਆ, ਜਿਸ ਨਾਲ ਉਸ ਦੇ ਬੁੱਲ੍ਹ ਪਾਟ ਗਏ। ਜਦ ਉਸ ਨੇ ਰੌਲਾ ਪਾਇਆ ਤਾਂ ਲੋਕਾਂ ਦਾ ਇਕੱਠ ਹੁੰਦਾ ਵੇਖ ਕੇ ਉਹ ਮੌਕੇ ਤੋਂ ਦੌੜ ਗਏ। ਸ਼ਿਵਮ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਅਨਿਲ ਬਾਗੀ ਹਸਪਤਾਲ ਵਿੱਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।



ਲਹਿਰਾ ਮੁਹੱਬਤ ਵਿਖੇ ਕਈ ਸਾਲਾਂ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਵੱਲੋਂ ਵੋਟਿੰਗ ਪਰਚੀਆਂ ਕੱਟਣ ਲਈ ਦੋ ਥਾਵਾਂ 'ਤੇ ਬੂਥ ਲਗਾਏ ਗਏ। ਸਰਕਾਰੀ ਸੈਕੰਡਰੀ ਸਕੂਲ ਨੇੜੇ ਡਾ. ਦਰਸ਼ਨ ਸਮੇਤ ਵਰਕਰ ਤੇ ਫਾਟਕੋਂ ਪਾਰ ਬਸਪਾ ਆਗੂ ਸੱਤਪਾਲ ਸਿੰਘ (ਰਿਟਾ. ਹੋਮਗਾਰਡ) ਤੇ ਹਰਤੇਜ ਸਿੰਘ ਗੋਰਾ ਦੀ ਅਗਵਾਈ 'ਚ ਵੋਟਿੰਗ ਪਰਚੀਆਂ ਦੇਣ ਲਈ ਲਗਾਇਆ ਹੋਇਆ ਬੂਥ। (ਫੋਟੋ ਤੇ ਵੇਰਵਾ : ਭੀਮ ਸੈਨ ਹਦਵਾਰੀਆ)

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੁਰਾਣਾ ਬੱਲੜਵਾਲ ਦਾ ਨੌਜਵਾਨ ਅਮਰੀਕਾ 'ਚ ਲਾਪਤਾ



ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)-ਨਜ਼ਦੀਕੀ ਪਿੰਡ ਪੁਰਾਣਾ ਬੱਲੜਵਾਲ ਪੁਲਸ ਥਾਣਾ ਘੁਮਾਣ ਦੇ ਵਸਨੀਕ ਨੌਜਵਾਨ ਦਾ ਅਮਰੀਕਾ ਵਿੱਚ ਲਾਪਤਾ ਹੋਣ ਦਾ ਸਮਾਂਚਾਰ ਪ੍ਰਾਪਤ ਹੋਇਆ ਹੈ। ਲਾਪਤਾ ਮਲਕੀਤ ਸਿੰਘ ਡਿੰਪਾ ਦੀ ਪਤਨੀ ਕਰਮਜੀਤ ਕੌਰ ਨੇ ਦੱਸਿਆ ਕਿ ਮੇਰਾ ਪਤੀ ਮਲਕੀਤ ਸਿੰਘ 2022 ਵਿੱਚ ਰੋਜ਼ੀ ਰੋਟੀ ਕਮਾਉਣ ਲਈ ਅਮਰੀਕਾ ਗਿਆ ਸੀ ਅਤੇ ਪਿਛਲੇ ਦਸ ਦਿਨਾਂ ਤੋਂ ਉਹ ਅਮਰੀਕਾ ਵਿੱਚ ਲਾਪਤਾ ਹੈ।

ਸਾਡੇ ਨਾਲ ਲਗਭਗ 8::10 ਦਿਨ ਪਹਿਲਾਂ ਗੱਲ ਹੋਈ ਸੀ। ਉਸ ਤੋਂ ਬਾਅਦ ਸਾਡੇ ਨਾਲ ਕੋਈ ਵੀ ਸੰਪਰਕ ਨਹੀਂ ਹੋ ਰਿਹਾ। ਇਸ ਤੋਂ ਇਲਾਵਾ ਪਰਿਵਾਰਕ ਮੈਂਬਰ ਸੂਬੇਦਾਰ ਲਖਵਿੰਦਰ ਸਿੰਘ ਨੇ ਕਿਹਾ ਕਿ ਇਸ ਸਬੰਧੀ ਅਮਰੀਕਾ ਵਿੱਚ ਵੀ ਗੁੰਮ ਹੋਣ ਦੀ ਲਿਖਤੀ ਰਿਪੋਰਟ ਦੇ ਦਿੱਤੀ ਗਈ ਹੈ ਅਤੇ ਪੁਲਸ ਪ੍ਰਸ਼ਾਸਨ ਆਪਣੀ ਕਾਰਵਾਈ ਕਰ ਰਿਹਾ ਹੈ ਪਰ ਇੱਥੇ ਪਰਿਵਾਰ ਵਿੱਚ ਮਲਕੀਤ ਸਿੰਘ ਦੇ ਦੋ ਬੱਚੇ ਪਤਨੀ ਅਤੇ ਹੋਰ ਪਰਿਵਾਰਕ ਮੈਂਬਰਾਂ ਦਾ ਰੋ ਰੋ ਕੇ ਬੁਰਾ ਹਾਲ ਹੈ। ਉਨ੍ਹਾਂ ਕਿਹਾ ਕਿ ਮਲਕੀਤ ਸਿੰਘ ਨੂੰ ਬੜੀ ਮੁਸ਼ਕਲ ਨਾਲ ਪੈਸੇ ਇਕੱਠੇ ਕਰਕੇ ਅਮਰੀਕਾ ਭੇਜਿਆ ਸੀ ਤਾਂ ਜੋ ਪਰਿਵਾਰ ਦੇ ਵਧੀਆ ਦਿਨ ਆ ਜਾਣ ਪਰ ਇਹ ਨਹੀਂ ਸੀ ਪਤਾ ਕਿ ਪਰਿਵਾਰ ਉਪਰ ਐਡਾ ਵੱਡਾ ਦੁੱਖ ਆਣ ਪਵੇਗਾ।ਪਰਿਵਾਰ ਦੀ ਭਾਰਤ ਅਤੇ ਅਮਰੀਕਾ ਦੀ ਸਰਕਾਰ ਨੂੰ ਅਪੀਲ ਲੈ ਕੇ ਮਲਕੀਤ ਸਿੰਘ ਨੂੰ ਜਲਦੀ ਤੋਂ ਜਲਦੀ ਲੱਭ ਕੇ ਪਰਿਵਾਰ ਨਾਲ ਮਿਲਾਇਆ ਜਾਵੇ।

# ਯੂ ਪੀ ਦੇ ਪੀੜਤ ਪਰਿਵਾਰ ਵੱਲੋਂ ਨਬਾਲਗ ਧੀ ਲਈ ਇਨਸਾਫ ਦੀ ਮੰਗ

## * ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ ਇਕ ਹਫਤੇ ਦਾ ਦਿੱਤਾ ਅਲਟੀਮੇਟਮ

ਅੰਮ੍ਰਿਤਸਰ ਮਈ (ਜਸਬੀਰ ਸਿੰਘ ਪੱਟੀ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉੱਤਰ ਪ੍ਰਦੇਸ਼ ਵਿਚ ਜ਼ਿਲ੍ਹਾ ਪੀਲੀਭੀਤ ਨੇੜਲੇ ਪਿੰਡ ਟਿੱਪਰੀਆਂ ਮਝਰਾ ਵਿਖੇ ਇਕ ਗ੍ਰੰਥੀ ਸਿੰਘ ਦੀ ਨਬਾਲਗ ਧੀ ਦੇ ਅਗਵਾਕਾਰ ਦੀ ਗ੍ਰਿਫਤਾਰੀ ਵਿਚ ਪੁਲਸ ਦੀ ਢਿੱਲਮੱਠ ਤੇ ਸਖ਼ਤ ਨੋਟਿਸ ਲੈਂਦਿਆਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ ਇਕ ਹਫਤੇ ਦਾ ਅਲਟੀਮੇਟਮ ਦਿੰਦਿਆਂ ਆਖਿਆ ਕਿ ਜੇਕਰ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਸਿੱਖ ਸੰਗਤਾਂ ਨੂੰ ਆਪਣੇ ਪੱਧਰ 'ਤੇ ਵੱਡੀ ਅਤੇ ਸਖ਼ਤ ਕਾਰਵਾਈ ਲਈ ਮਜਬੂਰ ਹੋਣਾ ਪਵੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਗੁਰਦੁਆਰਾ ਸਾਹਿਬ ਪਿੰਡ ਟਿੱਪਰੀਆਂ ਮਝਰਾ ਤਹਿਸੀਲ ਪੂਰਨਪੁਰ, ਜ਼ਿਲ੍ਹਾ ਪੀਲੀਭੀਤ ਉੱਤਰ ਪ੍ਰਦੇਸ਼ ਦੇ ਗ੍ਰੰਥੀ ਸਿੰਘ ਦੀ 13 ਸਾਲਾ ਬੱਚੀ ਨੂੰ ਕੁਝ ਵਿਅਕਤੀਆਂ ਵਲੋਂ ਅਗਵਾ ਕਰਕੇ ਉਸ ਨਾਲ ਜਬਰ-ਜਨਾਹ ਕਰਨ ਦੀ ਬੇਹੱਦ ਦੁਖਦਾਈ ਘਟਨਾ ਸਾਹਮਣੇ ਆਈ ਹੈ। ਉਨ੍ਹਾਂ ਦੱਸਿਆ ਕਿ ਪੀੜਤ ਬੱਚੀ ਨੇ ਅਦਾਲਤ ਵਿਚ ਆਪਣੇ ਬਿਆਨਾਂ ਦੌਰਾਨ ਦੋਸ਼ੀਆਂ ਦੀ ਸ਼ਨਾਖਤ ਕੀਤੀ ਹੈ ਪਰ ਉਥੋਂ ਦੀਆਂ ਸੰਗਤਾਂ ਤੋਂ ਪਤਾ ਲੱਗਾ ਹੈ ਕਿ ਸਥਾਨਕ ਪੁਲਸ ਅਧਿਕਾਰੀ ਦੋ ਰਸੂਖਵਾਨ ਦੋਸ਼ੀਆਂ ਦਾ ਪੱਖ ਪੂਰ ਰਹੇ ਹਨ ਅਤੇ ਸ਼ਰ੍ਹੇਆਮ ਆਖ ਰਹੇ ਹਨ ਕਿ ਕਿਸੇ ਵੀ ਸੂਰਤ ਵਿਚ ਉਨ੍ਹਾਂ ਦੇ ਖ਼ਿਲਾਫ ਕੋਈ ਕਾਰਵਾਈ ਨਹੀਂ ਹੋਵੇਗੀ। ਗਿਆਨੀ ਰਘਬੀਰ ਸਿੰਘ ਨੇ ਸਖਤ ਲਹਿਜੇ ਵਿਚ ਆਖਿਆ ਕਿ ਗ੍ਰੰਥੀ ਸਿੰਘ ਤੇ ਉਸ ਦੇ ਪਰਿਵਾਰ ਨਾਲ ਪੂਰੀ ਸਿੱਖ ਕੌਮ ਖੜ੍ਹੀ ਹੈ ਅਤੇ ਉੱਤਰ ਪ੍ਰਦੇਸ਼ ਪੁਲਸ ਤੇ ਸਰਕਾਰ ਨੂੰ ਕਿਸੇ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਤਾਂ ਬੜੇ ਦਾਅਵੇ ਕਰਦੇ ਹਨ ਕਿ ਉਨ੍ਹਾਂ ਦੇ ਰਾਜ ਵਿਚ ਕਿਸੇ ਧੀ-ਭੈਣ ਨਾਲ ਇਕ ਚੌਕ ਵਿਚ ਬਦਸਲੂਕੀ ਕਰਨ ਵਾਲਾ ਅਗਲੇ ਚੌਕ ਵਿਚ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ ਪਰ ਇਕ ਗ੍ਰੰਥੀ ਸਿੰਘ ਦੀ ਨਬਾਲਗ ਧੀ ਦੇ ਅਗਵਾਕਾਰਾਂ ਤੇ ਬਲਾਤਕਾਰੀਆਂ ਦੇ ਖ਼ਿਲਾਫ਼ ਸਰਕਾਰ ਦਾ ਕਾਨੂੰਨ ਕਿੱਥੇ ਚਲਿਆ ਗਿਆ ਹੈ?

ਉਨ੍ਹਾਂ ਕਿਹਾ ਕਿ ਜੇਕਰ ਇਕ ਹਫਤੇ ਦੇ ਅੰਦਰ ਉੱਤਰ ਪ੍ਰਦੇਸ਼ ਪੁਲਸ ਨੇ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਸਿੱਖ ਸੰਗਤਾਂ ਗ੍ਰੰਥੀ ਸਿੰਘ ਤੇ ਉਸ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਆਪਣੇ ਪੱਧਰ ਤੇ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਹੋਣਗੀਆਂ ਅਤੇ ਜੇਕਰ ਲੋੜ ਪਈ ਤਾਂ ਇਨਸਾਫ ਲੈਣ ਦੀ ਅਗਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਖੁਦ ਕਰਨ ਤੋਂ ਵੀ ਗੁਰੇਜ਼ ਨਹੀਂ ਕਰਨਗੇ ਅਤੇ ਨਿਕਲਣ ਵਾਲੇ ਸਾਰੇ ਸਿੱਟਿਆਂ ਦੀ ਜ਼ਿੰਮੇਵਾਰ ਉੱਤਰ ਪ੍ਰਦੇਸ਼ ਸਰਕਾਰ ਖੁਦ ਹੋਵੇਗੀ।

# ਚੋਰ ਦਿਨ-ਦਿਹਾੜੇ ਗੱਲੇ 'ਚੋਂ ਹਜ਼ਾਰਾਂ ਦੀ ਨਕਦੀ ਲੈ ਕੇ ਫਰਾਰ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਗੌਰਵ ਸ਼ਰਮਾ ਨੇ ਪੁਲਸ ਚੌਕੀ ਦਿੱਤੀ ਦਰਖਾਸਤ ਵਿਚ ਦੱਸਿਆ ਕਿ ਉਸਦੀ ਤਰਨਤਾਰਨ ਬਾਈਪਾਸ 'ਤੇ ਬਰਤਨਾਂ ਦੀਆਂ ਆਹਮਣੇ-ਸਾਹਮਣੇ ਦੋ ਦੁਕਾਨਾਂ ਹਨ ।31 ਮਈ ਨੂੰ ਦੁਪਹਿਰ ਇਕ ਵਜੇ ਉਨ੍ਹਾਂ ਦੀ 10 ਸਾਲ ਦੀ ਬੇਟੀ ਇਕੱਲੀ ਦੁਕਾਨ 'ਤੇ ਸੀ। ਇਕ ਅਣਪਛਾਤਾ ਵਿਅਕਤੀ ਡੀਲਕਸ ਮੋਟਰਸਾਈਕਲ ਨੰਬਰ ਪੀਬੀ 46 ਏ ਐਚ 1352 'ਤੇ ਉਨ੍ਹਾਂ ਦੀ ਦੁਕਾਨ 'ਤੇ ਆਇਆ ਅਤੇ ਬਰਤਨ ਦਿਖਾਉਣ ਲਈ ਕਿਹਾ । ਗੌਰਵ ਨੇ ਦੱਸਿਆ ਕਿ ਜਦ ਉਸਦੀ ਬੇਟੀ ਦੂਸਰੀ ਦੁਕਾਨ ਤੋਂ ਸਾਮਾਨ ਲੈਣ ਗਈ ਤਾਂ ਗਾਹਕ ਬਣ ਕੇ ਆਇਆ ਵਿਅਕਤੀ ਗੱਲੇ ਵਿੱਚੋਂ 35000 ਦੇ ਕਰੀਬ ਨਕਦੀ ਲੈ ਕੇ ਫਰਾਰ ਹੋ ਗਿਆ ।ਉਪਰੋਕਤ ਸਾਰੀ ਘਟਨਾ ਸੀਸੀਟੀਵੀ ਵਿਚ ਕੈਦ ਹੋ ਗਈ ।ਗੌਰਵ ਸ਼ਰਮਾ ਨੇ ਪੁਲਸ ਕੋਲੋਂ ਮੰਗ ਕੀਤੀ ਕਿ ਦੋਸ਼ੀ ਦੇ ਖਿਲਾਫ ਕਾਰਵਾਈ ਕਰਕੇ ਉਨ੍ਹਾਂ ਦੇ ਪੈਸੇ ਵਾਪਿਸ ਕਰਵਾਏ ਜਾਣ ।ਚੌਕੀ ਇੰਚਾਰਜ ਰਾਜਬੀਰ ਸਿੰਘ ਨੇ ਦੱਸਿਆ ਕਿ ਮੋਟਰਸਾਈਕਲ ਦੇ ਨੰਬਰ ਦੇ ਆਧਾਰ 'ਤੇ ਜਲਦੀ ਹੀ ਦੋਸ਼ੀ ਨੂੰ ਫੜ ਲਿਆ ਜਾਵੇਗਾ।

# ਫਾਇਰਿੰਗ ਦੌਰਾਨ ਇੱਕ ਦੀ ਮੌਤ, ਚਾਰ ਗੰਭੀਰ ਜ਼ਖਮੀ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਅਜਨਾਲਾ ਦੇ ਪਿੰਡ ਲੱਖੋਵਾਲ ਵਿੱਚ ਅਣਪਛਾਤੇ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਵੱਲੋਂ ਹਵੇਲੀ ਵਿੱਚ ਬੈਠੇ ਕੁਝ ਵਿਅਕਤੀਆਂ 'ਤੇ ਕੀਤੀ ਅੰਧਾ-ਧੁੰਦ ਫਾਇਰਿੰਗ ਜਿਸ ਵਿੱਚ ਇੱਕ ਵਿਅਕਤੀ ਦੀਪ ਇੰਦਰ ਸਿੰਘ ਦੀਪੂ ਲੱਖੋਵਾਲੀਆ ਦੀ ਮੌਤ ਹੋ ਗਈ ਹੈ ਅਤੇ ਉਸ ਦੇ ਚਾਰ ਸਾਥੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਹਨ। ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਐੱਸਐੱਸਪੀ ਅੰਮ੍ਰਿਤਸਰ ਦਿਹਾਤੀ ਸਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਦੀਪੂ ਹਵੇਲੀ ਵਿੱਚ ਬੈਠਾ ਸੀ ਤੇ ਕੁਝ ਵਿਅਕਤੀਆਂ ਨਾਲ ਸਲਾਹ ਮਸ਼ਵਰਾ ਕਰ ਰਿਹਾ ਸੀ। ਇੰਨੇ ਵਿੱਚ ਦੋ ਅਣਪਛਾਤੇ ਨਕਾਬਪੋਸ਼ ਵਿਅਕਤੀ ਮੋਟਰਸਾਈਕਲਾਂ 'ਤੇ ਆਏ ਜਿਨ੍ਹਾਂ ਵਲੋਂ ਕੀਤੀ ਅੰਧਾ-ਧੁੰਦ ਫਾਇਰਿੰਗ ਵਿੱਚ ਦੀਪਿੰਦਰ ਸਿੰਘ ਦੀਪੂ ਲੱਖੂਵਾਲੀਆ ਦੀ ਮੌਤ ਹੋ ਗਈ ਜਦਕਿ ਉਸਦੇ ਚਾਰ ਸਾਥੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ।ਉਨ੍ਹਾਂ ਦੱਸਿਆ ਕਿ ਨਕਾਬਪੋਸ਼ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਸਬੰਧੀ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਦੀਪੂ ਆਪਣੇ ਸਾਥੀਆਂ ਨਾਲ ਇਲੈਕਸ਼ਨ ਦੀਆਂ ਤਿਆਰੀਆਂ ਕਰ ਰਿਹਾ ਸੀ ਕਿ ਕਿਸ ਤਰ੍ਹਾਂ ਸਟਾਫ ਨੂੰ ਰੋਟੀ ਖਵਾਉਣੀ ਹੈ ਤੇ ਕਿਸ ਤਰ੍ਹਾਂ ਉਨ੍ਹਾਂ ਦਾ ਰਹਿਣ ਦਾ ਪ੍ਰਬੰਧ ਕਰਨਾ ਹੈ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤਾ ਲੱਗਾ ਹੋਇਆ ਹੈ ਪਰ ਅਸਲਾ ਅਜੇ ਵੀ ਆ ਰਿਹਾ ਹੈ ਤੇ ਲੋਕ ਵਾਰਦਾਤਾਂ ਕਰ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਕੋਲੋਂ ਇਨਸਾਫ ਦੀ ਮੰਗ ਕੀਤੀ ਹੈ।

# ਇਕਬਾਲ ਸਿੰਘ ਰਾਏਚੱਕ ਦਾ ਸੇਵਾ ਮੁਕਤੀ 'ਤੇ ਸਨਮਾਨ



ਡੇਰਾ ਬਾਬਾ ਨਾਨਕ-(ਰਮੇਸ਼ ਸ਼ਰਮਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਇਕਬਾਲ ਸਿੰਘ ਰਾਏਚੱਕ ਦਾ 24 ਸਾਲਾਂ ਦੀ ਵਫਾਦਾਰੀ ਅਤੇ ਤਨਦੇਹੀ ਨਾਲ ਨਿਭਾਈ ਨੌਕਰੀ ਉਪਰੰਤ ਅੱਜ ਸੇਵਾ ਮੁਕਤੀ ਮੌਕੇ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਬਲਜੀਤ ਸਿੰਘ ਤਲਵੰਡੀ ਰਾਮਾਂ ਅਤੇ ਸਮੂਹ ਗੁਰਦੁਆਰਾ ਮੁਲਾਜ਼ਮਾਂ ਸਮੇਤ ਹੋਰਨਾਂ ਵੱਲੋਂ ਪਰਿਵਾਰਕ ਮੈਂਬਰਾਂ ਸਮੇਤ ਸਨਮਾਨ ਕੀਤਾ ਗਿਆ।

ਇਸ ਮੌਕੇ ਸ੍ਰੀ ਸਾਹਿਬ ਅਤੇ ਸਿਰੋਪਾਓ ਭੇਟ ਕਰਦਿਆਂ ਮੈਨੇਜਰ ਬਲਜੀਤ ਸਿੰਘ ਤਲਵੰਡੀ ਰਾਮਾਂ ਨੇ ਕਿਹਾ ਕਿ ਇਕਬਾਲ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਯਮਾਂ ਅਨੁਸਾਰ ਲੰਮਾ ਸਮਾਂ ਤਨਦੇਹੀ ਨਾਲ ਡਿਊਟੀ ਨਿਭਾਈ ਹੈ।

ਇਸ ਮੌਕੇ ਕਾਰ ਸੇਵਾ ਵਾਲੇ ਮਹਾਂਪੁਰਖ ਬਾਬਾ ਸਾਹਿਬ ਸਿੰਘ, ਬਾਬਾ ਬਿਸ਼ਨ ਸਿੰਘ ਪੱਪੂ, ਦਿਲਬਾਗ ਸਿੰਘ ਰਾਏਚੱਕ ਅਕਾਊਟੈਂਟ, ਅਮਰਜੀਤ ਸਿੰਘ ਗੋਰਾਇਆ ਰਿਕਾਰਡ ਕੀਪਰ, ਸੁਖਵਿੰਦਰ ਸਿੰਘ ਖਜਾਨਚੀ, ਜਗਦੀਪ ਸਿੰਘ ਉਪ ਖਜਾਨਚੀ, ਭੁਪਿੰਦਰ ਸਿੰਘ ਸ਼ਾਹਪੁਰ, ਭਾਈ ਗੁਰਮੀਤ ਸਿੰਘ ਰਾਗੀ, ਮਨਪ੍ਰੀਤ ਸਿੰਘ ਦਾਦੂਜੋਧ, ਸੁਖਵਿੰਦਰ ਸਿੰਘ ਦਾਦੂਜੋਧ, ਬਾਬਾ ਨਛੱਤਰ ਸਿੰਘ ਹੈਡ ਗ੍ਰੰਥੀ, ਗੁਰਦੇਵ ਸਿੰਘ ਸਹਾਇਕ ਗ੍ਰੰਥੀ, ਮਨਜਿੰਦਰ ਸਿੰਘ ਜਵੰਦਾ, ਗੁਰਪ੍ਰੀਤ ਸਿੰਘ ਨਿੱਕੋਸਰਾ, ਪ੍ਰਗਟ ਸਿੰਘ ਮੂਲੋਵਾਲੀ, ਭੁਪਿੰਦਰ ਸਿੰਘ ਟਰਪੱਲਾ, ਅੰਮ੍ਰਿਤਪਾਲ ਸਿੰਘ, ਮਲਕੀਤ ਸਿੰਘ, ਹਰਜਿੰਦਰ ਸਿੰਘ ਲਾਲੇਨੰਗਲ ਆਦਿ ਹਾਜ਼ਰ ਸਨ।

# ਉਤਕਰਸ਼ ਸਮਾਲ ਫਾਈਨਾਂਸ ਬੈਂਕ ਦੇ 900ਵੇਂ ਬੈਂਕਿੰਗ ਆਊਟਲੈੱਟ ਦਾ ਸ਼ਾਨਦਾਰ ਉਦਘਾਟਨ

**ਲੁਧਿਆਣਾ** : ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਿਟਿਡ ਨੇ ਖੁੰਟੀ, ਰਾਂਚੀ, ਝਾਰਖੰਡ ਵਿਖੇ ਬੈਂਕ ਦੇ 900ਵੇਂ ਆਊਟਲੈੱਟ ਦੇ ਉਦਘਾਟਨ ਦਾ ਐਲਾਨ ਕੀਤਾ।ਇਹ ਮੀਲ ਪੱਥਰ ਇੱਕ ਵਿਆਪਕ ਵਿਸਤਾਰ ਦਾ ਹਿੱਸਾ ਹੈ, ਜਿਸ ਵਿੱਚ ਅੱਜ ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਵਿੱਚ 7 ਨਵੇਂ ਆਊਟਲੈੱਟ ਖੋਲ੍ਹੇ ਗਏ ਹਨ। ਇਸ ਦੇ ਨਾਲ ਬੈਂਕ ਹੁਣ ਝਾਰਖੰਡ ਵਿੱਚ 81 ਬੈਂਕਿੰਗ ਆਊਟਲੈੱਟ ਅਤੇ ਦੇਸ਼ ਭਰ ਵਿੱਚ ਕੁੱਲ 903 ਆਊਟਲੈਟਸ ਚਲਾ ਰਿਹਾ ਹੈ। ਹੁਣ ਖੁੰਟੀ, ਰਾਂਚੀ ਦੇ ਗਾਹਕ ਬੈਂਕ ਦੇ ਵੱਖ-ਵੱਖ ਉਤਪਾਦਾਂ ਅਤੇ ਸੇਵਾਵਾਂ ਦਾ ਲਾਭ ਲੈ ਸਕਣਗੇ।ਇਨ੍ਹਾਂ ਵਿੱਚ ਬੱਚਤ ਖਾਤਾ, ਚਾਲੂ ਖਾਤਾ, ਫਿਕਸਡ ਡਿਪਾਜ਼ਿਟ, ਆਵਰਤੀ ਡਿਪਾਜ਼ਿਟ ਅਤੇ ਵੱਖ-ਵੱਖ ਕਰਜ਼ੇ ਉਤਪਾਦ ਜਿਵੇਂ ਕਿ ਹੋਮ ਲੋਨ, ਕਾਰੋਬਾਰੀ ਲੋਨ, ਜਾਇਦਾਦ ਦੇ ਖਿਲਾਫ ਲੋਨ, ਕ੍ਰੈਡਿਟ, ਬੀਮਾ, ਅਤੇ ਨਿਵੇਸ਼ ਉਤਪਾਦ ਸ਼ਾਮਲ ਹਨ।ਬੈਂਕ ਦਾ ਵਿਆਪਕ ਬੁਨਿਆਦੀ ਢਾਂਚਾ, ਡਿਜੀਟਲ ਬੈਂਕਿੰਗ ਸਮਰੱਥਾਵਾਂ ਅਤੇ ਨੈੱਟਵਰਕ ਦਾ ਉਦੇਸ਼ ਸੰਪੂਰਨ ਗਾਹਕ ਸੇਵਾ ਪ੍ਰਦਾਨ ਕਰਨਾ ਹੈ।ਵਿਸਤਾਰ 'ਤੇ ਟਿੱਪਣੀ ਕਰਦੇ ਹੋਏ ਉਤਕਰਸ਼ ਸਮਾਲ ਫਾਈਨਾਂਸ ਬੈਂਕ ਲਿਮਿਟਿਡ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਗੋਵਿੰਦ ਸਿੰਘ ਨੇ ਕਿਹਾ ਕਿ ਅੱਜ ਸਾਡੇ ਲਈ ਇੱਕ ਇਤਿਹਾਸਕ ਦਿਨ ਹੈ ਕਿਉਂਕਿ ਅਸੀਂ ਖੁੰਟੀ, ਰਾਂਚੀ, ਝਾਰਖੰਡ ਵਿੱਚ ਬੈਂਕ ਦੇ 900ਵੇਂ ਬੈਂਕਿੰਗ ਆਊਟਲੈੱਟ ਦਾ ਉਦਘਾਟਨ ਕੀਤਾ ਹੈ।

# ਅਮਰਨਾਥ ਯਾਤਰਾ ਦੌਰਾਨ ਲੱਗਣ ਵਾਲੇ ਲੰਗਰ ਭੰਡਾਰੇ ਸਬੰਧੀ ਮੈਂਬਰਾਂ ਦੀ ਵਿਸ਼ਾਲ ਮੀਟਿੰਗ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਅਮਰਨਾਥ ਯਾਤਰਾ 29 ਜੂਨ ਤੋਂ ਸ਼ੁਰੂ ਹੋ ਰਹੀ ਹੈ।ਸ਼ਿਵੋਹਮ ਸੇਵਾ ਮੰਡਲ ਛੇਹਰਟਾ ਅੰਮ੍ਰਿਤਸਰ ਦੀ ਤਰਫੋਂ ਕਠੂਆ ਖਰੋਟ ਮੋੜ ਵਿੱਚ ਅਮਰਨਾਥ ਯਾਤਰੀਆਂ ਦੀ ਸੇਵਾ ਵਿੱਚ 5ਵਾਂ ਵਿਸ਼ਾਲ ਲੰਗਰ ਭੰਡਾਰੇ ਦੇ ਸਬੰਧ ਵਿੱਚ ਇੱਕ ਮੀਟਿੰਗ ਚੇਅਰਮੈਨ ਅਸ਼ੋਕ ਬੇਦੀ ਦੀ ਪ੍ਰਧਾਨਗੀ ਹੇਠ ਮੰਦਰ ਬਾਬਾ ਹਰ ਸਿੰਘ ਮਹਾਰਾਜ ਭਾਉਡੇਵਾਲਾ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਲਗਵਾਈ।ਜਾਣਕਾਰੀ ਦਿੰਦਿਆਂ ਚੇਅਰਮੈਨ ਅਸ਼ੋਕ ਬੇਦੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਿਵ ਭੋਲੇਨਾਥ ਦੀ ਕ੍ਰਿਪਾ ਨਾਲ ਅਮਰਨਾਥ ਯਾਤਰਾ ਲਈ ਕਠੂਆ ਖਰੋਟ ਮੋੜ ਵਿਖੇ ਪੰਜਵਾਂ ਵਿਸ਼ਾਲ ਲੰਗਰ ਭੰਡਾਰਾ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਮਰਨਾਥ ਯਾਤਰਾ 29 ਜੂਨ ਨੂੰ ਸ਼ੁਰੂ ਹੋਵੇਗੀ ਅਤੇ 24 ਜੂਨ ਨੂੰ ਛੇਹਰਟਾ ਮੰਦਿਰ ਬਾਬਾ ਭਾਉਡੇਵਾਲਾ ਤੋਂ ਰਾਸ਼ਨ ਸਮੱਗਰੀ ਦਾ ਟਰੱਕ ਰਵਾਨਾ ਹੋਵੇਗਾ ਅਤੇ 28 ਜੂਨ ਦੀ ਰਾਤ ਨੂੰ ਸ਼ਿਵ ਜਾਗਰਣ ਨਾਲ ਲੰਗਰ ਸ਼ੁਰੂ ਹੋਵੇਗਾ, ਜਿਸ ਦੌਰਾਨ ਪਰਮ ਸੰਤ ਅਦਵੈਤ ਸਵਰੂਪ ਛੇਹਰਟਾ ਤੋਂ ਆਰਤੀ ਕੀਤੀ ਜਾਵੇਗੀ। ਅਸ਼ੋਕ ਬੇਦੀ ਨੇ ਦੱਸਿਆ ਕਿ ਇਸ ਲੰਗਰ ਭੰਡਾਰੇ ਵਿੱਚ ਛੇਹਰਟਾ, ਅੰਮ੍ਰਿਤਸਰ ਅਤੇ ਕਠੂਆ ਦੀਆਂ ਸੁਸਾਇਟੀ ਮੈਂਬਰਾਂ ਅਤੇ ਸੰਗਤਾਂ ਦਾ ਹਮੇਸ਼ਾ ਵਿਸ਼ੇਸ਼ ਸਹਿਯੋਗ ਮਿਲਦਾ ਹੈ।ਉਨ੍ਹਾਂ ਦੱਸਿਆ ਕਿ ਲੰਗਰ ਭੰਡਾਰੇ ਵਾਲੀ ਥਾਂ 'ਤੇ ਤਿਆਰੀਆਂ ਸ਼ੁਰੂ ਹੋ ਗਈਆਂ ਹਨ।ਅਸ਼ੋਕ ਬੇਦੀ ਨੇ ਦੱਸਿਆ ਕਿ ਅਮਰਨਾਥ ਯਾਤਰੀਆਂ ਲਈ ਜਿੱਥੇ ਲੰਗਰ ਭੰਡਾਰੇ ਦਾ ਪ੍ਰਬੰਧ ਕੀਤਾ ਗਿਆ ਹੈ, ਉਥੇ ਠਹਿਰਨ ਅਤੇ ਮੈਡੀਕਲ ਸਹੂਲਤਾਂ ਦਾ ਵੀ ਵਿਸ਼ੇਸ਼ ਪ੍ਰਬੰਧ ਹੋਵੇਗਾ।ਬੱਚਿਆਂ ਲਈ ਦੁੱਧ ਦੀ ਸੇਵਾ ਦੀ ਵਿਸ਼ੇਸ਼ ਸਹੂਲਤ ਹੋਵੇਗੀ।ਇਸ ਮੌਕੇ ਸਮੂਹ ਕਮੇਟੀ ਮੈਂਬਰਾਂ ਨੇ ਸ਼ਿਵ ਭੋਲੇਨਾਥ ਅਤੇ ਮਾਂ ਪਾਰਵਤੀ ਦਾ ਗੁਣਗਾਨ ਕੀਤਾ।ਇਸ ਮੌਕੇ ਪੰਡਿਤ ਰਿਕੇਸ਼ ਦੇਵ , ਡਾ: ਅਸ਼ਵਨੀ ਮਨਨ ਕੋਟ ਖਾਲਸਾ, ਪ੍ਰਧਾਨ ਦੀਪਕ ਬਹਿਲ, ਦੀਪਕ ਭਾਰਦਵਾਜ, ਸੰਦੀਪ ਰਾਮਪਾਲ, ਅਮਨ ਰਾਮਪਾਲ, ਦੀਪਕ ਰਾਮਪਾਲ, ਕੁਲਦੀਪ ਸ਼ਰਮਾ, ਓਮ ਪ੍ਰਕਾਸ਼ ਸ਼ਰਮਾ, ਅਜੇ ਸ਼ਰਮਾ, ਰੋਮੀ, ਵਿਪਨ ਸ਼ੁਕਲਾ, ਰਾਜਕੁਮਾਰ ਬੇਦੀ, ਸੁਸ਼ੀਲ ਕੁਮਾਰ ਸੀਲਾ, ਲਲਿਤ, ਰਮਨ ਰੰਮੀ ਆਦਿ ਹਾਜ਼ਰ ਸਨ।

# ਟਿੱਪਰ ਟਰੱਕ ਦੀ ਸਿੱਧੀ ਟੱਕਰ ਵੱਜਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ

ਮਜੀਠਾ (ਸੋਇਮ ਆਨੰਦ)-ਇਥੇ ਮਜੀਠਾ ਹਰੀਆਂ ਰੋਡ ਤੇ ਇੱਕ ਟਿੱਪਰ ਟਰੱਕ ਦੀ ਸਿੱਧੀ ਟੱਕਰ ਵੱਜਣ ਕਾਰਣ ਇੱਕ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਬੀਤੀ ਦੇਰ ਸ਼ਾਮ ਹਰਦਵਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਫੌਜੀ ਆਪਣੇ ਘਰ ਤੋਂ ਮਜੀਠਾ ਵਿਖੇ ਆਪਣੇ ਕਿਸੇ ਨਜ਼ਦੀਕੀ ਨੂੰ ਆਪਣੇ ਮੋਟਰਸਾਈਕਲ 'ਤੇ ਛੱਡ ਕੇ ਵਾਪਸ ਮਜੀਠਾ ਹਰੀਆਂ ਰੋਡ ਤੇ ਹਰੀਆਂ ਵਾਲੀ ਨਹਿਰ ਦੇ ਪੁਲ ਲਾਗੇ ਆਪਣੇ ਘਰ ਆ ਰਿਹਾ ਸੀ ਕਿ ਸਾਹਮਣੇ ਪਿੰਡ ਹਰੀਆਂ ਵਾਲੇ ਪਾਸੇ ਤੋਂ ਤੇਜ਼ ਰਫਤਾਰ ਨਾਲ ਉਲਟੇ ਹੱਥ ਲੋਡਿਡ ਟਿੱਪਰ ਟਰੱਕ ਸਿੱਧਾ ਉਸ ਦੇ ਮੋਟਰਸਾਈਕਲ ਵਿੱਚ ਜਾ ਵੱਜਾ ਜਿਸ ਕਾਰਣ ਮੋਟਰਸਾਈਕਲ ਸਵਾਰ ਹਰਦਵਿੰਦਰ ਸਿੰਘ ਸੜਕ 'ਤੇ ਡਿੱਗ ਪਿਆ ਅਤੇ ਗੰਭੀਰ ਜ਼ਖਮੀ ਹੋ ਗਿਆ।ਰਾਤ ਦਾ ਹਨੇਰਾ ਹੋਣ ਕਰਕੇ ਟਿੱਪਰ ਟਰੱਕ ਵਾਲਾ ਮੌਕੇ ਤੋਂ ਟਿੱਪਰ ਭਜਾ ਕੇ ਲੈ ਗਿਆ।ਸੜਕ ਹਾਦਸੇ ਦਾ ਪਤਾ ਲੱਗਣ 'ਤੇ ਆਏ ਪਰਿਵਾਰ ਵਾਲਿਆਂ ਨੇ ਹਰਦਵਿੰਦਰ ਸਿੰਘ ਨੂੰ ਮਜੀਠਾ ਵਿਖੇ ਨਿੱਜੀ ਹਸਪਤਾਲ ਵਿਖੇ ਲਿਆਂਦਾ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।ਪੀੜਤ ਪਰਿਵਾਰ ਵੱਲੋਂ ਅਣਪਛਾਤੇ ਟਿੱਪਰ ਦੇ ਡਰਾਈਵਰ ਦੇ ਖਿਲਾਫ ਥਾਣਾ ਮਜੀਠਾ ਵਿਖੇ ਲਿਖਤੀ ਦਰਖਾਸਤ ਦੇ ਕੇ ਉਕਤ ਟਿੱਪਰ ਦੇ ਡਰਾਈਵਰ ਨੂੰ ਕਾਬੂ ਕਰਕੇ ਉਸ ਦੇ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਪਹਿਲੀ ਵਾਰ ਵੋਟ ਪਾਉਣ ਪਹੁੰਚੀ ਸੁਖਪ੍ਰੀਤ ਕੌਰ ਨੂੰ ਦਿੱਤਾ ਪ੍ਰਸ਼ੰਸਾ ਪੱਤਰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਵੇਰੇ ਹੀ ਲੋਕ ਸਭਾ ਦੇ ਲਈ ਕਾਦੀਆ ਵਿੱਚ ਵੋਟਿੰਗ ਸ਼ੁਰੂ ਹੋ ਗਈ।ਸਾਰੇ 18 ਬੂਥਾਂ ਵਿੱਚ ਕੰਮ ਸੁਚਾਰੂ ਰੂਪ ਨਾਲ ਚੱਲਿਆ।ਬੂਥ ਨੰਬਰ 143 ਅਤੇ 144 ਵਿੱਚ ਕੁੱਝ ਦੇਰ ਲਈ ਈਵੀਐੱਮ ਮਸ਼ੀਨਾਂ ਵਿੱਚ ਟੈਕਨੀਕਲ ਖ਼ਰਾਬੀ ਆ ਗਈ ਸੀ ਜਿਸ ਦੇ ਕਾਰਨ ਵੋਟਿੰਗ ਕੁੱਝ ਦੇਰ ਬਾਅਦ ਸ਼ੁਰੂ ਹੋ ਗਈ।ਚੋਣ ਅਧਿਕਾਰੀ ਕਮ ਨਾਇਬ ਤਹਿਸੀਲਦਾਰ ਨੇ ਦੱਸਿਆ ਕਿ ਸ਼ਹਿਰ ਵਿੱਚ ਵੋਟਿੰਗ ਅਮਨ-ਅਮਾਨ ਨਾਲ ਅਤੇ ਸੁਚਾਰੂ ਰੂਪ 'ਚ ਚੱਲੀ।ਪੋਲਿੰਗ ਏਜੰਟ ਅਮਿਤ ਕੁਮਾਰ ਨੇ ਦੱਸਿਆ ਕਿ ਵਾਰਡ 7, ਬੂਥ ਨੰਬਰ 143 ਵਿੱਚ ਈਵੀਐੱਮ ਮਸ਼ੀਨ 'ਚ ਖ਼ਰਾਬੀ ਆਉਣ ਕਾਰਨ ਇੱਥੇ ਪੋਲਿੰਗ 7:40 ਵਜੇ ਸ਼ੁਰੂ ਹੋਈ।ਜਦਕਿ ਬੂਥ ਨੰਬਰ 144 'ਚ 7:35 ਤੇ ਪੋਲਿੰਗ ਸ਼ੁਰੂ ਹੋਈ ਅਤੇ ਇਸੇ ਤਰ੍ਹਾਂ ਹੀ ਕਾਦੀਆਂ ਵਿੱਚ ਬਣੇ ਪੋਲਿੰਗ ਸਟੇਸ਼ਨ 151 ਨੰਬਰ 'ਤੇ ਪਹਿਲੀ ਵਾਰ ਆਪਣੀ ਵੋਟ ਦਾ ਇਸਤਮਾਲ ਕਰਨ ਲਈ ਪਹੁੰਚੀ ਸੁਖਪ੍ਰੀਤ ਕੌਰ ਨੂੰ ਪ੍ਰੀਜ਼ਾਈਡਿੰਗ ਅਫਸਰ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਭਿਆਨਕ ਗਰਮੀ ਦੇ ਬਾਵਜੂਦ ਕਾਦੀਆਂ ਵਿਖੇ ਵੋਟਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਕਾਦੀਆਂ ਦੇ ਸਾਰੇ ਬੂਥਾਂ 'ਤੇ ਪੋਲਿੰਗ ਬਿਨਾਂ ਕਿਸੇ ਰੁਕਾਵਟ ਦੇ ਸੁਚਾਰੂ ਰੂਪ 'ਚ ਹੋਈ।

# ਅਰੁਣਾ ਚੌਧਰੀ ਨੇ ਸਮੇਤ ਪਰਿਵਾਰ ਪਿੰਡ ਅਵਾਂਖਾ ਵਿਖੇ ਕੀਤਾ ਮੱਤਦਾਨ



ਦੀਨਾਨਗਰ (ਸੰਜੀਵ)-ਦੀਨਾਨਗਰ ਹਲਕੇ ਦੀ ਮੌਜੂਦਾ ਵਿਧਾਇਕਾ ਅਰੁਣਾ ਚੌਧਰੀ ਤੇ ਉਨ੍ਹਾਂ ਦੇ ਪਤੀ ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਚੌਧਰੀ ਨੇ ਆਪਣੇ ਪਰਿਵਾਰ ਦੇ ਨਾਲ ਆਪਣੇ ਜੱਦੀ ਪਿੰਡ ਆਵਾਂਖਾ ਵਿੱਚ ਕੀਤਾ ਮਤਦਾਨ। ਉਨ੍ਹਾਂ ਗੱਲ ਬਾਤ ਦੌਰਾਨ ਕਿਹਾ ਕਿ ਜਿਹੜਾ ਹੱਕ ਸਾਨੂੰ ਸਾਡੇ ਸੰਵਿਧਾਨ ਨੇ ਦਿੱਤਾ ਹੈ ਵੋਟ ਪਾਉਣ ਦਾ, ਉਸ ਦੀ ਅਸੀਂ ਅੱਜ ਵਰਤੋਂ ਕੀਤੀ ਹੈ। ਉਨ੍ਹਾਂ ਕਿਹਾ ਕਿ ਕੁੱਝ ਸਾਲਾਂ ਤੋਂ ਸਾਨੂੰ ਕੋਈ ਲੋਕਲ ਐੱਮ ਪੀ ਨਹੀਂ ਮਿਲਿਆ ਜਿਹੜਾ ਕਿ ਸਾਡੇ ਮਸਲੇ ਲੋਕ ਸਭਾ ਵਿੱਚ ਲੈ ਕੇ ਜਾਵੇ। ਉਨ੍ਹਾਂ ਕਿਹਾ ਕਿ ਲੋਕ ਹੁਣ ਸਿਆਣੇ ਹੋ ਚੁੱਕੇ ਹਨ ਅਤੇ ਉਹ ਆਪਣੇ ਮੱਤ ਦਾ ਸਹੀ ਇਸਤੇਮਾਲ ਕਰਕੇ ਇਕ ਅੱਛੇ ਲੀਡਰ ਨੂੰ ਚੁਣਨਗੇ। ਸੁਖਜਿੰਦਰ ਸਿੰਘ ਰੰਧਾਵਾ ਇਕ ਸੁਜਵਾਨ ਨੇਤਾ ਹਨ, ਅਸੀਂ ਉਨ੍ਹਾਂ ਨੂੰ ਜਿਤਾ ਕੇ ਸੈਂਟਰ ਵਿੱਚ ਭੇਜਾਂਗੇ ਤਾਂ ਜੋ ਉਹ ਨਵੇਂ ਪ੍ਰੋਜੈਕਟ ਸਾਡੇ ਇਲਾਕੇ ਵਿੱਚ ਲੈ ਕੇ ਜ਼ਰੂਰ ਆਉਣਗੇ। ਇਸੇ ਤਰ੍ਹਾਂ ਦੀਨਾਨਗਰ ਦੇ ਝੰਡੇਚੱਕ ਪਿੰਡ 'ਚ ਪਿੰਕ ਬੂਥ ਬਣਾਇਆ ਗਿਆ ਜਿਹੜਾ ਕਿ ਅਕਰਸ਼ਣ ਦਾ ਕੇਂਦਰ ਰਿਹਾ। ਦੀਨਾਨਗਰ ਸ਼ਹਿਰ ਦੇ ਵੱਖ-ਵੱਖ ਬੂਥਾਂ 'ਤੇ ਬੜੀ ਸ਼ਾਂਤੀ ਦੇ ਢੰਗ ਨਾਲ ਮਤਦਾਨ ਹੋਇਆ। ਕਿਸੇ ਵੀ ਅਣਸੁਖਾਵੀਂ ਘਟਨਾ ਦੀ ਖ਼ਬਰ ਨਹੀਂ ਮਿਲੀ। ਅਪਾਹਿਜ ਵੋਟਰਾਂ ਵਿੱਚ ਵੀ ਕਾਫੀ ਉਤਸ਼ਾਹ ਦੇਖਿਆ ਗਿਆ।

# ਗਨੀਵ ਕੌਰ ਮਜੀਠੀਆ ਵੱਲੋਂ ਦੁੱਖ ਦਾ ਪ੍ਰਗਟਾਵਾ



ਮਜੀਠਾ (ਸੋਇਮ ਆਨੰਦ)- ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਧਰਮ ਪਤਨੀ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਸੁਰਜੀਤ ਸਿੰਘ ਗਿੱਲ ਦੀ ਮੌਤ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਮਜੀਠਾ ਤੋਂ ਪੱਤਰਕਾਰ ਜਸਪਾਲ ਸਿੰਘ ਗਿੱਲ ਅਤੇ ਐੱਸਡੀਓ ਰਵਿੰਦਰ ਸਿੰਘ ਗਿੱਲ ਦੇ ਪਿਤਾ ਸੁਰਜੀਤ ਸਿੰਘ ਗਿੱਲ ਜਿਹੜੇ ਕਿ ਪਿਛਲੇ ਦਿਨੀਂ ਸੰਖੇਪ ਬਿਮਾਰੀ ਉਪਰੰਤ ਸਵਰਗ ਸਿਧਾਰ ਗਏ ਸਨ ਜਿਸ 'ਤੇ ਗਿੱਲ ਪਰਿਵਾਰ ਨਾਲ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਆਪਣੇ ਅਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਵੀ ਦੁੱਖ ਸਾਂਝਾ ਕੀਤਾ। ਗਨੀਵ ਕੌਰ ਮਜੀਠੀਆ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸੁਰਜੀਤ ਸਿੰਘ ਗਿੱਲ ਬਹੁਤ ਹੀ ਇਮਾਨਦਾਰ ਅਤੇ ਸਾਊ ਸੁਭਾਅ ਦੇ ਮਾਲਕ ਸਨ ਜਿਹੜੇ ਕਿ ਹਮੇਸ਼ਾ ਹੀ ਸਿੱਖ ਪੰਥ ਨੂੰ ਸਮਰਪਿਤ ਰਹੇ ਹਨ।ਉਨ੍ਹਾਂ ਦੀ ਘਾਟ ਹਮੇਸ਼ਾ ਹੀ ਰੜਕਦੀ ਰਹੇਗੀ।ਇਸ ਮੌਕੇ ਉਨ੍ਹਾਂ ਦੇ ਨਾਲ ਮੇਜਰ ਸ਼ਿਵ ਚਰਨ ਸਿੰਘ, ਗਗਨਦੀਪ ਸਿੰਘ ਭਕਨਾ, ਕੁਲਜੀਤ ਸਿੰਘ ਬਰਾੜ, ਬਲਰਾਜ ਸਿੰਘ ਸਾਰੇ ਸਿਆਸੀ ਸਕੱਤਰ ਮਜੀਠੀਆ, ਨਗਰ ਕੌਂਸਲ ਮਜੀਠਾ ਦੇ ਸਾਬਕਾ ਪ੍ਰਧਾਨ ਕੌਂਸਲਰ ਤਰੁਨ ਕੁਮਾਰ ਅਬਰੋਲ, ਸੀਨੀਅਰ ਮੀਤ ਪ੍ਰਧਾਨ ਪ੍ਰਿੰਸ ਨਈਅਰ, ਦੁਰਗਾ ਦਾਸ, ਬਿੱਲਾ ਸ਼ਾਹ ਆੜ੍ਹਤੀਆ, ਅਜੈ ਕੁਮਾਰ ਚੋਪੜਾ, ਨਰੇਸ਼ ਕੁਮਾਰ, ਗੁਰਪ੍ਰੀਤ ਸਿੰਘ ਪਿੰਟੂ, ਸਰਪੰਚ ਮਨਪ੍ਰੀਤ ਸਿੰਘ ਉਪਲ, ਅਨੂਪ ਸਿੰਘ ਸੰਧੂ, ਨਵਨੀਤ ਸਿੰਘ ਜੇ. ਈ., ਹਰਜੀਤ ਸਿੰਘ ਐੱਸਐੱਸਏ, ਰਵਿੰਦਰ ਸਿੰਘ ਮਜੀਠਾ ਜੰਗਲਾਤ ਅਫਸਰ ਸਮੇਤ ਵੱਡੀ ਗਿਣਤੀ ਵਿਚ ਸਨੇਹੀਆਂ ਨੇ ਦੁੱਖ ਸਾਂਝਾ ਕੀਤਾ।

# ਪ੍ਰਤਾਪ ਬਾਜਵਾ ਨੇ ਪਰਵਾਰ ਸਣੇ ਪਾਈ ਵੋਟ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਅੱਜ ਸਿੱਖ ਨੈਸ਼ਨਲ ਕਾਲਜ 'ਚ ਬਣੇ ਬੂਥ ਨੰਬਰ 152 ਵਿੱਚ ਆਪਣੇ ਪਰਵਾਰ ਨਾਲ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਇਸ ਮੌਕੇ ਉਨ੍ਹਾਂ ਦੀ ਪਤਨੀ ਬੀਬੀ ਚਰਨਜੀਤ ਕੌਰ ਬਾਜਵਾ ਸਾਬਕਾ ਐੱਮਐੱਲਏ ਕਾਦੀਆਂ ਅਤੇ ਬੇਟਾ ਬਿਕਰਮ ਪ੍ਰਤਾਪ ਸਿੰਘ ਬਾਜਵਾ ਨੇ ਵੀ ਵੋਟ ਪਾਈ।ਹਲਕਾ ਫ਼ਤਿਹਗੜ੍ਹ ਚੂੜੀਆਂ ਦੇ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸਥਾਨਕ ਬਿਜਲੀ ਘਰ ਵਿੱਚ ਬਣੇ ਬੂਥ 'ਚ ਜਾ ਕੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ। ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਫ਼ਤਿਹ ਜੰਗ ਸਿੰਘ ਬਾਜਵਾ ਨੇ ਆਪਣੀ ਪਤਨੀ ਪ੍ਰੀਤ ਕੌਰ ਬਾਜਵਾ ਦੇ ਨਾਲ ਬੂਥ ਨੰਬਰ 152 'ਚ ਜਾ ਕੇ ਵੋਟ ਪਾਈ।

# ਵੋਟਾਂ ਮੋਦੀ ਨੂੰ ਗੱਦੀਓਂ ਲਾਹੁਣ ਲਈ ਪਾਈਆਂ : ਡਾ. ਅਜਨਾਲਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਵੋਟ ਪਾਉਣ ਉਪਰੰਤ ਉਂਗਲੀ ਤੇ ਨਿਸ਼ਾਨ ਦਿਖਾਉਂਦਿਆਂ ਡਾ. ਸਤਨਾਮ ਸਿੰਘ ਅਜਨਾਲਾ ਪ੍ਰਮੁੱਖ ਆਗੂ ਸੰਯੁਕਤ ਕਿਸਾਨ ਮੋਰਚਾ ਨੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਇਹ ਚੋਣਾਂ ਦੇਸ਼ ਦੇ ਸੰਵਿਧਾਨ, ਲੋਕਤੰਤਰ, ਧਰਮ-ਨਿਰਪੱਖਤਾ ਤੇ ਸੰਘੀ ਢਾਂਚੇ ਨੂੰ ਬਚਾਉਣ ਤੇ ਕਿਸਾਨਾਂ, ਮਜ਼ਦੂਰਾਂ ਤੇ ਹੋਰ ਮਿਹਨਤਕਸ਼ ਲੋਕਾਂ ਦੇ ਮਸਲੇ ਹੱਲ ਕਰਵਾਉਣ ਅਤੇ ਬੇਰੁਜ਼ਗਾਰੀ ਤੇ ਮਹਿੰਗਾਈ ਨੂੰ ਠੱਲ੍ਹ ਪਾਉਣ ਅਤੇ ਮੋਦੀ ਸਰਕਾਰ ਨੂੰ ਗੱਦੀਉਂ ਲਾਹੁਣ ਲਈ ਪਾਈਆਂ ਗਈਆਂ ।ਡਾ. ਅਜਨਾਲਾ ਨੇ ਅਗੇ ਦੱਸਿਆ ਕਿ ਪੰਜਾਬ ਭਰ ਵਿੱਚੋਂ ਹਰੇਕ ਬੂਥ 'ਤੇ ਵੋਟਰ ਬੀਜੇਪੀ ਨੂੰ ਦੰਡਿਤ ਕਰ ਰਹੇ ਹਨ।ਹੁਣ ਤੱਕ ਦੇਸ਼ ਭਰ ਦੇ ਅੰਕੜੇ ਸਾਫ ਦੱਸ ਰਹੇ ਹਨ ਕਿ ਬੀਜੇਪੀ ਦੋ ਸੌ ਦੇ ਅੰਕੜੇ ਦੇ ਲਾਗੇ ਬੰਨੇ ਹੀ ਰਹਿ ਰਹੀ ਹੈ।



*ਗੁਰਦਾਸਪੁਰ-ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ, ਹਲਕਾ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਅਤੇ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਵੋਟ ਪਾਉਣ ਉਪਰੰਤ ਆਪਣੀਆਂ ਉਂਗਲਾਂ 'ਤੇ ਸਿਆਹੀ ਦੇ ਨਿਸ਼ਾਨ ਦਿਖਾਉਂਦੇ ਹੋਏ।(ਤਸਵੀਰ : ਜਨਕ ਮਹਾਜਨ)*



**ਗੁਰਦਾਸਪੁਰ -ਕਿਰਨਦੀਪ ਕੌਰ ਪੁੱਤਰੀ ਬਖ਼ਸ਼ੀਸ਼ ਸਿੰਘ ਵਾਸੀ ਡਾਲਾ ਆਪਣੀ ਵੋਟ ਦਾ ਪਹਿਲੀ ਵਾਰ ਇਸਤੇਮਾਲ ਕਰਨ 'ਤੇ ਮਿਲਿਆ ਪ੍ਰਸ਼ੰਸਾ ਪੱਤਰ ਦਿਖਾਉਂਦੀ ਹੋਈ। (ਤਸਵੀਰ : ਜਨਕ ਮਹਾਜਨ)**

# ਹਾਰ ਦੀ ਬੁਖਲਾਹਟ 'ਚ ਜਾਅਲੀ ਕਾਲਾਂ ਕਰਵਾ ਰਹੀ 'ਆਪ': ਔਜਲਾ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਲੋਕ ਸਭਾ ਚੋਣਾਂ 'ਚ ਦਿਖ ਰਹੀ ਹਾਰ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਹੁਣ ਫਰਜ਼ੀ ਕਾਲਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਇਸ ਸਬੰਧੀ ਸਖ਼ਤ ਕਾਰਵਾਈ ਕਰਦੇ ਹੋਏ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਉਸ ਖ਼ਿਲਾਫ਼ ਐੱਫਆਈਆਰ ਵੀ ਦਰਜ ਕਰਵਾਈ ਜਾਵੇਗੀ।ਗੁਰਜੀਤ ਸਿੰਘ ਔਜਲਾ ਨੇ ਪ੍ਰੈੱਸ ਕਾਨਫਰੰਸ ਰਾਹੀਂ ਕਿਹਾ ਕਿ ਆਮ ਆਦਮੀ ਪਾਰਟੀ ਹੁਣ ਆਪਣੀ ਹਾਰ ਨੂੰ ਦੇਖਦੇ ਹੋਏ ਅਜਿਹੇ ਸਸਤੇ ਹੱਥਕੰਡੇ ਅਪਣਾ ਰਹੀ ਹੈ।ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੁੱਛਣਾ ਚਾਹੁੰਦੇ ਹਨ ਕਿ ਜਦੋਂ ਉਨ੍ਹਾਂ ਲੋਕਾਂ ਦੇ ਹੱਕ ਵਿੱਚ ਕੰਮ ਕਰਨ ਦਾ ਸਮਾਂ ਸੀ ਤਾਂ ਅਜਿਹਾ ਕਿਉਂ ਨਹੀਂ ਕੀਤਾ, ਹੁਣ ਉਨ੍ਹਾਂ ਦੀ ਹਾਰ ਦਾ ਡਰ ਅਜਿਹੀਆਂ ਫਰਜ਼ੀ ਕਾਲਾਂ ਰਾਹੀਂ ਦਿਖਾਈ ਦੇ ਰਿਹਾ ਹੈ।ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਸਮੁੱਚੀਆਂ ਚੋਣਾਂ ਦੌਰਾਨ ਉਨ੍ਹਾਂ ਨੇ ਆਪਣੇ ਕੰਮਾਂ ਰਾਹੀਂ ਹੀ ਵੋਟਾਂ ਮੰਗੀਆਂ ਹਨ ਅਤੇ ਕਦੇ ਵੀ ਅਜਿਹੀ ਘਟੀਆ ਰਾਜਨੀਤੀ ਨਹੀਂ ਕੀਤੀ ਪਰ ਅੱਜ ਜਦੋਂ ਅਜਿਹੇ ਫੋਨ ਆ ਰਹੇ ਹਨ ਤਾਂ ਉਨ੍ਹਾਂ ਅੱਗੇ ਆ ਕੇ ਜਵਾਬ ਦੇਣਾ ਜ਼ਰੂਰੀ ਸਮਝਿਆ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਖੁਦ ਭਾਜਪਾ ਨਾਲ ਹਨ ਅਤੇ ਅਮਿਤ ਸ਼ਾਹ ਨਾਲ ਮਿਲ ਕੇ ਸੱਤਾ ਦਾ ਆਨੰਦ ਮਾਣ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੁਲਸ ਪ੍ਰਸ਼ਾਸਨ ਦੀ ਦੁਰਵਰਤੋਂ ਕਰਕੇ ਲੋਕਾਂ ਨੂੰ ਡਰਾ ਧਮਕਾ ਰਹੀ ਹੈ ਪਰ ਲੋਕਾਂ ਦੇ ਕੰਮਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਜੇਕਰ ਲੋਕਾਂ ਨੇ ਕੰਮ ਕੀਤਾ ਹੁੰਦਾ, ਹਾਰ ਦੇ ਡਰੋਂ ਨਿਗਮ ਚੋਣਾਂ ਨਾ ਰੋਕੀਆਂ ਹੁੰਦੀਆਂ ਤਾਂ ਅੱਜ ਅਜਿਹੀ ਸਿਆਸਤ ਦੀ ਲੋੜ ਹੀ ਨਹੀਂ ਸੀ ਪੈਣੀ।ਉਨ੍ਹਾਂ ਕਿਹਾ ਕਿ ਉਹ ਅਜਿਹਾ ਕਦੇ ਨਹੀਂ ਕਹਿੰਦੇ ਪਰ ਅੱਜ ਕਹਿ ਰਹੇ ਹਨ ਕਿ 4 ਜੂਨ ਨੂੰ ਅੰਮ੍ਰਿਤਸਰ ਤੋਂ ਆਪ ਦੀ ਜ਼ਮਾਨਤ ਜ਼ਬਤ ਹੋ ਜਾਵੇਗੀ।ਅਜਿਹੀਆਂ ਅਫਵਾਹਾਂ ਫੈਲਾ ਕੇ ਆਪ ਇਹ ਸਾਬਤ ਕਰ ਰਹੀ ਹੈ ਕਿ ਉਹ ਹਾਰ ਦਾ ਸਾਹਮਣਾ ਕਰ ਰਹੀ ਹੈ ਅਤੇ ਲੋਕਾਂ ਨੂੰ ਦੱਸਣਾ ਚਾਹੁੰਦੀ ਹੈ ਕਿ ਗੁਰਜੀਤ ਸਿੰਘ ਔਜਲਾ ਬਿਲਕੁਲ ਤੰਦਰੁਸਤ ਹਨ ਅਤੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਹਾਜ਼ਰ ਹਨ।ਲੋਕ ਬਿਨਾਂ ਕਿਸੇ ਡਰ ਤੋਂ ਆਪਣੀ ਵੋਟ ਦਾ ਇਸਤੇਮਾਲ ਕਰਨ ਅਤੇ ਮਿਹਨਤਕਸ਼ ਉਮੀਦਵਾਰ ਨੂੰ ਜਿਤਾਉਣ।

# ਹਰਪਾਲ ਸਿੰਘ ਭੋਮਾ ਨੂੰ ਸਦਮਾ, ਮਾਤਾ ਦਾ ਦਿਹਾਂਤ



ਮਜੀਠਾ (ਸੋਇਮ ਆਨੰਦ)-ਪੰਜਾਬ ਪੁਲਸ ਦੇ ਖੁਫੀਆ ਵਿੰਗ ਵਿਚ ਮਜੀਠਾ ਵਿਖੇ ਬਤੌਰ ਸਬ ਇੰਸਪੈਕਟਰ ਡਿਊਟੀ ਨਿਭਾਅ ਰਹੇ ਹਰਪਾਲ ਸਿੰਘ ਭੋਮਾ ਅਤੇ ਪੰਜਾਬ ਪੁਲਸ ਵਿਚ ਬਤੌਰ ਸਬ ਇੰਸਪੈਕਟਰ ਲੱਗੇ ਪਲਵਿੰਦਰ ਸਿੰਘ ਭੋਮਾ ਨੂੰ ਉਸ ਵਕਤ ਭਾਰੀ ਸਦਮਾ ਪੁੱਜਾ ਜਦ ਉਨ੍ਹਾਂ ਦੇ ਮਾਤਾ ਮੋਹਿੰਦਰ ਕੌਰ ਬੀਤੇ ਦਿਨੀਂ ਅਚਾਨਕ ਅਕਾਲ ਚਲਾਣਾ ਕਰ ਗਏ।ਮਾਤਾ ਮੋਹਿੰਦਰ ਕੌਰ ਦੇ ਅਕਾਲ ਚਲਾਣਾ ਕਰ ਜਾਣ ਤੇ ਹਲਕੇ ਦੀਆਂ ਪ੍ਰਮੁੱਖ ਸਿਆਸੀ, ਧਾਰਮਿਕ ਅਤੇ ਸਮਾਜਿਕ ਸ਼ਖ਼ਸ਼ੀਅਤਾਂ ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਪਰਿਵਾਰ ਨਾਲ ਹਮਦਰਦੀ ਜ਼ਹਿਰ ਕੀਤੀ ਅਤੇ ਪਰਿਵਾਰ ਨੂੰ ਕਦੀ ਵੀ ਨਾਂ ਪੂਰਾ ਹੋਣ ਵਾਲਾ ਘਾਟਾ ਦੱਸਿਆ।ਹਰਪਾਲ ਸਿੰਘ ਭੋਮਾ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਮਾਤਾ ਮੋਹਿੰਦਰ ਕੌਰ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੇ ਪਿੰਡ ਭੋਮਾ ਵਿਖੇ ਗੁਰਦੁਆਰਾ ਚੜ੍ਹਦੀ ਪੱਤੀ ਵਿਖੇ 4 ਜੂਨ ਦਿਨ ਮੰਗਲਵਾਰ ਨੂੰ ਹੋਵੇਗਾ।

# ਬਾਬਾ ਜੀਤ ਸਿੰਘ ਜੌਹਲਾਂ ਵਾਲਿਆਂ ਵੱਲੋਂ ਲੰਗਰ ਲਈ 103 ਕੁਇੰਟਲ ਕਣਕ ਤੇ ਇੱਕ ਲੱਖ 11 ਹਜ਼ਾਰ ਰੁਪਏ ਭੇਟ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ਅੱਜ ਬਾਬਾ ਜੀਤ ਸਿੰਘ ਨਿਰਮਲ ਕੁਟੀਆਂ ਜੌਹਲਾਂ ਵਾਲਿਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 103 ਕੁਇੰਟਲ ਕਣਕ, 1 ਲੱਖ 11 ਹਜ਼ਾਰ ਰੁਪਏ ਅਤੇ 6000 ਕੈਨੇਡੀਅਨ ਡਾਲਰ ਦੀ ਰਾਸ਼ੀ ਭੇਟ ਕੀਤੀ ਗਈ। ਲੰਗਰ ਲਈ ਸੇਵਾ ਲੈ ਕੇ ਪੁੱਜੇ ਬਾਬਾ ਜੀਤ ਸਿੰਘ ਤੇ ਹੋਰਾਂ ਨੂੰ ਸ੍ਰੀ ਦਰਬਾਰ ਸਾਹਿਬ ਵੱਲੋਂ ਵਧੀਕ ਮੈਨੇਜਰ ਸ. ਰਵਿੰਦਰਜੀਤ ਸਿੰਘ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬਾਬਾ ਜੀਤ ਸਿੰਘ ਜੌਹਲਾਂ ਵਾਲਿਆਂ ਨੇ ਕਿਹਾ ਕਿ ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰਾਂ ਤੋਂ ਸ਼ਲਾਘਾਯੋਗ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਪੁੱਜਦੀ ਹੈ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਵਿਖੇ ਲੱਖਾਂ ਸੰਗਤਾਂ ਪ੍ਰਸ਼ਾਦਾ ਛਕਦੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰਾਂ ਵਿਚ ਸੇਵਾ ਕਰਕੇ ਹਰ ਸਿੱਖ ਆਪਣੇ ਆਪ ਨੂੰ ਵਡਭਾਗਾ ਸਮਝਦਾ ਹੈ ਅਤੇ ਸਤਿਗੁਰੂ ਦੀ ਰਹਿਮਤ ਸਦਕਾ ਉਹ ਹਰ ਸਾਲ ਸੰਗਤਾਂ ਦੇ ਸਹਿਯੋਗ ਨਾਲ ਸੇਵਾ ਲੈ ਕੇ ਆਉਂਦੇ ਹਨ। ਇਸ ਮੌਕੇ ਬਾਬਾ ਜਤਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ, ਬਾਬਾ ਜਸਪ੍ਰੀਤ ਸਿੰਘ, ਪਰਮਿੰਦਰ ਸਿੰਘ ਭੰਡਾਲ, ਡਾ. ਸੁਖਬੀਰ ਸਿੰਘ, ਮੱਖਣ ਸਿੰਘ ਨੰਬਰਦਾਰ, ਅਵਤਾਰ ਸਿੰਘ, ਆਰ. ਪੀ. ਸਿੰਘ, ਸੱਤਿਆਵਾਨ ਸਿੰਘ, ਕੁਲਦੀਪ ਸਿੰਘ ਸੋਢੀ, ਭੁਪਿੰਦਰ ਸਿੰਘ, ਸੀਤਲ ਸਿੰਘ ਆਦਿ ਹਾਜ਼ਰ ਸਨ।

# ਦਾਸਤਾਨ ਸੁਣ ਕੇ ਬਾਪੂ ਫਕੀਰ ਚੰਦ ਦੀ ਬਿਰਧ ਆਸ਼ਰਮ ਨੇ ਫੜੀ ਬਾਂਹ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਾਪੂ ਫਕੀਰ ਚੰਦ ਪੁੱਤਰ ਗਰਧਾਰੀ ਲਾਲ, ਨਿਵਾਸੀ ਜਗਤਪੁਰ ਜੱਟਾਂ, ਡਾਕਖਾਨਾ ਝਾਖੋਲਾਹੜੀ, ਜ਼ਿਲ੍ਹਾ ਤਹਿ ਪਠਾਨਕੋਟ ਨੇ ਦੱਸਿਆ ਕਿ ਮੇਰੇ ਤਿੰਨ ਪੁੱਤਰ ਅਤੇ ਇੱਕ ਧੀ ਹੈ।ਇੱਕ ਪੁੱਤਰ ਇਸ ਦੁਨੀਆ ਤੋਂ ਚਲਾਣਾ ਕਰ ਗਿਆ ਹੈ। ਦੂਸਰੇ ਪੁੱਤਰ ਤੇ ਮੇਰੀਆਂ ਨੂੰਹਾਂ ਮੈਨੂੰ ਮਾਰਦੇ ਕੁੱਟਦੇ ਹਨ।ਬੁਢਾਪਾ ਪੈਨਸ਼ਨ ਦੇ ਪੈਸੇ ਕੱਢਵਾ ਕੇ ਮੇਰੇ ਕੋਲੋਂ ਖੋਹ ਕੇ ਆਪਣੇ ਕੋਲ ਰੱਖ ਲੈਂਦੇ ਸਨ।ਰੋਟੀ, ਪਾਣੀ, ਦਵਾਈ ਆਦਿ ਨਹੀਂ ਦਿੰਦੇ ।ਮੈਂ ਬੀਪੀ, ਸ਼ੂਗਰ ਦਾ ਮਰੀਜ਼ ਹਾਂ।ਉਮਰ ਮੇਰੀ 75 ਸਾਲ ਹੈ। ਸੋਟੀ ਦੇ ਸਹਾਰੇ ਮੈਂ ਥੋੜਾ ਚੱਲ ਫਿਰ ਸਕਦਾ ਹਾਂ।ਘਰ ਵਾਲਿਆਂ ਤੋਂ ਬਹੁਤ ਪਰੇਸ਼ਾਨ ਹਾਂ।ਤਿੰਨ ਦਿਨ ਹੋ ਗਏ ਸਨ ਕਿਸੇ ਨੇ ਮੈਨੂੰ ਕੋਈ ਖਾਣਾ ਨਹੀਂ ਦਿੱਤਾ। ਮੇਰੇ ਪਿੰਡ ਦੇ ਨੇੜੇ ਇੱਕ ਹੋਟਲ ਵਾਲੇ ਨੇ ਮੈਨੂੰ ਬੁਲਾਇਆ। ਉਸਨੂੰ ਮੈਂ ਇਹ ਗੱਲ ਦੱਸੀ। ਉਸਨੇ ਮੈਨੂੰ ਖਾਣਾ ਖਵਾਇਆ। ਆਪ ਦੇ ਆਸ਼ਰਮ ਦਾ ਅਡਰੈੱਸ ਦੱਸਿਆ, ਮੈਂ ਇੱਥੇ ਆ ਗਿਆ। ਬਹੁਤ ਦੁਖੀ ਹਾਂ, ਆਪ ਦੇ ਬਿਰਧ ਘਰ ਵਿੱਚ ਰਹਿਣ ਲਈ ਆਇਆ ਹਾਂ।ਕਿਰਪਾ ਕਰਕੇ ਆਗਿਆ ਦਿਓ।ਸਾਰੀ ਗੱਲਬਾਤ ਸੁਣਨ ਤੋਂ ਬਾਅਦ ਆਸ਼ਰਮ ਪ੍ਰਬੰਧਕਾਂ ਨੇ ਰਹਿਣ ਦੀ ਆਗਿਆ ਦੇ ਦਿੱਤੀ। ਇਸ ਮੌਕੇ ਪ੍ਰਧਾਨ ਸਤਨਾਮ ਸਿੰਘ, ਮਿਸ ਅੰਜਲੀ ਸ਼ਰਮਾ ਨੇ ਕਿਹਾ ਕਿ ਬਿਰਧ ਆਸ਼ਰਮ ਦੇ ਨਾਲ-ਨਾਲ ਅਸੀਂ ਲੋਕਾਂ ਨੂੰ ਇਹ ਸੁਨੇਹਾ ਦੇਣਾ ਚਾਹੁੰਦੇ ਆਂ ਕਿ ਅੱਜ ਦਾ ਨੌਜਵਾਨ ਜੋ ਨਸ਼ਿਆਂ ਵਿੱਚ ਪੈ ਰਿਹਾ ਹੈ, ਆਪਣੇ ਬਜ਼ੁਰਗਾਂ ਨੂੰ ਘਰੋਂ ਕੱਢੀ ਜਾ ਰਿਹਾ। ਸਾਡੀ ਉਨ੍ਹਾਂ ਅੱਗੇ ਅਪੀਲ ਹੈ ਕਿ ਆਪਣੇ ਬਜ਼ੁਰਗਾਂ ਨੂੰ ਘਰ ਵਿੱਚ ਸੰਭਾਲ ਕੇ ਰੱਖੋ।

ਬਜ਼ੁਰਗ ਘਰ ਦਾ ਗਹਿਣਾ ਹੁੰਦੇ ਹਨ। ਜਿਸ ਘਰ ਵਿੱਚ ਬਜ਼ੁਰਗ ਨਹੀਂ ਰਹਿੰਦੇ ਉਸ ਘਰ ਵਿੱਚ ਪਰਮਾਤਮਾ ਨਹੀਂ ਹੁੰਦਾ। ਇਸ ਮੌਕੇ ਆਸ਼ਰਮ ਸਮੂਹ ਸਟਾਫ਼ ਮੈਂਬਰ ਸਵਿਤਾ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਤਰਸੇਮ ਲਾਲ, ਰਮੇਸ਼ ਕੁਮਾਰ, ਅੰਜੂ ਬਾਲਾ, ਸਰੋਜ ਬਾਲਾ ਆਦਿ ਮੌਜੂਦ ਹਨ।

# 'ਵਾਤਾਵਰਣਿਕ ਅਸੰਤੁਲਨ ਕੁਦਰਤ ਨਾਲ ਕੀਤੀ ਛੇੜਛਾੜ ਦਾ ਹੀ ਖਮਿਆਜ਼ਾ ਹੈ, ਜੋ ਮਨੁੱਖ ਭੁਗਤ ਰਿਹੈ'

ਬਟਾਲਾ (ਤਰਲੋਕ ਬੱਗਾ)-ਮਨੁੱਖ ਨੇ ਹਮੇਸ਼ਾ ਆਪਣੇ ਵਿਕਾਸ ਲਈ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਕੀਤਾ ਹੈ ਜਿਸ ਦਾ ਨਤੀਜਾ ਹੈ ਕਿ ਅੱਜ ਅਸੀਂ ਆਪਣੇ ਵਾਤਾਵਰਨ ਵਿੱਚ ਅਸੰਤੁਲਨ ਦੇਖ ਰਹੇ ਹਾਂ।ਧਰਤੀ ਨੂੰ ਇਸ ਨੁਕਸਾਨ ਤੋਂ ਬਚਾਉਣ ਅਤੇ ਵਾਤਾਵਰਨ ਦੀ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸੰਯੁਕਤ ਰਾਸ਼ਟਰ ਵੱਲੋਂ ਹਰ ਸਾਲ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ।

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਆਦੇਸ਼ਾਂ ਅਨੁਸਾਰ ਸੰਤ ਨਿਰੰਕਾਰੀ ਮਿਸ਼ਨ ਦੀ ਸਮਾਜਿਕ ਸੰਸਥਾ, ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ, 5 ਜੂਨ ਬੁੱਧਵਾਰ ਨੂੰ ਸਮੁੱਚੇ ਭਾਰਤ ਦੇ ਪਹਾੜੀ ਸੈਰ-ਸਪਾਟਾ ਸਥਾਨਾਂ ਤੇ ਵਿਸ਼ਾਲ ਰੂਪ ਵਿੱਚ ਰੁੱਖ ਲਗਾਉਣ ਅਤੇ ਸਫਾਈ ਮੁਹਿੰਮ ਦਾ ਆਯੋਜਨ ਕਰ ਰਹੀ ਹੈ। ਸੰਯੁਕਤ ਰਾਸ਼ਟਰ ਦੀ ਥੀਮ ਬੀਟ ਪਲਾਸਟਿਕ ਪ੍ਰਦੂਸ਼ਣ ਦਾ ਆਯੋਜਨ ਕੀਤਾ ਜਾ ਰਿਹਾ ਹੈ।ਵਾਤਾਵਰਨ ਸੰਕਟ ਦੇ ਵਿਚਕਾਰ ਜਿੱਥੇ ਸਮੁੱਚੀ ਮਨੁੱਖਤਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਇੱਕ ਮੰਚ 'ਤੇ ਇਕੱਠੀ ਹੋਈ ਹੈ, ਉੱਥੇ ਹੀ ਨਿਰੰਕਾਰੀ ਮਿਸ਼ਨ ਆਪਣੀਆਂ ਮੁਹਿੰਮਾਂ ਰਾਹੀਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਕਾਰਾਤਮਕ ਊਰਜਾ ਪ੍ਰਦਾਨ ਕਰ ਰਿਹਾ ਹੈ ਜੋ ਕਿ ਬਿਨਾਂ ਸ਼ੱਕ ਆਉਣ ਵਾਲੇ ਕੱਲ੍ਹ ਦਾ ਉੱਜਵਲ ਭਵਿੱਖ ਹੈ।ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇ ਵਲੰਟੀਅਰ, ਸੇਵਾਦਲ ਦੇ ਮੈਂਬਰ, ਸ਼ਰਧਾਲੂ ਅਤੇ ਸਬੰਧਤ ਸ਼ਹਿਰਾਂ ਦੇ ਨਿਵਾਸੀ ਇਸ ਮੈਗਾ ਮੁਹਿੰਮ ਦਾ ਹਿੱਸਾ ਬਣਨ ਜਾ ਰਹੇ ਹਨ ਤਾਂ ਜੋ ਕੁਦਰਤ ਦੀ ਸੰਭਾਲ ਦਾ ਸਾਰਥਕ ਟੀਚਾ ਪ੍ਰਾਪਤ ਕੀਤਾ ਜਾ ਸਕੇ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇ ਸਕੱਤਰ ਜੋਗਿੰਦਰ ਸੁਖੀਜਾ ਨੇ ਦੱਸਿਆ ਕਿ ਮਿਸ਼ਨ -2014 ਤੋਂ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੇ ਥੀਮ ਤੇ ਵਿਸ਼ਵ ਵਾਤਾਵਰਣ ਦਿਵਸ ਦਾ ਆਯੋਜਨ ਕਰ ਰਿਹਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਿਰੰਕਾਰੀ ਮਿਸ਼ਨ ਨੇ ਪੂਰੇ ਭਾਰਤ ਦੇ 18 ਪਹਾੜੀ ਅਤੇ ਸੈਰ-ਸਪਾਟਾ ਸਥਾਨਾਂ ਦਾ ਦੌਰਾ ਕੀਤਾ, ਮੁੱਖ ਤੌਰ ਤੇ ਉੱਤਰਾਖੰਡ ਤੋਂ ਮਸੂਰੀ, ਰਿਸ਼ੀਕੇਸ਼, ਲੈਂਸਡਾਊਨ, ਨੈਨੀਤਾਲ, ਚਕਰਤਾ, ਭਵਾਲੀ; ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ, ਮਨਾਲੀ, ਧਰਮਸ਼ਾਲਾ; ਗੁਜਰਾਤ ਦੇ ਸਾਪੁਤਾਰਾ; ਮਹਾਬਲੇਸ਼ਵਰ, ਪੰਚਗਨੀ, ਖੰਡਾਲਾ, ਲੋਨਾਵਾਲਾ, ਪੰਹਾਲਾ, ਮਹਾਰਾਸ਼ਟਰ ਦੇ ਸੋਮੇਸ਼ਵਰ; ਇਸ ਵਿੱਚ ਸਿੱਕਮ ਦੇ ਗੀਜ਼ਿੰਗ ਸ਼ਹਿਰ ਅਤੇ ਕਰਨਾਟਕ ਦੀ ਨੰਦੀ ਪਹਾੜੀਆਂ ਵਰਗੇ ਪਹਾੜੀ ਸਥਾਨ ਸ਼ਾਮਲ ਹਨ।ਇਹ ਪ੍ਰੋਗਰਾਮ ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਆਯੋਜਿਤ ਕੀਤਾ ਜਾਵੇਗਾ ਜਿਸ ਵਿੱਚ ਸਾਰੇ ਵਲੰਟੀਅਰ ਭਾਗ ਲੈਣਗੇ ਅਤੇ ਸਭ ਤੋਂ ਪਹਿਲਾਂ ਨਿਰੰਕਾਰ ਪ੍ਰਭੂ ਅੱਗੇ ਅਰਦਾਸ ਕਰਨਗੇ ਤਾਂ ਜੋ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ।ਮਿਸ਼ਨ ਦੇ ਯੂਥ ਵਲੰਟੀਅਰ ਬੀਟ ਪਲਾਸਟਿਕ ਪ੍ਰਦੂਸ਼ਣ ਵਿਸ਼ੇ 'ਤੇ ਸੁੰਦਰ ਨੁੱਕੜ ਨਾਟਕ ਪੇਸ਼ ਕਰਕੇ ਲੋਕਾਂ ਨੂੰ ਵਾਤਾਵਰਨ ਸੰਕਟ ਬਾਰੇ ਜਾਗਰੂਕ ਕਰਨਗੇ।ਸਾਰੇ ਵਲੰਟੀਅਰ ਵਾਤਾਵਰਨ ਸੁਰੱਖਿਆ ਦੇ ਸੰਦੇਸ਼ਾਂ ਵਾਲੇ ਤਖ਼ਤੀਆਂ ਅਤੇ ਬੈਨਰਾਂ ਦੀ ਵਰਤੋਂ ਕਰਕੇ ਮਨੁੱਖੀ ਲੜੀ ਬਣਾਉਣਗੇ।

# ਨਿੱਜੀ ਰੰਜਿਸ਼ ਦੇ ਚੱਲਦਿਆਂ ਤੇਜ਼ਧਾਰ ਹਥਿਆਰਾਂ ਨਾਲ ਕਤਲ

- ਇਨਸਾਫ ਦੀ ਮੰਗ ਨੂੰ ਲੈ ਕੇ ਪਾਤੜਾਂ-ਜਾਖਲ ਸੜਕ ਜਾਮ
- ਪੁਲਸ 'ਤੇ ਢਿੱਲੀ ਕਾਰਵਾਈ ਕਰਨ ਦੇ ਦੋਸ਼

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਨਿੱਜੀ ਰੰਜਿਸ਼ ਦੇ ਚੱਲਦਿਆਂ ਪਿੰਡ ਹਾਮਝੇੜੀ ਦੇ 60 ਸਾਲਾ ਵਿਅਕਤੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ।ਇਸ ਵਾਪਰੀ ਹੌਲਨਾਕ ਘਟਨਾ ਵਿੱਚ ਗੰਭੀਰ ਹਾਲਤ ਵਿੱਚ ਜ਼ਖਮੀ ਵਿਅਕਤੀ ਨੂੰ ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਪਾਤੜਾਂ ਲਿਆਂਦਾ ਗਿਆ, ਜਿੱਥੇ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਹੋਇਆਂ ਉਕਤ ਵਿਅਕਤੀ ਦੀ ਮੌਤ ਹੋ ਗਈ।ਹਸਪਤਾਲ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ ਪਿੰਡ ਵਾਸੀਆਂ ਤੇ ਪਰਿਵਾਰਕ ਮੈਂਬਰਾਂ ਨੇ ਪੁਲਸ ਉੱਤੇ ਕਾਰਵਾਈ ਨਾ ਕਰਨ ਦੇ ਦੋਸ਼ ਲਗਾਉਂਦਿਆਂ ਪਾਤੜਾਂ-ਜਾਖਲ ਮੁੱਖ ਸੜਕ ਉੱਤੇ ਹਸਪਤਾਲ ਦੇ ਸਾਹਮਣੇ ਟ੍ਰੈਫਿਕ ਜਾਮ ਕਰ ਦਿੱਤੀ।

ਸਿਟੀ ਪੁਲਸ ਚੌਕੀ ਇੰਚਾਰਜ ਕਰਨੈਲ ਸਿੰਘ ਨੇ ਘਟਨਾ ਵਾਲੀ ਥਾਂ ਦਾ ਮੁਆਇਨਾ ਕਰਨ ਮਗਰੋਂ ਮ੍ਰਿਤਕ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਉੱਤੇ ਕੇਸ ਦਰਜ ਕਰਕੇ ਕਥਿਤ ਦੋਸ਼ੀ ਵਿਅਕਤੀਆਂ ਨੂੰ ਜਲਦੀ ਕਾਬੂ ਕਰ ਲੈਣ ਦਾ ਦਾਅਵਾ ਕੀਤਾ ਹੈ।

ਹਸਪਤਾਲ 'ਚ ਮੌਜੂਦ ਮ੍ਰਿਤਕ ਪਿੰਡ ਹਾਮਝੇੜੀ ਵਾਸੀ ਮੇਘਾ ਸਿੰਘ ਦੀ ਪਤਨੀ ਸੁਨੀਤਾ ਰਾਣੀ, ਭਰਾ ਭੀਮਾ ਗਿਰ ਜਸਪਾਲ ਗਿਰ, ਜਸਪਾਲ ਗਿਰ ਮੁਖਤਿਆਰ ਤੇ ਗੁਰਜੰਟ ਗਿਰ ਨੇ ਦੱਸਿਆ ਕਿ ਪਿੰਡ ਵਿੱਚ ਦੀ ਥੋੜੀ ਜਿਹੀ ਸ਼ਾਮਲਾਤ ਜ਼ਮੀਨ ਨੂੰ ਲੈ ਕੇ ਦੋ ਧਿਰਾਂ ਵਾਲੇ ਪਿਛਲੇ ਕਾਫੀ ਸਮੇਂ ਤੋਂ ਵਿਵਾਦ ਚੱਲਿਆ ਆ ਰਿਹਾ ਸੀ, ਜਿਸ ਦੇ ਚਲਦਿਆਂ ਕੁਝ ਸਮਾਂ ਪਹਿਲਾਂ ਵਿਰੋਧੀ ਧਿਰ ਨਾਲ ਸੰਬੰਧਤ ਦਵਿੰਦਰ ਸਿੰਘ ਪੁੱਤਰ ਜੀਤ ਸਿੰਘ ਨੇ ਮੇਘਾ ਸਿੰਘ ਤੇ ਉਸ ਦੀ ਪਤਨੀ ਸੁਨੀਤਾ ਰਾਣੀ ਦੀ ਕੁੱਟਮਾਰ ਕੀਤੀ ਸੀ।ਉਨ੍ਹਾਂ ਇਨਸਾਫ ਲਈ ਪੁਲਸ ਕੋਲ ਗੇੜੇ ਮਾਰੇ, ਪਰ ਪੁਲਸ ਵੱਲੋਂ ਕੋਈ ਵੀ ਕਾਰਵਾਈ ਨਾ ਕੀਤੇ ਜਾਣ ਤੋਂ ਅੱਕ ਕੇ ਉਨ੍ਹਾਂ ਉੱਚ ਅਧਿਕਾਰੀਆਂ ਤੱਕ ਪਹੁੰਚ ਕੀਤੀ, ਪਰ ਰਾਜਨੀਤਕ ਪਹੁੰਚ ਦੇ ਚਲਦਿਆਂ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਹੀ ਕੀਤੀ ਗਈ।ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਸ਼ੁਕਰਵਾਰ ਨੂੰ ਸਵੇਰੇ 11 ਵਜੇ ਦੇ ਕਰੀਬ ਕਿਸੇ ਨੇ ਮੇਘਾ ਸਿੰਘ ਨੂੰ ਫੋਨ ਕਰਕੇ ਭਰੋਸੇ ਵਿੱਚ ਲੈਂਦਿਆਂ ਬੁਲਾਇਆ ਤੇ ਪਿੰਡ ਬਾਦਲਗੜ੍ਹ ਦੇ ਨਜ਼ਦੀਕ ਪਿੰਡ ਕਲਰਭੈਣੀ ਸੜਕ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਉਸ ਉੱਤੇ ਹਮਲਾ ਕਰਕੇ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ।ਪਤਾ ਲੱਗਣ 'ਤੇ ਪਰਿਵਾਰਕ ਮੈਂਬਰ ਉਸ ਨੂੰ ਹਸਪਤਾਲ ਲੈ ਕੇ ਪਹੁੰਚੇ, ਜਿੱਥੇ ਉਸ ਦੀ ਮੌਤ ਹੋ ਗਈ।ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕਰਦਿਆਂ ਉਨ੍ਹਾਂ ਦੋਸ਼ ਲਗਾਇਆ ਗਿਆ ਕਿ ਪੁਲਸ ਵੱਲੋਂ ਵਰਤੀ ਗਈ ਢਿੱਲ ਕਰਕੇ ਹੀ ਅੱਜ ਦੀ ਘਟਨਾ ਵਾਪਰੀ ਹੈ।ਜਾਮ ਲਗਾ ਕੇ ਬੈਠੇ ਪਿੰਡ ਵਾਸੀਆਂ ਨੇ ਕਿਹਾ ਕਿ ਜਦੋਂ ਤੱਕ ਪੁਲਸ ਕੇਸ ਦਰਜ ਕਰਕੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰਦੀ, ਉਦੋਂ ਤੱਕ ਪਰਿਵਾਰ ਪੋਸਟਮਾਰਟਮ ਨਹੀਂ ਕਰਾਵੇਗਾ।ਸਿਟੀ ਪੁਲਸ ਚੌਕੀ ਇੰਚਾਰਜ ਕਰਨੈਲ ਸਿੰਘ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰ ਰਹੀ ਹੈ ਤੇ ਮ੍ਰਿਤਕ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਉੱਤੇ ਪਰਚਾ ਦਰਜ ਕਰਕੇ ਜਲਦੀ ਕਥਿਤ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

# ਐੱਨ ਕੇ ਸ਼ਰਮਾ ਨੇ ਅਗਜ਼ਨੀ ਨਾਲ ਸੜੀਆਂ ਦੁਕਾਨਾਂ ਦੇ ਹਾਲਾਤ ਦਾ ਲਿਆ ਜਾਇਜ਼ਾ

- ਦੁਕਾਨਦਾਰਾਂ ਨੂੰ ਚੋਣਾਂ ਉਪਰੰਤ ਨਿੱਜੀ ਤੌਰ 'ਤੇ ਮਦਦ ਦੇਣ ਦਾ ਭਰੋਸਾ ਦੁਆਇਆ
- ਪ੍ਰਸ਼ਾਸਨ ਫੌਰੀ 50-50 ਲੱਖ ਰੁਪਏ ਦੀ ਮਦਦ ਦੇਵੇ ਤੇ ਪੱਕੀਆਂ ਦੁਕਾਨਾਂ ਬਣਾ ਕੇ ਦੇਵੇ



**ਰਾਜਪੁਰਾ (ਰਮੇਸ਼ ਕਟਾਰੀਆ)**

ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਹਲਕੇ ਤੋਂ ਉਮੀਦਵਾਰ ਐੱਨ ਕੇ ਸ਼ਰਮਾ ਨੇ ਪਟਿਆਲਾ ਦੇ ਬਾਰਾਂਦਰੀ ਵਿੱਚ ਖੋਖਿਆਂ ਨੂੰ ਅੱਗ ਲੱਗਣ ਕਾਰਨ ਗਰੀਬ ਲੋਕਾਂ ਦੇ ਹੋਏ ਲੱਖਾਂ ਦੇ ਨੁਕਸਾਨ ਦੇ ਮਾਮਲੇ ਦਾ ਜਾਇਜ਼ਾ ਲਿਆ ਤੇ ਸਰਕਾਰ ਤੋਂ ਮੰਗ ਕੀਤੀ ਕਿ ਪੀੜਤਾਂ ਨੂੰ ਤੁਰੰਤ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇ।ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਐੱਨ ਕੇ ਸ਼ਰਮਾ ਨੇ ਕਿਹਾ ਕਿ ਬਹੁਤ ਹੀ ਮੰਦਭਾਗੀ ਤੇ ਦੁਖਦਾਈ ਘਟਨਾ ਹੈ।ਅੱਜ 16 ਗਰੀਬ ਵਿਅਕਤੀ ਜਿਹੜੇ 30-35 ਸਾਲਾਂ ਤੋਂ ਇਥੇ ਦੁਕਾਨਾਂ ਕਰ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਇਹ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸ਼ਹਿਰ ਹੈ, ਜੋ ਇਨ੍ਹਾਂ ਲਈ ਸਥਾਈ ਪ੍ਰਬੰਧ ਕਰਨ ਵਿੱਚ ਨਾਕਾਮ ਸਾਬਿਤ ਹੋਏ ਹਨ।

ਉਨ੍ਹਾਂ ਕਿਹਾ ਕਿ ਮੈਂ ਦੋ ਵਾਰ ਮੁਹਾਲੀ ਦਾ ਇੰਚਾਰਜ ਸੀ, ਅਸੀਂ ਇੱਕ ਵੀ ਖੋਖਾ ਨਹੀਂ ਰਹਿਣ ਦਿੱਤਾ ਤੇ ਪੱਕੀਆਂ ਦੁਕਾਨਾਂ ਬਣਾ ਕੇ ਅਸੀਂ ਇਨ੍ਹਾਂ ਨੂੰ ਦਿੱਤੀਆਂ ਤੇ 1984 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਵੀ ਦੁਕਾਨਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਇਨ੍ਹਾਂ ਗਰੀਬ ਆਦਮੀਆਂ ਦਾ ਨੁਕਸਾਨ ਹੋਣਾ ਬਹੁਤ ਹੀ ਦੁੱਖਦਾਈ ਹੈ।ਉਨ੍ਹਾਂ ਕਿਹਾ ਕਿ ਇਕ ਗਰੀਬ ਚਾਹ ਦਾ ਕੰਮ ਕਰਦਾ ਹੈ, ਜਿਹੜਾ ਹੁਣ ਸਿਲੰਡਰ ਵੀ ਨਹੀਂ ਖਰੀਦ ਸਕਦਾ, ਉਹ ਪੂਰੀ ਤਰ੍ਹਾਂ ਆਰਥਿਕ ਤੌਰ 'ਤੇ ਤਬਾਹ ਹੋ ਚੁੱਕਾ ਹੈ।ਐੱਨ ਕੇ ਸ਼ਰਮਾ ਨੇ ਕਿਹਾ ਕਿ 7500 ਕਰੋੜ ਰੁਪਏ ਦਾ ਘੁਟਾਲਾ ਬਿਜਲੀ ਬੋਰਡ ਵਿੱਚ ਭਗਵੰਤ ਮਾਨ ਨੇ ਕੀਤਾ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਦੁਕਾਨਦਾਰਾਂ ਦੇ ਹੋਏ ਨੁਕਸਾਨ ਦਾ ਘਟੋ ਘੱਟ 50-50 ਹਜ਼ਾਰ ਰੁਪਏ ਤੇ ਇੱਕ-ਇੱਕ ਲੱਖ ਰੁਪਏ ਦਾ ਫੌਰੀ ਮੁਆਵਜ਼ਾ ਪ੍ਰਸ਼ਾਸਨ ਦੇਵੇ ਤੇ ਇਨ੍ਹਾਂ ਨੂੰ ਪੱਕੀਆਂ ਦੁਕਾਨਾਂ ਬਣਾ ਕੇ ਦੇਵੇ।ਐੱਨ ਕੇ ਸ਼ਰਮਾ ਨੇ ਕਿਹਾ ਕਿ ਅੱਜ ਆਪ ਸਰਕਾਰ ਹੈ ਤੇ ਇਥੇ ਵਿਧਾਇਕ ਸਾਹਿਬ ਮੇਅਰ ਵੀ ਰਹੇ ਹਨ, ਉਨ੍ਹਾਂ ਨੂੰ ਇਕ-ਇਕ ਚੀਜ਼ ਦਾ ਪਤਾ ਹੈ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਬਣਨ 'ਤੇ ਅਸੀਂ ਇਨ੍ਹਾਂ ਨੂੰ ਪੱਕੀਆਂ ਦੁਕਾਨਾਂ ਵੀ ਬਣਾ ਕੇ ਦੇਵਾਂਗੇ ਤਾਂ ਜੋ ਇਹ ਆਪਣੇ ਪੈਰਾਂ ਸਿਰ ਹੋ ਸਕਣ।ਉਨ੍ਹਾ ਕਿਹਾ ਕਿ ਅੱਜ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਦੇ ਚੋਣ ਪ੍ਰਚਾਰ 'ਤੇ ਅਰਬਾਂ ਰੁਪਏ ਖਰਚ ਕੀਤੇ ਜਾ ਰਹੇ ਹਨ।ਉਨ੍ਹਾ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਡਿਪਟੀ ਕਮਿਸ਼ਨਰ, ਐੱਸ ਡੀ ਐੱਮ ਤੇ ਹੋਰ ਅਫਸਰਾਂ ਨੂੰ ਮੌਕੇ 'ਤੇ ਪਹੁੰਚ ਕੇ ਜਾਇਜ਼ਾ ਲੈ ਕੇ ਮੁਆਵਜ਼ੇ ਦਾ ਐਲਾਨ ਕਰਨਾ ਚਾਹੀਦਾ ਸੀ।ਉਨ੍ਹਾ ਕਿਹਾ ਕਿ ਮੈਂ ਫਿਰ ਅਪੀਲ ਕਰਦਾ ਹਾਂ ਕਿ ਅਫਸਰਸ਼ਾਹੀ ਤੇ ਸਰਕਾਰ ਇਥੇ ਆ ਕੇ ਜਾਇਜ਼ਾ ਲੈ ਕੇ ਮੁਆਵਜ਼ੇ ਦਾ ਐਲਾਨ ਕਰੇ।ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਖੁਦ ਅਜਿਹੇ ਮਾਮਲਿਆਂ ਵਿੱਚ ਮੌਕੇ 'ਤੇ ਪਹੁੰਚ ਕੇ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਮੁਆਵਜ਼ਾ ਦਿੰਦੇ ਸਨ।ਉਨ੍ਹਾਂ ਕਿਹਾ ਕਿ ਹੁਣ ਤੱਕ ਤਾਂ ਟਵੀਟ ਮੁੱਖ ਮੰਤਰੀ ਵੱਲੋਂ ਆ ਜਾਣਾ ਚਾਹੀਦਾ ਸੀ ਕਿ ਇਨ੍ਹਾਂ ਨੂੰ 50-50 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ।ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿੱਚ ਐੱਨ ਕੇ ਸ਼ਰਮਾ ਨੇ ਕਿਹਾ ਕਿ ਡਾ. ਧਰਮਵੀਰ ਗਾਂਧੀ ਤਾਂ ਬਤੌਰ ਐੱਮ ਪੀ ਲੋਕ ਸਭਾ ਵਿੱਚ ਵੀ ਜਾ ਕੇ ਨਹੀਂ ਵੜ੍ਹੇ, ਉਹ ਕਿਸ ਤਰੀਕੇ ਲੋਕਾਂ ਨੂੰ ਐੱਮ ਪੀ ਲੈਂਡ ਫੰਡ ਦੇਣ ਦਾ ਭਰੋਸਾ ਦੁਆ ਸਕਦੇ ਹਨ।ਐੱਨ ਕੇ ਸ਼ਰਮਾ ਨੇ ਕਿਹਾ ਕਿ ਮੈਂ ਚੋਣਾਂ ਉਪਰੰਤ ਨਿੱਜੀ ਤੌਰ 'ਤੇ ਇਨ੍ਹਾਂ ਦੁਕਾਨਦਾਰਾਂ ਦੀ ਨਿੱਜੀ ਮਦਦ ਕਰਾਂਗਾ, ਕਿਉਂਕਿ ਇਸ ਵੇਲੇ ਚੋਣ ਜ਼ਾਬਤਾ ਲੱਗਾ ਹੋਇਆ ਹੈ।ਉਨ੍ਹਾਂ ਕਿਹਾ ਕਿ ਚੋਣਾਂ ਉਪਰੰਤ ਉਹ ਤਾਲਮੇਲ ਕਰ ਕੇ ਇਨ੍ਹਾਂ ਦੀਆਂ ਦੁਕਾਨਾਂ ਪੱਕੀਆਂ ਬਣਵਾ ਕੇ ਦੇਣਗੇ, ਇਹ ਵਾਅਦਾ ਕਰਦੇ ਹਨ।

## ਕਾਤਰਾਂ

### ਬੈਂਕ ਦੇ ਬਾਹਰੋਂ ਮੋਟਰਸਾਈਕਲ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਐੱਚ ਡੀ ਐੱਫ ਸੀ ਬੈਂਕ ਬ੍ਰਾਂਚ ਗੁਰੂ ਹਰਸਾਏ ਦੇ ਬਾਹਰ ਖੜਾ ਇੱਕ ਵਿਅਕਤੀ ਦਾ ਮੋਟਰਸਾਈਕਲ ਚੋਰੀ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਗੁਰੂ ਹਰਸਹਾਏ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਬਸਤੀ ਕੱਲੇ ਵਾਲਾ ਨੇ ਦੱਸਿਆ ਕਿ ਉਹ ਐੱਚ ਡੀ ਐੱਫ ਸੀ ਬੈਂਕ ਬ੍ਰਾਂਚ ਗੁਰੂ ਹਰਸਹਾਏ ਵਿਖੇ ਨਿੱਜੀ ਕੰਮ ਲਈ ਆਇਆ ਸੀ ਤੇ ਆਪਣਾ ਮੋਟਰਸਾਈਕਲ ਹੀਰੋ ਐੱਚ ਐੱਫ ਡੀਲਕਸ ਨੰਬਰ ਪੀ ਬੀ 77-3230 ਬੈਂਕ ਦੇ ਬਾਹਰ ਖੜਾ ਕਰਕੇ ਬੈਂਕ ਅੰਦਰ ਚਲਾ ਗਿਆ। ਮਨਜੀਤ ਸਿੰਘ ਨੇ ਦੱਸਿਆ ਕਿ ਜਦ ਉਹ ਥੋੜ੍ਹੀ ਦੇਰ ਬਾਅਦ ਆਇਆ ਤਾਂ ਵੇਖਿਆ ਕਿ ਮੋਟਰਸਾਈਕਲ ਉਥੇ ਨਹੀਂ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਊਸ਼ਾ ਰਾਣੀ ਨਮਿੱਤ ਪਾਠ ਦਾ ਭੋਗ ਅੱਜ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪਿਛਲੇ ਦਿਨੀਂ ਰਾਜ ਕੁਮਾਰ ਮਿੱਤਲ ਦੀ ਪਤਨੀ ਊਸ਼ਾ ਰਾਣੀ ਦਾ ਅਚਾਨਕ ਦਿਹਾਂਤ ਹੋ ਗਿਆ ਸੀ, ਉਨ੍ਹਾਂ ਨਮਿੱਤ ਰੱਖੇ ਸ਼੍ਰੀ ਗਰੁੜ ਪੁਰਾਣ ਪਾਠ ਦਾ ਭੋਗ 2 ਜੂਨ ਦਿਨ ਐਤਵਾਰ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਗੁੱਡਵਿਲ ਭਵਨ ਪਰਸਰਾਮ ਨਗਰ ਬਠਿੰਡਾ ਵਿਖੇ ਪਵੇਗਾ।

### ਕਰਜ਼ੇ ਤੋਂ ਪ੍ਰੇਸ਼ਾਨ ਨੌਜਵਾਨ ਨੇ ਕੀਤੀ ਖੁਦਕੁਸ਼ੀ



**ਭੀਖੀ (ਧਰਮਵੀਰ ਸ਼ਰਮਾ)**-ਨੇੜਲੇ ਪਿੰਡ ਸਮਾਓਂ ਦੇ ਇੱਕ ਨੌਜਵਾਨ ਵੱਲੋਂ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਆਤਮਹੱਤਿਆ ਕਰਨ ਦਾ ਸਮਾਚਾਰ ਮਿਲਿਆ ਹੈ।ਪੁਲਸ ਕਰਮਚਾਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪਿੰਡ ਸਮਾਉਂ ਦਾ ਨੌਜਵਾਨ ਸੋਨੀ ਸਿੰਘ ਪੁੱਤਰ ਭਗਵਾਨ ਸਿੰਘ (22), ਜੋ ਕਿ ਕਰਜ਼ੇ ਨੂੰ ਲੈ ਕੇ ਪ੍ਰੇਸ਼ਾਨ ਰਹਿੰਦਾ ਸੀ, ਨੇ ਆਪਣੇ ਘਰ ਅੰਦਰ ਹੀ ਫਾਹਾ ਲਗਾ ਕੇ ਆਤਮ ਹੱਤਿਆ ਕਰ ਲਈ।ਉਨ੍ਹਾਂ ਦੱਸਿਆ ਕਿ ਭੀਖੀ ਪੁਲਸ ਨੇ ਇਸ ਸਬੰਧੀ 174 ਦੀ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤੀ ਹੈ।

### ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ, ਪੰਜ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੰਤ ਬਾਬਾ ਸੁਖਦਰਸ਼ਨ ਸਿੰਘ ਜੀ ਗੋਪਾਲੋਂ ਵਾਲਿਆਂ ਦੇ ਬਰਸੀ ਸਮਾਗਮ ਮੌਕੇ ਪਿੰਡ ਗੋਪਾਲੋਂ ਵਿਖੇ ਛਬੀਲ ਦੀ ਸੇਵਾ ਕਰ ਰਹੇ ਇੱਕ ਨੌਜਵਾਨ 'ਤੇ ਕੁਝ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦੇਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜੀਵਨਦੀਪ ਸਿੰਘ ਵਾਸੀ ਪਿੰਡ ਗੋਪਾਲੋਂ ਨੇ ਦੱਸਿਆ ਕਿ 28 ਮਈ ਨੂੰ ਦੁਪਹਿਰ ਕਰੀਬ ਤਿੰਨ ਵਜੇ ਉਹ ਪਿੰਡ ਗੋਪਾਲੋਂ ਵਿਖੇ ਸੰਤਾਂ ਦੀ ਬਰਸੀ ਮੌਕੇ ਲਗਾਈ ਗਈ ਛਬੀਲ 'ਚ ਸੇਵਾ ਕਰ ਰਿਹਾ ਸੀ ਤਾਂ ਉੱਥੇ ਮੌਜੂਦ ਸੁਖਦੀਪ ਸਿੰਘ ਉਰਫ ਸੁੱਖਾ, ਉਪਿੰਦਰ ਸਿੰਘ ਉਰਫ ਸੋਢੀ, ਉਮਾਕਾਂਤ, ਹਰਪ੍ਰੀਤ ਸਿੰਘ ਤੇ ਗੁਰਵਿੰਦਰ ਸਿੰਘ ਨੇ ਬਿਨਾਂ ਵਜ੍ਹਾ ਉਸ ਨਾਲ ਲੜਾਈ-ਝਗੜਾ ਕਰਨਾ ਸ਼ੁਰੂ ਕਰ ਦਿੱਤਾ।ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਕਤ ਵਿਅਕਤੀਆਂ ਨੇ ਕਿਰਪਾਨ ਤੇ ਦਾਤਰ ਨਾਲ ਵਾਰ ਕਰਕੇ ਉਸ ਦੇ ਕਾਫੀ ਸੱਟਾਂ ਮਾਰੀਆਂ ਤੇ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਫਰਾਰ ਹੋ ਗਏ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਸੁਖਦੀਪ ਸਿੰਘ ਉਰਫ ਸੁੱਖਾ ਵਾਸੀ ਪਿੰਡ ਜਵੰਧਾ, ਉਪਿੰਦਰ ਸਿੰਘ ਉਰਫ ਸੋਢੀ ਵਾਸੀ ਪਿੰਡ ਕਲੌੜ, ਉਮਾਕਾਂਤ ਵਾਸੀ ਪਿੰਡ ਬਡਵਾਲੀ, ਹਰਪ੍ਰੀਤ ਸਿੰਘ ਵਾਸੀ ਪਿੰਡ ਕਲੌੜ ਤੇ ਗੁਰਵਿੰਦਰ ਸਿੰਘ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਬਸੀ ਪਠਾਣਾਂ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਬਾਦਲ ਪਰਵਾਰ ਨੇ ਪਾਈ ਵੋਟ, ਵਰਕਰਾਂ ਦਾ ਕੀਤਾ ਧੰਨਵਾਦ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਬਾਦਲ ਵਿਖੇ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਤੇ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੇ ਪਰਿਵਾਰ ਸਮੇਤ ਆਪਣੀ ਵੋਟ ਦਾ ਇਸਤੇਮਾਲ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦੇ ਹੋਏ ਬੀਬਾ ਹਰਸਿਮਰਤ ਕੌਰ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲੋਕਾਂ ਵੱਲੋਂ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਵੱਲੋਂ ਪਾਰਟੀ ਦੇ ਸਮੂਹ ਆਗੂਆਂ ਤੇ ਵਰਕਰਾਂ ਦਾ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਹੱਕ ਵਿੱਚ ਵੋਟ ਪਵਾਉਣ ਲਈ ਦਿਨ-ਰਾਤ ਮਿਹਨਤ ਕਰਨ ਲਈ ਧੰਨਵਾਦ ਕੀਤਾ।

# ਸ਼ਰਾਬ ਠੇਕੇਦਾਰ ਨੇ ਡਰਾਈ ਡੇਅ ਦੀਆਂ ਉਡਾਈਆਂ ਧੱਜੀਆਂ



ਸ਼ਰਾਬ ਠੇਕੇਦਾਰ ਤੋਂ ਚੋਰ ਮੋਰੀ ਰਾਹੀਂ ਖਰੀਦੀ ਗਈ ਸ਼ਰਾਬ ਦਿਖਾਉਂਦਾ ਇੱਕ ਵਿਅਕਤੀ।

**ਜ਼ੀਰਾ (ਪਰਮਜੀਤ ਸਿੰਘ ਧੰਜੂ)**-ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿੱਚ ਅੱਜ ਪੈ ਰਹੀਆਂ ਵੋਟਾਂ ਨੂੰ ਲੈ ਕੇ ਬੇਸ਼ੱਕ ਮਾਨਯੋਗ ਚੋਣ ਕਮਿਸ਼ਨਰ ਪੰਜਾਬ ਵੱਲੋਂ 30 ਮਈ ਤੋਂ 1 ਜੂਨ ਸ਼ਾਮ 7 ਵਜੇ ਤੱਕ 3 ਦਿਨ ਲਈ ਡਰਾਈ ਡੇ ਐਲਾਨ ਕੀਤਾ ਗਿਆ ਹੈ, ਜਿਸ ਦੇ ਤਹਿਤ ਸ਼ਰਾਬ ਠੇਕੇਦਾਰਾਂ ਦੇ ਸ਼ਰਾਬ ਵੇਚਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਗਈ ਹੈ, ਜਿਸ 'ਤੇ ਅਮਲ ਕਰਦਿਆਂ ਸ਼ਰਾਬ ਠੇਕੇਦਾਰ ਨੇ ਲੋਕ ਵਿਖਾਵੇ ਲਈ ਸ਼ਰਾਬ ਦੇ ਠੇਕੇ ਤਾਂ ਭਾਵੇਂ ਬੰਦ ਰੱਖੇ, ਪਰ ਪ੍ਰਸ਼ਾਸਨਕ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਨਾ ਸਿਰਫ ਧੜੱਲੇ ਨਾਲ ਚੋਰ ਮੋਰੀਆਂ ਦੇ ਰਾਹੀਂ ਸ਼ਰਾਬ ਤੇ ਬੀਅਰ ਸ਼ਰੇਆਮ ਵੇਚੀ, ਬਲਕਿ ਆਮ ਦਿਨਾਂ ਨਾਲੋਂ ਵੱਧ ਕੀਮਤ ਵਸੂਲ ਕਰਕੇ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਵੀ ਮਾਰਿਆ ਗਿਆ।ਜ਼ੀਰਾ-ਫਿਰੋਜ਼ਪੁਰ ਰੋਡ 'ਤੇ ਸਥਿਤ ਸ਼ਰਾਬ ਠੇਕੇਦਾਰ ਦੇ ਦਫਤਰ ਦੇ ਬਾਹਰ ਬੀਤੇ ਦਿਨ ਸ਼ਾਮ ਸਮੇਂ ਸ਼ਰਾਬ ਖ੍ਰੀਦਣ ਵਾਲੇ ਲੋਕਾਂ ਦਾ ਹਜੂਮ ਲੱਗਾ ਰਿਹਾ, ਜਿਨ੍ਹਾਂ ਵਿੱਚੋਂ ਸ਼ਰਾਬ ਠੇਕੇਦਾਰ ਦੇ ਕਰਿੰਦੇ ਕਥਿਤ ਤੌਰ 'ਤੇ ਇਕੱਲੇ ਇਕੱਲੇ ਵਿਅਕਤੀ ਨੂੰ ਆਵਾਜ਼ ਮਾਰ ਕੇ ਸ਼ਰਾਬ ਵੇਚਦੇ ਵੇਖੇ ਗਏ।ਇੱਥੇ ਹੀ ਬਸ ਨਹੀਂ, ਬਲਕਿ ਪਿਆਕੜਾਂ ਦੀ ਮਜਬੂਰੀ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਆਮ ਕੀਮਤ ਤੋਂ ਵੱਧ ਕੀਮਤ ਵਸੂਲ ਕਰਕੇ ਉਨ੍ਹਾਂ ਦੀ ਸ਼ਰੇਆਮ ਆਰਥਿਕ ਲੁੱਟ ਵੀ ਕੀਤੀ ਗਈ।ਇਹ ਸਾਰਾ ਮਾਮਲਾ ਜਦੋਂ ਜ਼ੀਰਾ-ਫਿਰੋਜ਼ਪੁਰ ਰੋਡ ਤੋਂ ਹੀ ਲੰਘ ਰਹੇ ਐੱਸ ਡੀ ਐੱਮ-ਕਮ-ਚੋਣ ਰਿਟਰਨਿੰਗ ਅਫਸਰ ਜ਼ੀਰਾ ਗੁਰਮੀਤ ਸਿੰਘ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਉਨ੍ਹਾਂ ਮੌਕਾ ਵੇਖਣ ਦੀ ਬਜਾਏ ਥਾਣਾ ਸਿਟੀ ਜ਼ੀਰਾ ਦੇ ਐੱਸ ਐੱਚ ਓ ਨੂੰ ਫੋਨ ਕਰਕੇ ਸ਼ਰਾਬ ਠੇਕੇਦਾਰ ਦੇ ਦਫਤਰ ਕੋਲ ਗੇੜਾ ਮਾਰਨ ਦਾ ਕਹਿ ਕੇ ਗੋਂਗਲੂਆਂ ਤੋਂ ਮਿੱਟੀ ਝਾੜ ਦਿੱਤੀ, ਜਿਸ ਤੋਂ ਜ਼ਾਹਰ ਹੈ ਕਿ ਸਭ ਕੁਝ ਪ੍ਰਸ਼ਾਸਨ ਦੀ ਕਥਿਤ ਮਿਲੀਭੁਗਤ ਨਾਲ ਹੀ ਹੁੰਦਾ ਰਿਹਾ।ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਰਿਟਰਨਿੰਗ ਅਫਸਰਜ਼, ਮਾਣਯੋਗ ਚੋਣ ਕਮਿਸ਼ਨਰ ਪੰਜਾਬ ਇਸ ਸਬੰਧ ਵਿੱਚ ਸ਼ਰਾਬ ਠੇਕੇਦਾਰ ਤੇ ਐੱਸ ਡੀ ਐੱਮ-ਕਮ-ਚੋਣ ਰਿਟਰਨਿੰਗ ਅਫਸਰ ਜ਼ੀਰਾ ਗੁਰਮੀਤ ਸਿੰਘ ਦੇ ਖਿਲਾਫ ਕੋਈ ਕਾਰਵਾਈ ਅਮਲ ਵਿੱਚ ਲਿਆਉਂਦੇ ਹਨ ਜਾਂ ਨਹੀਂ।

# ਬੀਰ ਖੁਰਦ 'ਚ ਲਾਈ ਠੰਢੇ-ਮਿੱਠੇ ਜਲ ਦੀ ਛਬੀਲ



**ਭੀਖੀ (ਧਰਮਵੀਰ ਸ਼ਰਮਾ)**-ਭਿਆਨਕ ਗਰਮੀ ਤੋਂ ਰਾਹਤ ਦਿਵਾਉਣ ਲਈ ਪਿੰਡ ਬੀਰ ਖੁਰਦ ਦੇ ਵਾਸੀਆਂ ਵੱਲੋਂ ਬੱਸ ਸਟੈਂਡ ਤੇ ਰਾਹਗੀਰਾਂ ਲਈ ਠੰਢੇ ਤੇ ਮਿੱਠੇ ਜਲ ਦੀ ਛਬੀਲ ਲਾਈ ਗਈ।

ਇਸ ਛਬੀਲ ਮੌਕੇ ਭਾਜਪਾ ਆਗੂ ਡਾ. ਗੁਰਤੇਜ ਸਿੰਘ ਚਹਿਲ ਸਾਬਕਾ ਸਰਪੰਚ ਸਮਾਓਂ ਨੇ ਆਪਣਾ ਵਿੱਤੀ ਯੋਗਦਾਨ ਦਿੰਦਿਆਂ ਕਿਹਾ ਕਿ ਜਲ ਸੇਵਾ ਇੱਕ ਉੱਤਮ ਸੇਵਾ ਹੈ, ਇਸ ਲਈ ਪੈ ਰਹੀ ਭਿਆਨਕ ਗਰਮੀ ਨੂੰ ਦੇਖਦਿਆਂ ਹਰ ਇੱਕ ਨੂੰ ਆਪੋ ਵਪਾਰਕ ਸੰਸਥਾਵਾਂ, ਘਰਾਂ ਤੇ ਹੋਰ ਸਾਂਝੀਆਂ ਥਾਵਾਂ 'ਤੇ ਪਾਣੀ ਦੀ ਸੇਵਾ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਘਰਾਂ ਦੀਆਂ ਛੱਤਾਂ ਤੇ ਹੋਰ ਥਾਵਾਂ 'ਤੇ ਪੰਛੀਆਂ ਲਈ ਵੀ ਪਾਣੀ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ।ਉਨ੍ਹਾਂ ਇਸ ਮੌਕੇ ਗਲੋਬਲ ਵਾਰਮਿੰਗ ਘੱਟ ਕਰਨ ਲਈ ਵੱਧ ਵੱਧ ਰੁੱਖ ਲਗਾਉਣ ਦੀ ਪ੍ਰੇਰਣਾ ਵੀ ਦਿੱਤੀ।ਇਸ ਮੌਕੇ ਲਵਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਦਵਿੰਦਰ ਸਿੰਘ, ਬਲਕਾਰ ਸਿੰਘ, ਜੋਤ ਸਿੰਘ, ਗੁਰਤੇਜ ਸਿੰਘ, ਲਵਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਨਹਿਰ ਸਿੰਘ, ਦਵਿੰਦਰ ਸਿੰਘ, ਬਲਕਾਰ ਸਿੰਘ, ਹਰਮਨ ਸਿੰਘ, ਜਸਕਰਨ ਸਿੰਘ, ਲਾਭ ਸਿੰਘ, ਬਲਵੀਰ ਸਿੰਘ ਸਾਬਕਾ ਸਰਪੰਚ ਖੀਵਾ ਕਲਾਂ ਹਾਜ਼ਰ ਸਨ।

# ਡੀ ਆਈ ਜੀ ਹਰਚਰਨ ਸਿੰਘ ਭੁੱਲਰ ਵੱਲੋਂ ਪੋਲਿੰਗ ਬੂਥਾਂ ਦਾ ਜਾਇਜ਼ਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼ਨੀਵਾਰ ਲੋਕ ਸਭਾ ਚੋਣਾਂ ਦੀ ਚੱਲ ਰਹੀ ਪੋਲਿੰਗ ਦੇ ਮੱਦੇਨਜ਼ਰ ਪਟਿਆਲਾ ਰੇਂਜ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਸ਼ਹਿਰ ਦੇ ਪੋਲਿੰਗ ਬੂਥਾਂ ਦੀ ਚੈਕਿੰਗ ਕਰਦਿਆਂ ਚੋਣ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਸ ਮੌਕੇ ਜਿੱਥੇ ਉਨ੍ਹਾਂ ਪੁਲਸ ਅਮਲੇ ਦਾ ਹਾਲ ਚਾਲ ਪੁੱਛਿਆ, ਉਥੇ ਉਨ੍ਹਾਂ ਵੱਲੋਂ ਅੱਤ ਦੀ ਗਰਮੀ ਵਿੱਚ ਜਜ਼ਬੇ ਨਾਲ ਕੀਤੀ ਜਾ ਰਹੀ ਡਿਊਟੀ ਬਦਲੇ ਹੌਸਲਾ ਅਫ਼ਜ਼ਾਈ ਵੀ ਕੀਤੀ।ਇਸ ਮੌਕੇ ਡੀ.ਐੱਸ.ਪੀ. ਧੂਰੀ ਤਲਵਿੰਦਰ ਸਿੰਘ ਗਿੱਲ ਤੇ ਐੱਸ.ਐੱਚ.ਓ. ਸਿਟੀ ਸੌਰਭ ਸੱਭਰਵਾਲ ਵੀ ਉਨ੍ਹਾਂ ਨਾਲ ਹਾਜ਼ਰ ਸਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਵੋਟਰਾਂ ਵੱਲੋਂ ਪੂਰੇ ਅਮਨ ਅਮਾਨ ਨਾਲ ਵੋਟਾਂ ਪਾਈਆਂ ਜਾ ਰਹੀਆਂ ਹਨ।ਪੁਲਸ ਵੱਲੋਂ ਹਰ ਪੋਲਿੰਗ ਬੂਥਾਂ 'ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਅਤੇ ਫਲਾਇੰਗ ਸਕੁਐਡ ਵੀ ਤਾਇਨਾਤ ਕੀਤੇ ਹੋਏ ਹਨ ਅਤੇ ਪੁਲਸ ਪਾਰਟੀਆਂ ਵੱਲੋਂ ਲਗਾਤਾਰ ਪੈਟਰੋਲਿੰਗ ਕੀਤੀ ਜਾ ਰਹੀ ਹੈ ਅਤੇ ਹਰ ਪੋਲਿੰਗ ਬੂਥ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਕਿਸੇ ਨੂੰ ਵੀ ਗੈਰ-ਕਾਨੂੰਨੀ ਗਤੀਵਿਧੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

# ਸਟੇਸ਼ਨਰੀ ਦੇ ਵੱਡੇ ਸ਼ੋਅਰੂਮ 'ਚ ਲੱਗੀ ਭਿਆਨਕ ਅੱਗ, ਕਰੋੜਾਂ ਦਾ ਨੁਕਸਾਨ

- ਸੱਤ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ ਬੁਝਾਉਣ 'ਚ ਲੱਗੀਆਂ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ, ਨਿਸ਼ਾਨ ਸਿੰਘ ਬਣਵਾਲਾ)**

ਪਾਤੜਾਂ ਸ਼ਹਿਰ 'ਚ ਬਹੁਤ ਦੁੱਖਦਾਈ ਘਟਨਾ ਵਾਪਰੀ ਹੈ। ਜਾਖਲ ਰੋਡ ਸਥਿਤ ਕੌਹਰੀਆਂ ਵਾਲਿਆਂ ਦੇ ਕਈ ਮੰਜ਼ਿਲੇ ਕਿਤਾਬਾਂ ਦੇ ਸ਼ੋ-ਰੂਮ 'ਚ ਭਿਆਨਕ ਅੱਗ ਲੱਗਣ ਕਾਰਨ ਕਰੋੜਾਂ ਦਾ ਨੁਕਸਾਨ ਹੋ ਗਿਆ ਹੈ।ਅੱਗ ਇੰਨੀ ਭਿਆਨਕ ਸੀ ਕਿ ਉਸ ਨੇ ਨਾਲ ਲਗਦੀਆਂ ਦੋ ਦੁਕਾਨਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ।ਇਸ ਤੋਂ ਪਹਿਲਾਂ ਉਕਤ ਦੋਵਾਂ ਦੁਕਾਨਾਂ ਵਿੱਚੋਂ ਸਾਮਾਨ ਕੱਢ ਲਿਆ ਗਿਆ ਸੀ।ਮੌਕੇ 'ਤੇ ਪਹੁੰਚੇ ਡੇਰਾ ਸੱਚਾ ਸੌਦਾ ਸਿਰਸਾ ਦੀ ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਫੋਰਸ ਵਿੰਗ ਦੇ ਸੇਵਾਦਾਰਾਂ ਨੇ ਕਈ ਘੰਟਿਆਂ ਦੀ ਜੱਦੋ ਜਹਿਦ ਤੋਂ ਬਾਅਦ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਜਿੱਥੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਦੀਆਂ ਲਪਟਾਂ ਲਗਾਤਾਰ ਤੇਜ਼ ਹੁੰਦੀਆਂ ਗਈਆਂ। ਜਿਸ ਮਗਰੋਂ ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ ਉੱਤੇ ਪਹੁੰਚੀਆਂ, ਪਰ ਅੱਗ ਉੱਤੇ ਕਾਬੂ ਨਾ ਪਾਏ ਜਾ ਸਕਣ ਕਰਕੇ ਹੋਰ ਗੱਡੀਆਂ ਮੰਗਵਾਉਣੀਆਂ ਪਈਆਂ।ਖਬਰ ਲਿਖੇ ਜਾਣ ਵੇਲੇ ਤੱਕ ਸਮਾਣਾ, ਪਟਿਆਲਾ, ਸੰਗਰੂਰ, ਖਨੌਰੀ ਤੇ ਮਾਨਸਾ ਤੋਂ 7 ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ ਬੁਝਾਉਣ ਦੀ ਲਗਾਤਾਰ ਕੋਸ਼ਿਸ਼ ਵਿੱਚ ਲੱਗੀਆਂ ਹੋਈਆਂ ਸਨ।ਜਾਣਕਾਰੀ ਅਨੁਸਾਰ ਸਵੇਰੇ ਲਗਭਗ 6 ਵਜੇ ਜਾਖਲ ਰੋਡ ਤੋਂ ਲੰਘ ਰਹੇ ਵਿਨੋਦ ਕੁਮਾਰ ਅੰਬੇ ਮੋਟਰਜ਼ ਨੇ ਦੁਕਾਨ 'ਚ ਅੱਗ ਲੱਗਣ ਦੀ ਸੂਚਨਾ ਦਿੱਤੀ।ਪਤਾ ਲੱਗਦਿਆਂ ਹੀ ਵੱਡੀ ਗਿਣਤੀ ਵਿੱਚ ਡੇਰਾ ਪ੍ਰੇਮੀ ਮੌਕੇ 'ਤੇ ਪੁੱਜ ਕੇ ਅੱਗ ਬੁਝਾਉਣ ਵਿੱਚ ਜੁਟ ਗਏ।

ਅੱਗ ਇੰਨੀ ਭਿਆਨਕ ਸੀ ਕਿ ਚਾਰੇ ਪਾਸੇ ਧੂਏਂ ਦਾ ਗੁਬਾਰ ਨਜ਼ਰ ਆਉਣ ਲੱਗਾ।ਗਨੀਮਤ ਇਹ ਰਹੀ ਕਿ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਹੋਣੋਂ ਬਚਾਅ ਹੋ ਗਿਆ।

# 'ਆਪ' ਉਮੀਦਵਾਰ ਪੱਪੀ ਨੇ ਪਾਈ ਵੋਟ



**ਲੁਧਿਆਣਾ (ਰਾਜ ਸਿੰਗਲਾ)**-ਲੋਕ ਸਭਾ ਹਲਕਾ ਲੁਧਿਆਣਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਲੁਧਿਆਣਾ ਸੈਂਟਰ ਦੇ ਐੱਮ ਐੱਲ ਏ ਅਸ਼ੋਕ ਪਰਾਸ਼ਰ ਪੱਪੀ ਨੇ ਆਪਣੇ ਪਰਿਵਾਰ ਸਮੇਤ ਸਵੇਰੇ ਪੋਲਿੰਗ ਬੂਥ 'ਤੇ ਜਾ ਕੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਅਤੇ ਦਾਅਵਾ ਕੀਤਾ ਕਿ ਲੁਧਿਆਣੇ ਦੇ ਵੋਟਰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਵੋਟਾਂ ਪਾਉਣਗੇ।

# ਅਧਿਆਪਕਾਂ ਦੀ ਲਗਾਈ ਵਰਕਸ਼ਾਪ 'ਚ ਡਾ. ਸਕਰੌਂਦੀ ਨੇ ਕੀਤੀ ਸ਼ਮੂਲੀਅਤ



**ਸੰਗਰੂਰ (ਪ੍ਰਵੀਨ ਸਿੰਘ)**-ਪ੍ਰਿੰਸੀਪਲ ਸੰਤ ਸਿੰਘ ਦੀ ਯੋਗ ਅਗਵਾਈ ਵਿੱਚ ਡੀ.ਏ.ਵੀ. ਪਬਲਿਕ ਸਕੂਲ ਧੂਰੀ ਦੇ ਅਧਿਆਪਕਾਂ ਲਈ ਰਿਫਰੈਸ਼ਰ ਕੋਰਸ ਲਈ ਇੱਕ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਡਾ. ਇਕਬਾਲ ਸਿੰਘ ਸਕਰੌਂਦੀ ਰਿਟਾਇਰਡ ਪ੍ਰਿੰਸੀਪਲ ਵਿਸ਼ੇਸ਼ ਤੌਰ 'ਤੇ ਪੁੱਜੇ।ਸਭ ਤੋਂ ਪਹਿਲਾਂ ਪ੍ਰਿੰਸੀਪਲ ਸੰਤ ਸਿੰਘ ਨੇ ਅਧਿਆਪਕਾਂ ਲਈ ਵਰਕਸ਼ਾਪ ਦੀ ਮਹੱਤਤਾ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਡਾ. ਇਕਬਾਲ ਸਿੰਘ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ, ਇਸ ਲਈ ਸਕੂਲ ਮੁਖੀਆਂ, ਅਧਿਆਪਕਾਂ, ਮੈਨੇਜਮੈਂਟ ਕਮੇਟੀ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਣਾ ਹੈ।ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਉਨ੍ਹਾਂ ਨੂੰ ਯੋਗ ਅਗਵਾਈ, ਚੰਗੀ ਪੜ੍ਹਾਈ ਦੇਣ ਦੇ ਨਾਲ਼-ਨਾਲ਼ ਉੱਚ ਨੈਤਿਕ ਕਦਰਾਂ ਕੀਮਤਾਂ ਦੇਣੀਆਂ ਵੀ ਬੜੀਆਂ ਜ਼ਰੂਰੀ ਤੇ ਮੁੱਲਵਾਨ ਹਨ।ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਨੂੰ ਸੇਧ ਦੇਣ ਦੀ ਲੋੜ ਹੈ ਕਿ ਉਨ੍ਹਾਂ ਦਾ ਮੋਬਾਇਲ ਫ਼ੋਨ ਦੀ ਸੰਜਮ ਨਾਲ਼ ਵਰਤੋਂ ਕਰਦੇ ਹੋਏ ਪੁਸਤਕਾਂ ਨਾਲ਼ ਜੁੜੇ ਰਹਿਣਾ ਬਹੁਤ ਹੀ ਜ਼ਰੂਰੀ ਹੈ। ਇਸ ਮੌਕੇ ਉਨ੍ਹਾਂ ਆਪਣੇ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਗੁਨਾਹਗਾਰ ਕੌਣ' ਸੰਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਇਸ ਸੰਗ੍ਰਹਿ ਵਿਚਲੀਆਂ ਚੌਵੀ ਕਹਾਣੀਆਂ ਬਚਪਨ ਵਿੱਚ ਤੰਗੀਆਂ ਤੁਰਸ਼ੀਆਂ ਤੇ ਥੁੜਾਂ ਭਰਿਆ ਲੰਘਿਆ ਸੰਘਰਸ਼ਮਈ ਜੀਵਨ, ਵਿਦਿਆਰਥੀ ਜੀਵਨ ਵਿੱਚ ਲੜਕੀਆਂ ਨੂੰ ਆਉਂਦੀਆਂ ਸਮੱਸਿਆਵਾਂ, ਮਿਹਨਤੀ, ਸਿਰੜੀ, ਇਮਾਨਦਾਰ, ਅਣਥੱਕ ਅਧਿਆਪਕ, ਨਸ਼ਾ ਕਰਦੇ ਮਤ੍ਰੇਏ ਪਿਉ, ਦਾਜ ਦਹੇਜ ਦਾ ਵਿਰੋਧ ਕਰਨ ਵਾਲ਼ੇ ਨੌਜਵਾਨਾਂ ਨੂੰ ਕੇਂਦਰ ਵਿੱਚ ਰੱਖ ਕੇ ਸਿਰਜੀਆਂ ਗਈਆਂ ਹਨ।ਅੰਤ ਵਿੱਚ ਸਕੂਲ ਦੇ ਡਾਇਰੈਕਟਰ ਸੁਖਵਿੰਦਰ ਪਾਲ ਨੇ ਡਾ. ਇਕਬਾਲ ਸਿੰਘ ਸਕਰੌਂਦੀ ਦਾ ਵਿਸ਼ੇਸ਼ ਤੌਰ 'ਤੇ ਵਰਕਸ਼ਾਪ ਵਿੱਚ ਪਹੁੰਚ ਕੇ ਅਧਿਆਪਕਾਂ ਨੂੰ ਯੋਗ ਅਗਵਾਈ ਦੇਣ ਲਈ, ਅਧਿਆਪਕਾਂ ਵੱਲੋਂ ਬੁਲਾਰੇ ਨੂੰ ਬਹੁਤ ਹੀ ਧਿਆਨ ਨਾਲ਼ ਸੁਣਨ ਲਈ ਤੇ ਉਨ੍ਹਾਂ ਨਾਲ਼ ਸੰਵਾਦ ਰਚਾਉਣ ਲਈ ਧੰਨਵਾਦ ਕੀਤਾ।

# ਜ਼ਿਲ੍ਹਾ ਚੋਣ ਅ.ਫਸਰ ਨੇ ਕੀਤਾ ਵੋਟ ਦੇ ਹੱਕ ਦਾ ਇਸਤੇਮਾਲ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਮਾਨਸਾ ਵਿਖੇ ਸਥਾਪਤ ਪੋਲਿੰਗ ਬੂਥ ਨੰਬਰ 82 'ਤੇ ਵੋਟ ਪਾਉਣ ਲਈ ਲੱਗੀ ਲਾਈਨ ਵਿੱਚ ਲੱਗ ਕੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ।ਇਸ ਮੌਕੇ ਲੋਕਾਂ ਨੂੰ ਸੁਨੇਹਾ ਦਿੰਦਿਆਂ ਉਨ੍ਹਾ ਕਿਹਾ ਕਿ ਚੋਣਾਂ ਦੇ ਇਸ ਪਰਵ ਵਿੱਚ ਹਰ ਇੱਕ ਵੋਟਰ ਨੂੰ ਆਪਣੀ ਭਾਗੀਦਾਰੀ ਯਕੀਨੀ ਬਣਾਉਣੀ ਚਾਹੀਦੀ ਹੈ।ਹਰੇਕ ਜ਼ਿਲ੍ਹਾ ਵਾਸੀ ਨੂੰ ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਸੰਵਿਧਾਨਕ ਤੌਰ 'ਤੇ ਮਿਲੇ ਵੋਟ ਦੇ ਹੱਕ ਦੀ ਵਰਤੋਂ ਲਾਜ਼ਮੀ ਕਰਨੀ ਚਾਹੀਦੀ ਹੈ।ਉਨ੍ਹਾ ਕਿਹਾ ਕਿ ਸਾਨੂੰ ਬਿਨਾਂ ਡਰ, ਭੈਅ, ਲਾਲਚ, ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨਾਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ ਤੇ ਹਰੇਕ ਦੂਜੇ ਲੋਕਾਂ ਨੂੰ ਵੀ ਵੋਟ ਦੀ ਮਹੱਤਤਾ ਬਾਰੇ ਪ੍ਰੇਰਿਤ ਕਰੀਏ ਤਾਂ ਜੋ ਕੋਈ ਵੀ ਵੋਟਰ ਵੋਟ ਦੇ ਹੱਕ ਤੋਂ ਵਾਂਝਾ ਨਾ ਰਹੇ।ਉਨ੍ਹਾਂ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਆਪਣੀ ਸਮਝ ਤੇ ਪੂਰੇ ਉਤਸ਼ਾਹ ਨਾਲ ਵਧ ਚੜ੍ਹ ਕੇ ਵੋਟ ਪਾਉਣ ਦੀ ਅਪੀਲ ਕੀਤੀ।

# ਖੇੜੀ ਨੌਧ ਸਿੰਘ ਪੁਲਸ ਵੱਲੋਂ 96 ਬੋਤਲਾਂ ਸ਼ਰਾਬ ਸਮੇਤ ਦੋ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖੇੜੀ ਨੌਧ ਸਿੰਘ ਥਾਣੇ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ 96 ਬੋਤਲਾਂ ਸ਼ਰਾਬ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮੁਖਬਰੀ ਦੇ ਆਧਾਰ 'ਤੇ ਥਾਣਾ ਖੇੜੀ ਨੌਧ ਸਿੰਘ ਦੇ ਸਹਾਇਕ ਥਾਣੇਦਾਰ ਲਖਵੀਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਬਡਲਾ ਚੌਕ 'ਚ ਕੀਤੀ ਗਈ ਨਾਕਾਬੰਦੀ ਦੌਰਾਨ ਇੱਕ ਆਈ 20 ਕਾਰ 'ਚੋਂ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 60 ਬੋਤਲਾਂ ਬਰਾਮਦ ਕੀਤੀਆਂ ਗਈਆਂ, ਜਿਸ 'ਤੇ ਸੰਦੀਪ ਸਿੰਘ ਵਾਸੀ ਪਿੰਡ ਮੀਰਪੁਰ ਨੂੰ ਅ/ਧ 61/1/14 ਆਬਕਾਰੀ ਐਕਟ ਤਹਿਤ ਗ੍ਰਿਫਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ 'ਚ ਥਾਣਾ ਖੇੜੀ ਨੌਧ ਸਿੰਘ ਦੇ ਹੀ ਸਹਾਇਕ ਥਾਣੇਦਾਰ ਸੁਰਿੰਦਰਪਾਲ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਮੁਖਬਰੀ ਦੇ ਆਧਾਰ 'ਤੇ ਪਿੰਡ ਮਾਜਰੀ ਵਿਖੇ ਛਾਪੇਮਾਰੀ ਕੀਤੀ ਗਈ ਤਾਂ ਗੁਰਿੰਦਰ ਸਿੰਘ ਵਾਸੀ ਪਿੰਡ ਮਾਜਰੀ ਦੇ ਕਬਜ਼ੇ 'ਚੋਂ ਚੰਡੀਗੜ੍ਹ 'ਚ ਵਿਕਣਯੋਗ ਵਿਸਕੀ ਦੀਆਂ 12 ਬੋਤਲਾਂ ਤੇ ਹਰਿਆਣਾ 'ਚ ਵਿਕਣਯੋਗ ਸ਼ਰਾਬ ਦੀਆਂ 24 ਬੋਤਲਾਂ ਬਰਾਮਦ ਹੋਈਆਂ। ਗੁਰਿੰਦਰ ਸਿੰਘ ਨੂੰ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਖੇੜੀ ਨੌਧ ਸਿੰਘ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਕੁਆਰਟਰ ਅਲਾਟਮੈਂਟ ਲਈ ਕੀਤੀ ਜਾ ਰਹੀ ਖੱਜਲ-ਖ਼ੁਆਰੀ ਤੋਂ ਡੀ ਟੀ ਐੱਫ ਖ਼ਫ਼ਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਜ਼ਿਲ੍ਹਾ ਪ੍ਰਸ਼ਾਸਨ ਤੇ ਸਿੱਖਿਆ ਅਧਿਕਾਰੀਆਂ ਵੱਲੋਂ ਅਧਿਆਪਕ ਦੀ ਸਰਕਾਰੀ ਕੁਆਰਟਰ ਅਲਾਟਮੈਂਟ ਲਈ ਕੀਤੀ ਜਾ ਰਹੀ ਖੱਜਲ ਖ਼ੁਆਰੀ ਵਿਰੁੱਧ ਡੈਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਸੰਗਰੂਰ ਨੇ ਨਾਰਾਜ਼ਗੀ ਜਤਾਈ ਹੈ।

ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਦੇ ਕਾਰਕੁਨ ਮੱਖਣ ਸਿੰਘ ਐਸੋਸੀਏਟ ਅਧਿਆਪਕ ਨੂੰ ਸਰਕਾਰੀ ਕੁਆਰਟਰ ਅਲਾਟ ਕਰਾਉਣ ਲਈ ਉਨ੍ਹਾਂ ਦੀ ਜਥੇਬੰਦੀ ਲਗਭਗ ਇੱਕ ਮਹੀਨੇ ਤੋਂ ਸਹਾਇਕ ਕਮਿਸ਼ਨਰ (ਜਨਰਲ) ਸੰਗਰੂਰ ਦੇ ਦਫ਼ਤਰ ਦੇ ਚੱਕਰ ਕੱਢ ਰਹੀ ਹੈ, ਪ੍ਰੰਤੂ ਪਰਨਾਲਾ ਉਥੇ ਦਾ ਉਥੇ ਹੈ।ਉਕਤ ਅਧਿਕਾਰੀ ਉਪਿੰਦਰਜੀਤ ਕੌਰ ਬਰਾੜ ਦੁਆਰਾ ਅੱਜ ਚੋਣਾਂ ਦੇ ਕੰਮ ਵਿੱਚ ਰੁੱਝੇ ਹੋਣ ਦਾ ਕਹਿ ਕੇ ਜਥੇਬੰਦੀ ਨੂੰ ਮਿਲਣ ਤੋਂ ਵੀ ਇਨਕਾਰ ਕਰ ਦਿੱਤਾ ਗਿਆ, ਜਿਸ ਕਾਰਨ ਜਥੇਬੰਦੀ ਵਿੱਚ ਭਾਰੀ ਰੋਸ ਹੈ।ਇਸ ਮੌਕੇ ਸਕੱਤਰ ਹਰਭਗਵਾਨ ਗੁਰਨੇ ਨੇ ਕਿਹਾ ਕਿ ਦੋ ਅਧਿਆਪਕਾਂ ਨੇ ਇੱਕੋ ਸਮੇਂ ਨਵੰਬਰ 2023 ਵਿੱਚ ਕੁਆਰਟਰ ਅਲਾਟਮੈਂਟ ਦੇ ਕੇਸ ਇਸ ਦਫ਼ਤਰ ਵਿਖੇ ਦਿੱਤੇ ਸਨ।ਦੂਜੇ ਅਧਿਆਪਕ ਨੂੰ ਤਾਂ ਦਸ ਦਿਨਾਂ ਦੇ ਅੰਦਰ ਹੀ ਕੁਆਰਟਰ ਅਲਾਟ ਕਰ ਦਿੱਤਾ ਗਿਆ, ਪ੍ਰੰਤੂ ਮੱਖਣ ਸਿੰਘ ਦੀ ਖੱਜਲ ਖ਼ੁਆਰੀ ਕਰਵਾਈ ਜਾ ਰਹੀ ਹੈ ਤੇ ਇਹ ਕਿਹਾ ਜਾ ਰਿਹਾ ਹੈ ਕਿ ਡਿਪਟੀ ਕਮਿਸ਼ਨਰ ਸੰਗਰੂਰ ਦੁਆਰਾ ਤੈਅ ਕੀਤੇ ਨਿਯਮ ਅਨੁਸਾਰ ਬੀ.ਪੀ.ਈ.ਓ. ਤੋਂ ਜ਼ਮਾਨਤੀ ਬਾਂਡ ਲਿਆ ਕੇ ਦਿੱਤਾ ਜਾਵੇ।ਦੂਜੇ ਪਾਸੇ ਬਲਾਕ ਸੰਗਰੂਰ-1 ਦੇ ਬੀ.ਪੀ.ਈ.ਓ. ਗੁਰਮੀਤ ਸਿੰਘ ਦੁਆਰਾ ਡਿਪਟੀ ਕਮਿਸ਼ਨਰ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਇਹ ਜ਼ਮਾਨਤੀ ਬਾਂਡ ਦੇਣ ਦੀ ਥਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਤੋਂ ਇਹ ਬਾਂਡ ਦੇਣ ਜਾਂ ਨਾ ਦੇਣ ਦੀ ਅਗਵਾਈ ਮੰਗੀ ਹੈ, ਜਿਨ੍ਹਾਂ ਨੇ ਅੱਗੇ ਇਹ ਕੇਸ ਅਗਵਾਈ ਲਈ ਮੁੱਖ ਦਫਤਰ ਮੁਹਾਲੀ ਵਿਖੇ ਭੇਜ ਦਿੱਤਾ ਗਿਆ ਹੈ।ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦੇ ਦਫ਼ਤਰ ਦੇ ਨਿਯਮਾਂ ਅਨੁਸਾਰ ਹੁਕਮ ਮੰਨਣ ਦੀ ਥਾਂ ਇਸ ਕੇਸ ਨੂੰ ਬੇਲੋੜੀਆਂ ਕਾਗਜ਼ੀ ਕਰਵਾਈਆਂ ਵਿੱਚ ਪਾਉਣਾ ਦਿਖਾਉਂਦਾ ਹੈ ਕਿ ਜ਼ਿਲ੍ਹੇ ਦੇ ਸਿੱਖਿਆ ਅਧਿਕਾਰੀ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਹੁਕਮਾਂ ਜਾਂ ਨਿਯਮਾਂ ਨੂੰ ਕੁਝ ਨਹੀਂ ਸਮਝਦੇ ਅਤੇ ਨਾ ਹੀ ਡਿਪਟੀ ਕਮਿਸ਼ਨਰ ਦਾ ਦਫ਼ਤਰ ਉਨ੍ਹਾਂ ਨੂੰ ਹੁਕਮ ਮੰਨਣ ਲਈ ਪਾਬੰਦ ਕਰਦਾ ਹੈ, ਜਿਸ ਦੇ ਸਿੱਟੇ ਵਜੋਂ ਅਧਿਆਪਕਾਂ ਦੀ ਖੱਜਲ-ਖੁਆਰੀ ਹੁੰਦੀ ਹੈ। ਜਥੇਬੰਦਕ ਸਕੱਤਰ ਪਵਨ ਕੁਮਾਰ ਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਜਦੋਂ ਜਥੇਬੰਦੀ ਦੇ ਰਾਹੀਂ ਵੀ ਅਧਿਆਪਕ ਦੀ ਸੁਣਵਾਈ ਨਹੀਂ ਹੋ ਰਹੀ ਤਾਂ ਇਕੱਲੇ ਇਕਹਿਰੇ ਅਧਿਆਪਕ ਦੀ ਕਿੰਨੀ ਕੁ ਸੁਣਵਾਈ ਹੁੰਦੀ ਹੋਵੇਗੀ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।ਆਗੂਆਂ ਨੇ ਅੰਤ ਵਿੱਚ ਕਿਹਾ ਕਿ ਉਹ ਇਸ ਮਸਲੇ ਵਿੱਚ ਹੁਣ ਉੱਚ ਅਧਿਕਾਰੀਆਂ ਦਾ ਰੁਖ਼ ਕਰਨਗੇ ਤੇ ਜੇਕਰ ਫੇਰ ਵੀ ਮਸਲਾ ਹੱਲ ਨਹੀਂ ਹੁੰਦਾ ਤਾਂ ਜਥੇਬੰਦੀ ਨੂੰ ਇਸ ਮਸਲੇ ਉੱਤੇ ਜਥੇਬੰਦਕ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।

# ਹੋਣਹਾਰ ਵਿਦਿਆਰਥੀ ਐੱਫ ਜੀ ਆਈ ਅਕਾਦਮਿਕ ਐਕਸੀਲੈਂਸ ਐਵਾਰਡ ਨਾਲ ਸਨਮਾਨਤ



ਤਿੰਨ ਜ਼ਿਲ੍ਹਿਆਂ ਦੇ ਹੋਣਹਾਰ ਵਿਦਿਆਰਥੀ ਐੱਫ.ਜੀ.ਆਈ. ਐਵਾਰਡ ਲੈਣ ਉਪਰੰਤ ਗਰੁੱਪ ਫੋਟੋ ਦੌਰਾਨ, ਸਟਾਰ ਕਲਾਕਾਰ ਪੇਸ਼ਕਾਰੀ ਦਿੰਦੇ ਹੋਏ, ਕਲਾਕਾਰਾਂ ਨੂੰ ਸਨਮਾਨਤ ਕਰਦੇ ਮੈਨੇਜਮੈਂਟ।

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਦਸਵੀਂ, ਬਾਰਵੀਂ ਦੇ ਨਤੀਜਿਆਂ ਵਿੱਚੋਂ 80 ਪ੍ਰਤੀਸ਼ਤ ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਲਈ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ (ਬਠਿੰਡਾ) ਵੱਲੋਂ ਐੱਫ.ਜੀ.ਆਈ. ਅਕਾਦਮਿਕ ਐਕਸੀਲੈਂਸ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਬਠਿੰਡਾ, ਮਾਨਸਾ ਤੇ ਬਰਨਾਲਾ ਜ਼ਿਲ੍ਹਿਆਂ ਦੇ ਵੱਖ ਵੱਖ ਸਰਕਾਰੀ, ਪ੍ਰਾਈਵੇਟ ਸਕੂਲਾਂ ਦੇ ਸੈਂਕੜੇ ਵਿਦਿਆਰਥੀਆਂ ਨੇ ਇਹ ਐਵਾਰਡ ਆਪਣੇ ਮਾਪਿਆਂ ਨਾਲ ਪ੍ਰਾਪਤ ਕਰਕੇ ਜਿੱਥੇ ਮਾਣ ਮਹਿਸੂਸ ਕੀਤਾ, ਉੱਥੇ ਫਤਿਹ ਕਾਲਜ ਦੇ ਚੇਅਰਮੈਨ ਐੱਸ. ਐੱਸ. ਚੱਠਾ ਸਮੇਤ ਸਮੂਹ ਮੈਨੇਜਮੈਂਟ ਤੇ ਹੋਣਹਾਰ, ਮਿਲਾਪੜੇ ਸਟਾਫ ਪ੍ਰਤੀ ਧੰਨਵਾਦ ਕਰਦਿਆਂ ਉਨ੍ਹਾਂ ਦੇ ਅਜਿਹੇ ਉੱਦਮ ਦੀ ਸ਼ਲਾਘਾ ਕਰਦਿਆਂ ਹਮੇਸ਼ਾ ਸੰਸਥਾ ਲਈ ਹਰ ਕਦਮ 'ਤੇ ਹਾਂ-ਪੱਖੀ ਸਹਿਯੋਗ ਦੀ ਹਾਮੀ ਭਰੀ।ਐਵਾਰਡ ਸਮਾਗਮ ਦੇ ਸਨਮਾਨਤ ਵਿਦਿਆਰਥੀਆਂ ਤੇ ਮਾਪਿਆਂ ਲਈ ਵਿਸ਼ੇਸ਼ ਰੰਗਾਰੰਗ ਸਮਾਗਮ ਕਾਲਜ ਵਿਦਿਆਰਥੀਆਂ ਤੇ ਪੰਜਾਬ ਦੇ ਪ੍ਰਸਿੱਧ ਗਾਇਕ ਅਵੀ ਸਿੱਧੂ, ਦੇਵ ਸੰਧੂ, ਫਿਲਮ ਐਕਟਰ ਰਾਹੁਲ ਜੇਤਲੀ, ਬਲਵਿੰਦਰ ਬੱਲੂ, ਅਨਮੋਲ ਵਰਮਾ, ਫਿਲਮ ਐਕਟ੍ਰੈੱਸ ਮਨਪ੍ਰੀਤ ਡੋਲੀ ਤੇ ਫਿਲਮ ਪ੍ਰਮੋਟਰ ਨਿਧੀ ਸ਼ੇਰਾਵਤ ਤੇ ਵਿਸ਼ਾਲ, ਅਮਨ ਵਿਸ਼ੇਸ਼ ਤੌਰ 'ਤੇ ਦਰਸ਼ਕਾਂ ਦੇ ਰੂਬਰੂ ਹੋ ਕੇ ਫਿਲਮ ਰੋਡੇ ਕਾਲਜ ਸੰਬੰਧੀ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਪ੍ਰੋਗਰਾਮ ਪੇਸ਼ ਕੀਤਾ।ਸਮਾਰੋਹ ਦੀ ਸ਼ੁਰੂਆਤ ਕਾਲਜ ਦੇ ਹੋਣਹਾਰ ਵਿਦਿਆਰਥੀ ਤੇ ਗਾਇਕ ਸਲੀਮ ਖਾਨ ਨੇ ਧਾਰਮਿਕ ਗੀਤ ਨਾਲ ਕੀਤੀ।ਸੰਸਥਾ ਦੇ ਚੇਅਰਮੈਨ ਐੱਸ ਐੱਸ ਚੱਠਾ ਨੇ ਆਏ ਹੋਏ ਮਹਿਮਾਨਾਂ ਸਮੇਤ ਹੋਣਹਾਰ ਵਿਦਿਆਰਥੀਆਂ ਦਾ ਖੁੱਲ੍ਹੇ ਦਿਲੋਂ ਸਵਾਗਤ ਕਰਦਿਆਂ ਉਨ੍ਹਾਂ ਦੇ ਭਵਿੱਖੀ ਜੀਵਨ ਵਿੱਚ ਕਾਮਯਾਬੀ ਲਈ ਕਾਮਨਾ ਕੀਤੀ।

ਉਨ੍ਹਾਂ ਵਿਦਿਆਰਥੀਆਂ ਨੂੰ ਕਾਮਯਾਬ ਹੋਣ ਲਈ ਦ੍ਰਿੜ੍ਹ ਸੰਕਲਪ ਤੇ ਮਿਹਨਤ ਨੂੰ ਅਹਿਮ ਦੱਸਦਿਆਂ ਕੁਝ ਗੰਭੀਰ ਨੁਕਤਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਹੋਣਹਾਰ ਵਿਦਿਆਰਥੀਆਂ ਲਈ ਸੰਸਥਾ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ, ਉਹ ਹਰ ਤਰ੍ਹਾਂ ਦੀ ਮਦਦ ਲਈ ਤਤਪਰ ਹਨ।

ਅੰਗਰੇਜ਼ੀ ਵਿਭਾਗ ਦੇ ਖੁਸ਼ਦੀਪ ਸੰਧੂ ਤੇ ਐਜੂਕੇਸ਼ਨ ਵਿਭਾਗ ਦੇ ਕ੍ਰਿਸ਼ਨ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਪੰਡਾਲ ਵਿੱਚ ਬੈਠੇ ਦਰਸ਼ਕਾਂ ਦੀ ਚੰਗੀ ਵਾਹ-ਵਾਹ ਖੱਟੀ।

ਸਮਾਰੋਹ ਦੌਰਾਨ ਸਨਮਾਨਤ ਵਿਦਿਆਰਥੀਆਂ ਤੇ ਮਾਪਿਆਂ ਲਈ ਖਾਣ-ਪੀਣ ਤੇ ਹੋਰ ਕਈ ਤਰ੍ਹਾਂ ਦੇ ਸੁਚੱਜੇ ਪ੍ਰਬੰਧਾਂ ਦੀ ਮਹਿਮਾਨਾਂ ਨੇ ਪ੍ਰਸੰਸਾ ਵੀ ਕੀਤੀ।ਸੰਸਥਾ ਦੇ ਐੱਮ ਡੀ ਮਨਜੀਤ ਕੌਰ ਚੱਠਾ, ਸਰਵਣ ਸਿੰਘ ਚੱਠਾ, ਸਹਾਇਕ ਡਾਇਰੈਕਟਰ ਪਬਲਿਕ ਰਿਲੇਸ਼ਨ ਐਂਡ ਡਿਵੈਲਪਮੈਂਟ ਹਰਪ੍ਰੀਤ ਸ਼ਰਮਾ, ਕਾਰਜਕਾਰੀ ਪ੍ਰਿੰਸੀਪਲ ਰਜਿੰਦਰ ਤ੍ਰਿਪਾਠੀ, ਸਹਾਇਕ ਡਾਇਰੈਕਟਰ ਐਡਮਿਨਸਟ੍ਰੇਸ਼ਨ ਜਸਵਿੰਦਰ ਸਿੰਘ, ਐਜੂਕੇਸ਼ਨ ਵਿਭਾਗ ਮੁਖੀ ਸੰਦੀਪ ਕੌਰ, ਕੰਪਿਊਟਰ ਵਿਭਾਗ ਮੁਖੀ ਚਰਨਜੀਤ ਕੌਰ, ਪ੍ਰੋ. ਅਨੀਕਾ, ਅਨੀਤਾ, ਖੇਡ ਵਿਭਾਗ ਮੁਖੀ ਕੁਲਦੀਪ ਸਿੰਘ, ਵਰਿੰਦਰ ਕੌਰ, ਕੁਲਵਿੰਦਰ ਸਿੰਘ, ਜਸਪ੍ਰੀਤ ਸਿੰਘ, ਹਰਜੀਤ ਕੌਰ, ਰੋਬਿਨ ਮੰਗਲਾ, ਜਸਪ੍ਰੀਤ ਕੌਰ, ਸਾਇਕਾਲੋਜੀ ਵਿਭਾਗ ਮੁਖੀ ਮਨਦੀਪ ਕੌਰ, ਸੋਸ਼ਲ ਮੀਡੀਆ ਇੰਚਾਰਜ ਸੋਨੀਆ, ਹਰਨੂਰ ਸਿੰਘ, ਸਾਇੰਸ ਵਿਭਾਗ ਦੇ ਕਮਲਪ੍ਰੀਤ ਕੌਰ, ਸੁਖਵੀਰ ਸਿੰਘ, ਸਾਇੰਸ ਵਿਭਾਗ ਮੁਖੀ ਕਰਮਜੀਤ ਕੌਰ, ਬੰਧਨਾ ਸ਼ਰਮਾ, ਰੀਵਾ ਜੈਨ, ਰੌਮੀ ਸਿੰਗਲਾ, ਮੁਕੇਸ਼ ਰਾਣੀ ਸਮੇਤ ਸਮੂਹ ਸਟਾਫ ਨੇ ਸਨਮਾਨਤ ਵਿਦਿਆਰਥੀਆਂ ਤੇ ਮਾਪਿਆਂ ਨੂੰ ਇਸ ਵਿਸ਼ੇਸ਼ ਪ੍ਰਾਪਤੀ ਦੀਆਂ ਮੁਬਾਰਕਾਂ ਦਿੱਤੀਆਂ।

# ਚੋਣਾਂ ਦੇ ਬਾਈਕਾਟ ਕਾਰਨ ਅਖਾੜਾ ਵਾਸੀਆਂ ਨੇ ਨਹੀਂ ਲੱਗਣ ਦਿੱਤਾ ਕੋਈ ਵੀ ਬੂਥ

**ਪਿੰਡ 'ਚ ਲੱਗ ਰਹੀ ਗੈਸ ਫੈਕਟਰੀ ਖਿਲਾਫ ਚੱਲ ਰਹੇ ਧਰਨੇ ਦੌਰਾਨ ਪ੍ਰਸ਼ਾਸਨ ਵੱਲੋਂ ਕੋਈ ਵੀ ਸੁਣਵਾਈ ਨਾ ਕਰਨ ਦਾ ਦੋਸ਼**



**ਜਗਰਾਓਂ (ਅਮਿਤ ਖੰਨਾ)-** ਨੇੜਲੇ ਪਿੰਡ ਅਖਾੜਾ ਵਿਖੇ ਲੱਗ ਰਹੀ ਗੈਸ ਫੈਕਟਰੀ ਖ਼ਿਲਾਫ਼ ਚੱਲ ਰਹੇ ਲਗਾਤਾਰ ਦਿਨ-ਰਾਤ ਦੇ ਧਰਨੇ 'ਚ ਸੰਘਰਸ਼ ਮੋਰਚੇ ਵੱਲੋਂ ਅੱਜ ਵੋਟਾਂ ਦਾ ਬਾਈਕਾਟ ਕਰਦਿਆਂ ਪਿੰਡ ਵਿੱਚ ਇੱਕ ਵੀ ਚੋਣ ਬੂਥ ਨਹੀਂ ਲੱਗਣ ਦਿੱਤਾ ਗਿਆ।ਤਕਰੀਬਨ 3300 ਵੋਟਾਂ ਵਾਲੇ ਇਸ ਪਿੰਡ ਵਿੱਚ ਚੋਣ ਕਮਿਸ਼ਨ ਵੱਲੋਂ ਤਿੰਨ 148-149 ਤੇ 150 ਨੰਬਰ ਦੇ ਬੂਥ ਲਗਾਏ ਜਾਣੇ ਸੀ, ਪਰ ਪਿੰਡ ਵਾਸੀਆਂ ਨੇ ਵੋਟਾਂ ਦਾ ਸੰਪੂਰਨ ਬਾਈਕਾਟ ਕਰਦਿਆਂ ਇੱਕ ਵੀ ਬੂਥ ਨਹੀਂ ਲੱਗਣ ਦਿੱਤਾ ਗਿਆ, ਜਿਸ ਦੇ ਚਲਦਿਆਂ ਇਸ ਪਿੰਡ ਅਖਾੜਾ 'ਚੋਂ ਸਿਰਫ ਇੱਕ ਵੋਟ ਪੋਲ ਹੋਈ ਹੈ, ਜੋ ਕਿ ਇੱਕ ਸਰਕਾਰੀ ਮੁਲਾਜ਼ਮ ਵੱਲੋਂ ਚੋਣ ਡਿਊਟੀ 'ਤੇ ਰਹਿੰਦਿਆਂ ਪਾਈ ਗਈ ਹੈ।

ਬੀਤੇ ਦਿਨੀਂ ਜਗਰਾਓਂ ਦੇ ਐੱਸ ਡੀ ਐੱਮ ਗੁਰਵੀਰ ਸਿੰਘ ਕੋਹਲੀ ਨੇ ਵੀ ਬਿਆਨ ਜਾਰੀ ਕਰ ਕਿਹਾ ਸੀ ਕਿ ਫੈਕਟਰੀ ਲਗਵਾਉਣ ਵਾਲੇ ਮਾਲਕਾਂ ਵੱਲੋਂ ਨਿਯਮਾਂ ਅਨੁਸਾਰ ਫੈਕਟਰੀ ਲਗਾਉਣ ਲਈ ਹਰ ਕਾਨੂੰਨੀ ਆਗਿਆ ਲਈ ਗਈ ਹੈ।ਇਸ ਦੇ ਬਾਵਜੂਦ ਉਨ੍ਹਾਂ ਫੈਕਟਰੀ ਮਾਲਕਾਂ ਨੂੰ ਪਿੰਡ ਦੇ ਲੋਕਾਂ ਦੇ ਖਦਸ਼ਿਆਂ ਨੂੰ ਬੈਠ ਕੇ ਦੂਰ ਕਰਨ ਲਈ ਵੀ ਕਿਹਾ ਹੈ।ਉਨ੍ਹਾਂ ਪਿੰਡ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਸੀ ਕਿ ਦੋਵੇਂ ਧਿਰਾਂ ਬੈਠ ਕੇ ਆਪਸੀ ਤਾਲਮੇਲ ਨਾਲ ਸ਼ੰਕਾਵਾਂ ਨੂੰ ਦੂਰ ਕਰਨ ਤੇ ਵੋਟਾਂ ਦੇ ਬਾਈਕਾਟ ਦੇ ਫੈਸਲੇ ਬਦਲਣ ਦੀ ਅਪੀਲ ਕਰਦਿਆਂ ਵੱਧ ਤੋਂ ਵੱਧ ਵੋਟਾਂ ਪਾਉਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਵੋਟ ਪਾਉਣਾ ਸਾਡਾ ਜਮਹੂਰੀਅਤ ਹੱਕ ਹੈ, ਜਿਸ ਨੂੰ ਹਰ ਇੱਕ ਨਾਗਰਿਕ ਇਸਤੇਮਾਲ ਕਰੇ।ਇਸ ਸਬੰਧੀ ਧਰਨਾਕਾਰੀ ਬੀਬੀਆਂ ਤੇ ਸੰਘਰਸ਼ ਕਮੇਟੀ ਦੇ ਪ੍ਰਧਾਨ ਦਰਸ਼ਨ ਨੇ ਦੱਸਿਆ ਕਿ ਪਿੰਡ ਵਿੱਚ ਲੱਗ ਰਹੀ ਇਸ ਗੈਸ ਫੈਕਟਰੀ ਖਿਲਾਫ ਸਾਡਾ ਧਰਨਾ ਤਕਰੀਬਨ ਡੇਢ ਮਹੀਨੇ ਤੋਂ ਜਾਰੀ ਹੈ, ਪਰ ਅੱਜ ਏਡੀਸੀ ਸਾਹਿਬ ਸਾਡੇ ਕੋਲ ਆਏ ਅਤੇ ਕਿਹਾ ਕਿ ਤੁਸੀਂ ਵੋਟਾਂ ਪਾਓ, ਜੇਕਰ ਕੋਈ ਪਾਰਟੀ ਦਾ ਉਮੀਦਵਾਰ ਨਹੀਂ ਚੰਗਾ ਲੱਗਦਾ ਤਾਂ ਨੋਟਾ ਦਾ ਬਟਨ ਦਬਾਓ। ਅਸੀਂ ਕਹਿਣਾ ਚਾਹੁੰਦੇ ਹਾਂ ਕਿ ਇਹ ਧਰਨਾ ਅੱਜ ਤੋਂ ਨਹੀਂ ਤਕਰੀਬਨ ਡੇਢ ਮਹੀਨੇ ਤੋਂ ਜਾਰੀ ਹੈ ਅਤੇ ਵੋਟਾਂ ਦੇ ਬਾਈਕਾਟ ਦਾ ਐਲਾਨ ਕੀਤੇ ਨੂੰ ਵੀ ਕਈ ਦਿਨ ਬੀਤ ਗਏ ਹਨ, ਕੀ ਇਹ ਖਬਰ ਪ੍ਰਸ਼ਾਸਨ ਨੂੰ ਪਹਿਲਾਂ ਨਹੀਂ ਸੀ ? ਪ੍ਰਧਾਨ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਸਾਡੇ ਨਾਲ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ, ਪਰ ਅੰਤ ਵਿੱਚ ਇਹੀ ਸਿੱਟਾ ਨਿਕਲਦਾ ਹੈ ਕਿ ਫੈਕਟਰੀ ਮਾਲਕ ਦੀ ਹੀ ਮਦੱਦ ਕੀਤੀ ਜਾਵੇ।ਉਨ੍ਹਾ ਦੱਸਿਆ ਕਿ ਪਹਿਲਾਂ ਵੀ ਸਰਕਾਰਾਂ ਵੱਲੋਂ ਸਾਡੀ ਕੋਈ ਸਾਰ ਨਹੀਂ ਲਈ ਗਈ, ਜਿਸ ਕਰਕੇ ਸਾਡੇ ਨਗਰ ਵਾਸੀਆਂ ਦਾ ਇਹ ਫੈਸਲਾ ਹੈ ਕਿ ਜਦ ਤੱਕ ਇਹ ਲੱਗ ਰਹੀ ਪ੍ਰਦੂਸ਼ਿਤ ਫੈਕਟਰੀ ਬੰਦ ਨਹੀਂ ਹੋ ਜਾਂਦੀ, ਇਹ ਸ਼ਾਂਤਮਈ ਧਰਨਾ ਇਸੇ ਤਰ੍ਹਾਂ ਜਾਰੀ ਰਹੇਗਾ।ਇਸ ਮੌਕੇ ਕਿਸਾਨ ਆਗੂ ਇੰਦਰਜੀਤ ਧਾਲੀਵਾਲ ਨੇ ਕਿਹਾ ਕਿ ਇਸ ਪ੍ਰਦੂਸ਼ਿਤ ਫੈਕਟਰੀ ਨੂੰ ਬੰਦ ਕਰਵਾਉਣ ਲਈ ਪ੍ਰਸ਼ਾਸਨ ਦੇ ਨਾਲ-ਨਾਲ ਕਿਸੇ ਵੀ ਸਿਆਸੀ ਪਾਰਟੀ ਨੇ ਧਰਨਾਕਾਰੀਆਂ ਦੀ ਸਾਰ ਤੱਕ ਨਹੀਂ ਲਈ, ਜਿਸ ਕਾਰਨ ਪਿੰਡ ਵਾਸੀਆਂ ਵੱਲੋਂ ਏਕਾ ਕਰਕੇ ਇੱਕ ਵੋਟ ਨਾ ਪਾਉਣ ਦਾ ਫੈਸਲਾ ਕੀਤਾ ਗਿਆ ਹੈ।ਇਸ ਦੌਰਾਨ ਧਰਨਾਕਰੀਆਂ ਵਿੱਚ ਪੁੱਜੇ ਜਗਰਾਓਂ ਦੇ ਏਡੀਸੀ ਅਮਿਤ ਸਰੀਨ ਨੇ ਕਿਹਾ ਕਿ ਸਾਡੀ ਪਿੰਡ ਵਾਸੀਆਂ ਨਾਲ ਮੀਟਿੰਗ ਹੋਈ ਹੈ, ਜਿਸ ਵਿੱਚ ਅਸੀਂ ਅਪੀਲ ਕੀਤੀ ਹੈ ਕਿ ਵੋਟ ਸਾਡੀ ਤਾਕਤ ਹੈ, ਉਸ ਦਾ ਬਾਈਕਾਟ ਨਾ ਕਰਕੇ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ,

# ਸ਼ਰਾਬ ਪੀਣ ਤੋਂ ਰੋਕਣ 'ਤੇ ਪਤੀ-ਪਤਨੀ ਤੇ ਲੜਕੇ ਦੀ ਕੁੱਟਮਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਨੱਥੂ ਵਾਲਾ ਵਿਖੇ ਗੁਰਦੁਆਰਾ ਸਾਹਿਬ ਦੇ ਕੋਲ ਫਾਸਟ ਫੂਡ ਦੀ ਰੇਹੜੀ 'ਤੇ ਸ਼ਰਾਬ ਪੀਣ ਤੋਂ ਰੋਕਣ 'ਤੇ ਇੱਕ ਔਰਤ, ਉਸ ਦੇ ਪਤੀ ਤੇ ਲੜਕੇ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਗੁਰੂ ਹਰਸਹਾਏ ਪੁਲਸ ਨੇ 5 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪਰਮਜੀਤ ਕੌਰ ਪਤਨੀ ਰਾਜ ਸਿੰਘ ਵਾਸੀ ਦੁੱਲੇ ਕੇ ਨੱਥੂ ਵਾਲਾ ਨੇ ਦੱਸਿਆ ਕਿ ਉਸ ਦੇ ਲੜਕੇ ਸੰਦੀਪ ਸਿੰਘ ਨੇ ਆਪਣੇ ਘਰ ਵਿੱਚ ਸਲੂਨ ਦੀ ਦੁਕਾਨ ਬਣਾਈ ਹੈ ਤੇ ਦੁਕਾਨ ਦਾ ਸ਼ਟਰ ਗਲੀ ਦੇ ਬਾਹਰ ਹੈ ਅਤੇ ਦੁਕਾਨ ਦੇ ਨਾਲ ਗੁਰਦੁਆਰਾ ਸਾਹਿਬ ਹੈ। ਇਸ ਦੇ ਨਾਲ ਹੀ ਗਲੀ ਵਿੱਚ ਚੰਨ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਦੁੱਲੇ ਕੇ ਨੱਥੂ ਵਾਲਾ ਫਾਸਟ ਫੂਡ ਦੀ ਰੇਹੜੀ ਲਗਾਉਂਦਾ ਹੈ ਤੇ ਦੋਸ਼ੀਆਨ ਗੁਰਵਿੰਦਰ ਸਿੰਘ ਉਰਫ ਵਿੱਕੀ ਪੁੱਤਰ ਕੁਲਵੰਤ ਸਿੰਘ, ਕੁਲਵਿੰਦਰ ਸਿੰਘ ਉਰਫ ਰਿੰਕੂ ਪੁੱਤਰ ਗੁਰਬਚਨ ਸਿੰਘ, ਪਰਮਜੀਤ ਸਿੰਘ ਪੁੱਤਰ ਆਤਮਾ ਸਿੰਘ, ਜਸਵਿੰਦਰ ਸਿੰਘ ਉਰਫ ਜੱਜ ਪੁੱਤਰ ਗੁਰਬਚਨ ਸਿੰਘ ਤੇ ਗੁਰਬਚਨ ਸਿੰਘ ਪੁੱਤਰ ਜੰਗੀਰ ਸਿੰਘ ਵਾਸੀਆਨ ਦੁੱਲੇ ਕੇ ਨੱਥੂ ਵਾਲਾ ਇਸ ਰੇਹੜੀ ਵਾਲੇ ਤੋਂ ਮੋਮਸ ਖਾਂਦੇ ਹਨ ਤੇ ਸ਼ਰਾਬ ਪੀਂਦੇ ਹਨ।

ਪਰਮਜੀਤ ਕੌਰ ਨੇ ਦੱਸਿਆ ਕਿ ਉਸ ਦੇ ਲੜਕੇ ਨੇ ਇਨ੍ਹਾਂ ਨੂੰ ਕਈ ਵਾਰ ਰੋਕਿਆ ਸੀ ਕਿ ਤੁਸੀਂ ਰੇਹੜੀ ਤੇ ਸ਼ਰਾਬ ਨਾ ਪੀਆ ਕਰੋ, ਕਿਉਂਕਿ ਇਸ ਨਾਲ ਗੁਰਦੁਆਰਾ ਸਾਹਿਬ ਦਾ ਅਕਸ ਖਰਾਬ ਹੁੰਦਾ ਹੈ।

ਦੋਸ਼ੀਆਨ ਵੱਲੋਂ 25 ਮਈ 2024 ਨੂੰ ਕਰੀਬ ਸਾਢੇ 9 ਪੀ ਐੱਮ ਤੇ ਉਸ ਦੀ, ਉਸ ਦੇ ਲੜਕੇ ਤੇ ਉਸ ਦੇ ਪਤੀ ਦੀ ਕੁੱਟਮਾਰ ਕੀਤੀ ਤੇ ਉਸ ਦੀ ਖਿੱਚ-ਧੂਹ ਕੀਤੀ, ਜਿਸ ਨਾਲ ਉਸ ਦੇ ਕੱਪੜੇ ਪਾਟ ਗਏ, ਜੋ ਉਹ ਡਰਦੇ ਮਾਰੇ ਆਪਣੇ ਘਰ ਵੜ ਗਏ ਤਾਂ ਦੋਸ਼ੀਆਨ ਨੇ ਉਸ ਦੇ ਘਰ ਜ਼ਬਰਦਸਤੀ ਦਾਖਲ ਹੋ ਕੇ ਫਿਰ ਕੁੱਟਮਾਰ ਕੀਤੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

**ਭੋਗ 'ਤੇ ਵਿਸ਼ੇਸ਼**

# ਗੁਰਮਤਿ ਵਿੱਚ ਪ੍ਰਪੱਕ ਰੂਹ ਸਨ ਮਾਤਾ ਦਲੀਪ ਕੌਰ



ਮਾਤਾ ਦਲੀਪ ਕੌਰ

ਨਾਮ ਬਾਣੀ ਨਾਲ ਇੱਕ-ਮਿੱਕ ਰੂਹ ਸੰਤ ਸੁਭਾਅ ਮਾਤਾ ਦਲੀਪ ਕੌਰ ਜੀ ਦਾ ਜਨਮ ਮੋਗਾ ਦੇ ਪ੍ਰਸਿੱਧ ਪਿੰਡ ਦੌਧਰ ਦੀ ਪੱਤੀ ਗੁਰੀਆ ਦੇ ਭਾਈ ਕਿਸ਼ਨ ਸਿੰਘ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਹੋਇਆ। ਉਹ ਆਪਣੇ ਸੱਤ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਪੇਕੇ ਪਰਿਵਾਰ ਦੀ ਗੁਰਮਤਿ ਵਿੱਚ ਪ੍ਰਪੱਕਤਾ ਕਰਕੇ ਮਾਤਾ ਜੀ ਬਚਪਨ ਤੋਂ ਹੀ ਸਿੱਖੀ ਵਿੱਚ ਪਰੁੰਨੇ ਗਏ। ਮਾਤਾ ਜੀ ਦਾ ਆਨੰਦ ਕਾਰਜ 1948 ਈ. ਨੂੰ ਪਿੰਡ ਡੱਲਾ ਦੇ ਅਕਾਲੀ ਪਰਿਵਾਰ ਜਥੇਦਾਰ ਨੰਦ ਸਿੰਘ ਦੇ ਸਪੁੱਤਰ ਸਵ: ਸ੍ਰ. ਸੁਰਜੀਤ ਸਿੰਘ ਅਕਾਲੀ ਨਾਲ ਹੋਇਆ। ਆਪ ਜੀ ਦੇ ਘਰ ਤਿੰਨ ਪੁੱਤਰਾਂ ਤੇ ਇੱਕ ਧੀ ਨੇ ਜਨਮ ਲਿਆ। ਮਾਤਾ ਜੀ ਨੇ ਗੁਰਮਤਿ ਵਿੱਦਿਆ ਦੀ ਗੁੜਤੀ ਅੱਗੋਂ ਆਪਣੇ ਬੱਚਿਆਂ ਨੂੰ ਵੀ ਦਿੱਤੀ। ਚਾਰੇ ਬੱਚੇ ਧਾਰਮਿਕ ਸਦਾਚਾਰ ਨਾਲ ਜੀਵਨ ਜਿਉਂਦੇ ਹੋਏ ਦੁਨਿਆਵੀ ਵਿੱਦਿਆ ਵੀ ਗ੍ਰਹਿਣ ਕਰਦੇ ਰਹੇ ਤੇ ਚਾਰੇ ਹੀ ਸਰਕਾਰੀ ਨੌਕਰੀਆਂ ਤੋਂ ਸੇਵਾ ਮੁਕਤ ਹੋਏ। ਮਾਤਾ ਜੀ ਗੁਰੂ ਦੇ ਭੈਅ ਭਉ ਵਿੱਚ ਜੀਵਨ ਬਸਰ ਕਰਨ ਵਾਲੀ ਰੂਹ ਸਨ। ਉਨ੍ਹਾਂ ਕਦੇ ਗੁਰਮਤਿ ਤੋਂ ਉਲਟ ਹੁੰਦੇ ਕਰਮ ਕਾਂਡ ਆਪਣੇ ਤੇ ਆਪਣੇ ਪਰਿਵਾਰ ਦੇ ਨੇੜੇ ਨਹੀਂ ਢੁੱਕਣ ਦਿੱਤੇ। ਸਚਿਆਰੀਆਂ ਸੁਆਣੀਆਂ ਵਾਂਗ ਮਾਤਾ ਜੀ ਸਫਾਈ ਪਸੰਦ ਸਨ ਤੇ ਸਦਾ ਆਲੇ-ਦੁਆਲੇ ਦੀ ਸਫਾਈ ਰੱਖਣ ਨੂੰ ਤਰਜੀਹ ਦਿੰਦੇ ਸਨ। ਆਪਣੇ ਬਚਪਨ ਦੇ ਗੁਰਮਤਿ ਸੰਸਕਾਰਾਂ ਕਰਕੇ ਨਿਤਨੇਮ ਤੋਂ ਬਿਨਾਂ ਮਾਤਾ ਜੀ ਦਰਬਾਰ ਸਾਹਿਬ ਤੋਂ ਪ੍ਰਸਾਰਤ ਹੁੰਦੀ ਗੁਰਬਾਣੀ ਸੁਣਨ ਦੇ ਨੇਮੀ ਸਨ। ਸ਼ਾਇਦ ਹੀ ਕਦੇ ਕੋਈ ਮੌਕਾ ਹੋਏ, ਜਦ ਉਨ੍ਹਾਂ ਆਪਣਾ ਇਹ ਨੇਮ ਖੁੰਝਾਇਆ ਹੋਵੇ। ਮਾਤਾ ਜੀ ਦੇ ਦੋਵੇਂ ਵੱਡੇ ਸਪੁੱਤਰ ਸ੍ਰ. ਪਵਿੱਤਰ ਸਿੰਘ ਤੇ ਸ੍ਰ. ਕਾਬਲ ਸਿੰਘ ਅਤੇ ਧੀ ਹਰਚਰਨ ਕੌਰ ਆਪਣੇ ਪਰਿਵਾਰਾਂ ਸਮੇਤ ਕੈਨੇਡਾ ਰਹਿ ਰਹੇ ਹਨ। ਮਾਤਾ ਦਲੀਪ ਕੌਰ ਜੀ ਦਾ ਛੋਟਾ ਸਪੁੱਤਰ ਸ੍ਰ. ਰਜਿੰਦਰ ਸਿੰਘ ਡੱਲਾ, ਜੋ ਲੰਬੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਨਿਰਸੁਆਰਥ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ, ਮੋਗਾ ਵਿਖੇ ਆਪਣੇ ਪਰਿਵਾਰ ਨਾਲ ਸੁੱਖ ਜੀਵਨ ਬਤੀਤ ਕਰ ਰਿਹਾ ਹੈ। ਮਾਤਾ ਦਲੀਪ ਕੌਰ ਜੀ 23 ਮਈ 2024 ਨੂੰ ਸਵੇਰੇ ਲਗਭਗ 7:25 'ਤੇ ਇਸ ਫਾਨੀ ਸੰਸਾਰ ਤੋਂ ਦੇਹ ਦਾ ਓਹਲਾ ਕਰ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਪਰਿਵਾਰ ਦੇ ਜੱਦੀ ਪਿੰਡ ਡੱਲਾ ਵਿਖੇ 24 ਮਈ ਨੂੰ ਕੀਤਾ ਗਿਆ। ਵੱਡੀ ਗਿਣਤੀ ਵਿੱਚ ਸੰਗਤ ਇਸ ਸਮੇਂ ਪਰਿਵਾਰ ਨਾਲ ਪਿਆਰ ਦੀ ਸਾਂਝ ਪ੍ਰਗਟ ਕਰਨ ਲਈ ਹਾਜ਼ਰ ਹੋਈ। ਮਾਤਾ ਜੀ ਦੀ ਅੰਤਿਮ ਅਰਦਾਸ ਅੱਜ ਗੁਰਦੁਆਰਾ ਗੁਰੂਸਰ ਕਾਉਂਕੇ (ਨੇੜੇ ਨਾਨਕਸਰ) 11 ਵਜੇ ਤੋਂ 1 ਵਜੇ ਤੱਕ ਹੋਵੇਗੀ।

*-ਇਕਬਾਲ ਸਿੰਘ ਖਹਿਰਾ*

# ਵੋਟਰਾਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਕੀਤੇ ਅਨੇਕਾਂ ਉਪਰਾਲੇ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਪੱਲਵੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਵੀਪ ਗਤੀਗਿਧੀਆਂ ਅਧੀਨ ਜ਼ਿਲ੍ਹੇ ਦੇ ਯੋਗ ਵੋਟਰਾਂ ਦੀ 100 ਫੀਸਦੀ ਭਾਗੀਦਾਰ ਨੂੰ ਯਕੀਨੀ ਬਣਾਉਣ ਲਈ ਵੱਖ ਵੱਖ ਤਰ੍ਹਾਂ ਦੇ ਉਪਰਾਲੇ ਕੀਤੇ ਗਏ ਹਨ ਤਾਂ ਜੋ ਵੋਟਰਾਂ ਦੇ ਹਰ ਵਰਗ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾ ਸਕੇ।ਵੋਟਰਾਂ ਨੂੰ ਉਤਸ਼ਾਹਤ ਕਰਨ ਲਈ ਹਰੇਕ ਵਿਧਾਨ ਸਭਾ ਹਲਕੇ ਵਿਚ ਮਾਡਲ ਪੋਲਿੰਗ ਸਟੇਸ਼ਨ, ਗ੍ਰੀਨ/ਈਕੋ ਫਰੈਂਡਲੀ ਪੋਲਿੰਗ ਸਟੇਸ਼ਨ, ਦਿਵਿਆਂਗਜਨ (ਪੀ.ਡਬਲਿਊ.ਡੀ.) ਪੋਲਿੰਗ ਸਟੇਸ਼ਨ, ਨੌਜਵਾਨ ਪੋਲਿੰਗ ਸਟੇਸ਼ਨ ਤੇ ਮਹਿਲਾ ਪੋਲਿੰਗ ਸਟੇਸ਼ਨ ਵੀ ਸਥਾਪਤ ਕੀਤੇ ਗਏ ਹਨ।ਇਸ ਤੋਂ ਇਲਾਵਾ ਚੋਣ ਮਸਕਟ ਸਮਝਦਾਰ ਬੇਗਮ, ਯੂਥ ਚੱਲਿਆ ਬੂਥ, ਮਾਲੇਰਕੋਟਲਾ ਸਪੀਕਸ ਵੋਟਰ ਸੰਦੇਸ਼ ਸਕ੍ਰੈਪ ਬੁੱਕ, ਨੁੱਕੜ ਨਾਟਕ, ਵਿਸ਼ੇਸ਼ ਸਲੋਗਨਾਂ ਵਾਲੇ ਹੋਰਡਿੰਗ ਆਦਿ ਰਾਹੀਂ ਪ੍ਰੇਰਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਵੋਟਰ ਆਪਣੇ ਸੰਵਿਧਾਨਕ ਹੱਕ ਪ੍ਰਤੀ ਪ੍ਰੇਰਿਤ ਹੋ ਕੇ ਚੋਣਾਂ ਦੇ ਪਰਵ, ਦੇਸ਼ ਦਾ ਗੌਰਵ ਵਾਲੇ ਦਿਨ ਆਪਣੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਪ੍ਰੇਰਿਤ ਹੋ ਸਕਣ।ਇਸ ਤੋਂ ਇਲਾਵਾ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹੇ ਦੇ ਸਮੁੱਚੇ ਪੋਲਿੰਗ ਸਟੇਸ਼ਨਾਂ ਦੇ ਛਾਂਦਾਰ, ਹਵਾਦਾਰ ਵੇਟਿੰਗ ਏਰੀਆ, ਠੰਢੇ ਮਿੱਠੇ ਪਾਣੀ ਦਾ ਪ੍ਰਬੰਧ, ਦਿਵਿਆਂਗਜਨ ਤੇ ਬਜ਼ੁਰਗ ਵੋਟਰਾਂ ਲਈ ਵਿਸ਼ੇਸ਼ ਪ੍ਰਬੰਧ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਕਿਸੇ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਪੇਸ਼ ਨਾ ਆਵੇ।ਮਾਡਲ ਪੋਲਿੰਗ ਸਟੇਸ਼ਨ, ਗ੍ਰੀਨ/ਈਕੋ ਫਰੈਂਡਲੀ ਪੋਲਿੰਗ ਸਟੇਸ਼ਨ, ਦਿਵਿਆਂਗਜਨ (ਪੀ.ਡਬਲਿਊ. ਡੀ) ਪੋਲਿੰਗ ਸਟੇਸ਼ਨ, ਨੌਜਵਾਨ ਪੋਲਿੰਗ ਸਟੇਸ਼ਨ ਤੇ ਮਹਿਲਾ ਪੋਲਿੰਗ ਸਟੇਸ਼ਨ ਤੇ ਸੈਲਫੀ ਪੁਆਇੰਟ ਬਣਾਏ ਗਏ ਹਨ, ਜੋ ਕਿ ਹਰ ਉਮਰ ਵਰਗ ਦੇ ਵੋਟਰਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਰਹੇ।ਸੈਲਫੀ ਪੁਆਇੰਟ ਤੋਂ ਫੋਟੋਜ਼ ਲੈ ਕੇ ਵੋਟਰਾਂ ਨੇ ਲੋਕਤੰਤਰ ਦਾ ਹਿੱਸਾ ਬਣਨ 'ਤੇ ਮਾਣ ਮਹਿਸੂਸ ਕਰਦੇ ਹੋਏ ਆਪਣੀਆਂ ਫੋਟੋਆਂ ਖਿੱਚੀਆਂ ਤੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀਆਂ।

# ਲਹਿਰਾ ਮੁਹੱਬਤ ਤੇ ਆਸ-ਪਾਸ ਦੇ ਪਿੰਡਾਂ 'ਚ ਚੋਣਾਂ ਅਮਨ-ਅਮਾਨ ਨਾਲ ਸੰਪੰਨ

**ਲਹਿਰਾ ਮੁਹੱਬਤ 'ਚ ਲੱਗਭੱਗ 64 ਫੀਸਦੀ ਵੋਟ ਪੋਲਿੰਗ**



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਲਹਿਰਾ ਮੁਹੱਬਤ ਸਮੇਤ ਆਸ-ਪਾਸ ਦੇ ਪਿੰਡਾਂ ਵਿੱਚ ਅੱਜ ਲੋਕ ਸਭਾ ਚੋਣਾਂ ਦੌਰਾਨ ਵੋਟ ਪੋਲਿੰਗ ਦਾ ਕੰਮ ਸ਼ਾਂਤਮਈ ਮਾਹੌਲ 'ਚ ਸੰਪੰਨ ਹੋ ਗਿਆ। ਲਹਿਰਾ ਮੁਹੱਬਤ ਦੇ ਸਰਕਾਰੀ ਸੈਕੰਡਰੀ ਸਕੂਲ ਵਿੱਚ ਚਾਰ ਬੂਥਾਂ ਤੇ ਫਾਟਕੋਂ ਪਾਰ ਲਾਲ ਸਿੰਘ ਬਸਤੀ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਤਿੰਨ ਬੂਥਾਂ 'ਤੇ ਸਵੇਰੇ 7 ਵਜੇ ਤੋਂ ਹੀ ਵੋਟਰਾਂ ਦੀਆਂ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ। ਵੋਟਿੰਗ ਪੋਡਲ ਦਾ ਰੁਝਾਨ ਸ਼ਾਮ ਛੇ ਵਜੇ ਸਮਾਪਤੀ ਸਮੇਂ ਤੱਕ ਚੱਲਦਾ ਰਿਹਾ। ਅੱਤ ਦੀ ਗਰਮੀ ਤੇ ਤੇਜ਼ ਲੂ ਦੇ ਬਾਵਜੂਦ ਵੋਟਰਾਂ ਨੇ ਪੂਰੇ ਉਤਸ਼ਾਹ ਨਾਲ ਵੋਟਾਂ ਪਾਈਆਂ। ਸਵੇਰੇ ਤੇ ਦੁਪਹਿਰ ਤੋਂ ਬਾਅਦ ਪੋਲ ਤੇਜ਼, ਜਦਕਿ ਦੁਪਹਿਰ 12 ਤੋਂ 3 ਵਜੇ ਤੱਕ ਪੋਲ ਵੋਟਿੰਗ ਚਾਲ ਸੁਸਤ ਰਹੀ। ਲਹਿਰਾ ਮੁਹੱਬਤ 'ਚ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋ. ਅਕਾਲੀ ਦਲ, ਬਸਪਾ, ਭਾਜਪਾ ਤੇ ਲੱਖਾ ਸਿਧਾਣਾ ਦੇ ਪੋਲਿੰਗ ਬੂਥ ਲਗਾਏ ਹੋਏ ਸਨ। ਲਹਿਰਾ ਮੁਹੱਬਤ ਦੇ ਸੈਕੰਡਰੀ ਸਕੂਲ ਵਿਖੇ ਪੋਲ ਹੋਈਆਂ ਵੋਟਾਂ ਦੇ ਵੇਰਵੇ ਅਨੁਸਾਰ ਬੂਥ 159 'ਚ ਕੁੱਲ 1063 ਵੋਟਾਂ 'ਚੋਂ 717 ਵੋਟ, ਬੂਥ 160 'ਚ 1033 'ਚੋਂ 769, ਬੂਥ 161 'ਚ 1115 'ਚੋਂ 712 ਤੇ ਬੂਥ 165 'ਚ 557 'ਚੋਂ 284 ਅਤੇ ਲਾਲ ਸਿੰਘ ਬਸਤੀ ਪ੍ਰਾਇਮਰੀ ਸਕੂਲ ਵਿਖੇ ਬੂਥ 162 'ਚ 1026 ਵੋਟ 'ਚੋਂ 700 ਵੋਟ, ਬੂਥ 163 'ਚ 1013 'ਚੋਂ 672 ਤੇ ਬੂਥ 164 'ਚ 550 'ਚੋਂ 350 ਵੋਟਾਂ ਪੋਲ ਹੋਈਆਂ। ਔਸਤਨ ਵੋਟ ਪੋਲਿੰਗ 64 ਫੀਸਦੀ ਦੇ ਲੱਗਭੱਗ ਰਹੀ।

# ਹਲਕਾ ਫਰੀਦਕੋਟ ਤੋਂ ਉਮੀਦਵਾਰ ਕਰਮਜੀਤ, ਰਾਜਵਿੰਦਰ ਸਿੰਘ, ਅਮਰਜੀਤ ਕੌਰ ਤੇ ਹੰਸ ਰਾਜ ਹੰਸ ਨੇ ਪਾਈ ਵੋਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸਭਾ ਹਲਕਾ ਫਰੀਦਕੋਟ ਵੱਖ ਵੱਖ ਪਾਰਟੀਆਂ ਦੇ ਉਮੀਦਵਾਰਾਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ, ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ, ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ, ਕਾਂਗਰਸ ਦੀ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ, ਭਾਜਪਾ ਦੇ ਸੀਨੀਅਰ ਆਗੂ ਡਾ. ਹਰਜੋਤ ਕਮਲ ਨੇ ਆਪਣੇ ਪਰਿਵਾਰਾਂ ਵੋਟ ਪਾਈ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਦੇ ਰੂ ਬ ਰੂ ਹੁੰਦਿਆਂ ਸਮੁੱਚੇ ਉਮੀਦਵਾਰਾਂ ਨੇ ਲੋਕ ਸਭਾ ਹਲਕਾ ਫਰੀਦਕੋਟ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਆਪਣੀ ਵੋਟ ਦੇ ਹੱਕ ਦਾ ਇਤੇਮਾਲ ਜ਼ਰੂਰ ਕਰਨ ਤਾਂ ਦਾ ਤੁਹਾਡੇ ਵੱਲੋਂ ਚੁਨਿਆਂ ਐੱਮ.ਪੀ. ਹਲਕੇ ਦੀਆਂ ਮੰਗਾਂ ਨੂੰ ਪਾਰਲੀਮੈਂਟ ਵਿੱਚ ਉਠਾ ਕੇ ਸਮੱਸਿਆਵਾਂ ਦਾ ਹੱਲ ਕਰਵਾ ਸਕੇ। ਡਾ. ਹਰਜੋਤ ਕਮਲ ਨੇ ਆਖਿਆ ਕਿ ਮੈਨੂੰ ਯਕੀਨ ਹੈ ਕਿ ਮੋਗਾ ਹਲਕੇ ਦੇ ਵੋਟਰ ਲੋਕ ਸਭਾ ਹਲਕਾ ਫਰੀਦਕੋਟ ਦੇ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਇਸ ਵਾਰ ਜਿਤਾਉਣਗੇ ਅਤੇ ਹੰਸ ਰਾਜ ਹੰਸ ਫਰੀਦਕੋਟ ਹਲਕੇ ਦੇ ਵਿਕਾਸ ਲਈ ਤਨਦੇਹੀ ਨਾਲ ਕੰਮ ਕਰਨਗੇ ਅਤੇ ਮੋਗਾ ਵਿੱਚ ਇੰਡਸਟਰੀ ਲਿਆ ਕੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾਣਗੇ, ਜਿਸ ਨਾਲ ਹਲਕੇ ਦਾ ਚਹੁੰਮੁਖੀ ਵਿਕਾਸ ਹੋਵੇਗਾ। ਇਕਬਾਲ ਸਿੰਘ ਬਰਾੜ ਸੂਚਨਾ ਤੇ ਲੋਕ ਸੰਪਰਕ ਅਫ਼ਸਰ ਪੰਜਾਬ ਸਰਕਾਰ ਆਪਣੀ ਪਤਨੀ ਮਨਦੀਪ ਕੌਰ ਨਾਲ ਪਿੰਡ ਜੈਮਲਵਾਲਾ 'ਚ ਤੇ ਸੀਨੀਅਰ ਅਕਾਲੀ ਆਗੂ ਰਾਜਿੰਦਰ ਸਿੰਘ ਡੱਲਾ ਅਤੇ ਉਨ੍ਹਾਂ ਦੀ ਧਰਮ ਪਤਨੀ ਚਰਨਜੀਤ ਕੌਰ ਡੱਲਾ ਨੇ ਮੋਗਾ 'ਚ ਆਪਣੀ ਵੋਟ ਪਾਈ।

# ਜ਼ਿਲ੍ਹਾ ਚੋਣ ਅਫ਼ਸਰ ਨੇ ਵਾਤਾਵਰਣ ਦੀ ਸੰਭਾਲ ਲਈ ਵੋਟਰਾਂ ਨੂੰ ਵੰਡੇ ਬੂਟੇ

- ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਪ੍ਰਮਾਣ ਪੱਤਰ ਦੇ ਕੇ ਕੀਤਾ ਸਨਮਾਨਤ
- ਬਜ਼ੁਰਗਾਂ ਤੇ ਦਿਵਿਆਂਗਜਨਾਂ ਨੂੰ ਵੀ ਕੀਤਾ ਸਨਮਾਨਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਅੱਜ ਲੋਕ ਸਭਾ ਚੋਣਾਂ ਲਈ ਵੋਟਾਂ ਪਾਉਣ ਆਉਣ ਵਾਲੇ ਵੋਟਰਾਂ ਨੂੰ ਵਾਤਾਵਰਣ ਤੇ ਗਲੋਬਲ ਵਾਰਮਿੰਗ ਪ੍ਰਤੀ ਸੁਨੇਹਾ ਦੇਣ ਲਈ ਗ੍ਰੀਨ ਬੂਥਾਂ 'ਤੇ ਵੋਟ ਪਾਉਣ ਲਈ ਆਏ ਵੋਟਰਾਂ ਨੂੰ ਵਾਤਾਵਰਣ ਦੀ ਸੰਭਾਲ ਦਾ ਸੰਦੇਸ਼ ਦਿੰਦੇ ਹੋਏ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋਂ ਫ਼ਲਦਾਰ ਤੇ ਛਾਂਦਾਰ ਬੂਟੇ ਭੇਟ ਕੀਤੇ ਗਏ।ਇਸ ਦੇ ਨਾਲ ਹੀ ਉਨ੍ਹਾਂ ਵੋਟ ਪਾਉਣ ਲਈ ਆਏ ਸਪੈਸ਼ਲ ਵੋਟਰਾਂ (ਦਿਵਿਆਂਗਜਨਾਂ), ਬਜ਼ੁਰਗਾਂ ਤੇ ਪਹਿਲੀ ਵਾਰ ਆਪਣੀ ਵੋਟ ਪਾਉਣ ਆਏ ਨੌਜਵਾਨ ਵੋਟਰਾਂ ਨੂੰ ਵੀ ਪ੍ਰਸ਼ੰਸਾ ਪੱਤਰ ਵੰਡ ਕੇ ਸਨਮਾਨਤ ਕੀਤਾ।ਇਸ ਮੌਕੇ ਉਨ੍ਹਾਂ ਨਾਲ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਐੱਸਡੀਐੱਮ ਫ਼ਿਰੋਜ਼ਪੁਰ ਡਾ. ਚਾਰੂਮਿਤਾ ਵੀ ਹਾਜ਼ਰ ਸਨ।ਫ਼ਿਰੋਜ਼ਪੁਰ ਸ਼ਹਿਰੀ ਹਲਕੇ ਦੇ ਡੀ ਸੀ ਮਾਡਲ ਸਕੂਲ ਫ਼ਿਰੋਜ਼ਪਰ ਕੈਂਟ ਵਿਖੇ ਬਣੇ ਬੂਥ ਨੰਬਰ 50, 51, 52, 53 ਵਿਖੇ ਵੋਟਿੰਗ ਪ੍ਰਕਿਰਿਆ ਤੇ ਪ੍ਰਬੰਧਾਂ ਦਾ ਜਾਇਜ਼ਾ ਮੌਕੇ ਜ਼ਿਲ੍ਹਾ ਚੋਣ ਅਫ਼ਸਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਲੋਕ ਸਭਾ ਹਲਕਾ 10-ਫ਼ਿਰੋਜ਼ਪੁਰ ਵਿਖੇ ਵੋਟਰਾਂ ਨੂੰ ਉਤਸ਼ਾਹਤ ਕਰਨ ਲਈ ਕੁੱਲ 50 ਮਾਡਲ ਪੋਲਿੰਗ ਸਟੇਸ਼ਨ, 15 ਗ੍ਰੀਨ/ਈਕੋ ਫਰੈਂਡਲੀ ਪੋਲਿੰਗ ਸਟੇਸ਼ਨ, 12 ਦਿਵਿਆਂਗਜਨ (ਪੀ ਡਬਲਯੂ ਡੀ) ਪੋਲਿੰਗ ਸਟੇਸ਼ਨ, 12 ਨੌਜਵਾਨ ਪੋਲਿੰਗ ਸਟੇਸ਼ਨ ਤੇ 15 ਮਹਿਲਾ ਪੋਲਿੰਗ ਸਟੇਸ਼ਨ ਵੀ ਸਥਾਪਤ ਕੀਤੇ ਗਏ।ਉਨ੍ਹਾਂ ਕਿਹਾ ਕਿ ਇਨ੍ਹਾਂ ਗ੍ਰੀਨ ਬੂਥਾਂ ਵਿੱਚ ਵੋਟਰਾਂ ਨੂੰ ਵੋਟ ਪਾਉਣ ਉਪਰੰਤ ਫ਼ਲਦਾਰ ਤੇ ਛਾਂਦਾਰ ਬੂਟੇ ਵੰਡ ਕੇ ਉਨ੍ਹਾਂ ਨੂੰ ਵਾਤਾਵਰਣ ਦੀ ਸੰਭਾਲ ਦਾ ਸੰਦੇਸ਼ ਦਿੰਦਿਆਂ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਕੀਤੀ ਗਈ।ਇਸੇ ਤਰ੍ਹਾਂ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਅਤੇ ਬਜ਼ੁਰਗ ਤੇ ਦਿਵਿਆਂਗ ਵੋਟਰਾਂ ਨੂੰ ਵੀ ਪ੍ਰਮਾਣ ਪੱਤਰ ਦੇ ਸਨਮਾਨਤ ਕੀਤਾ ਗਿਆ।ਐੱਸ ਬੀ ਐੱਸ ਸਟੇਟ ਯੂਨੀਵਰਸਿਟੀ ਵਿਖੇ ਸਥਾਪਤ ਪਿੰਕ ਪੋਲਿੰਗ ਬੂਥ ਨੰਬਰ 93, 94 ਵਿਖੇ ਏਆਰਓ ਫ਼ਿਰੋਜ਼ਪੁਰ ਦਿਹਾਤੀ-ਕਮ-ਡੀਡੀਪੀਓ ਜਸਵੰਤ ਸਿੰਘ ਬੜੈਚ ਨੇ ਦੌਰਾ ਕਰਕੇ ਜਾਇਜ਼ਾ ਲਿਆ।ਉਨ੍ਹਾਂ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਗ੍ਰੀਨ ਬੂਥ ਵਿਖੇ ਫ਼ਲਦਾਰ ਤੇ ਛਾਂਦਾਰ ਬੂਟੇ ਭੇਟ ਕੀਤੇ।ਇਸ ਦੌਰਾਨ ਉਨ੍ਹਾਂ ਵੱਲੋਂ ਵੀ ਵੋਟ ਪਾਉਣ ਲਈ ਆਏ ਸਪੈਸ਼ਲ ਵੋਟਰਾਂ (ਦਿਵਿਆਂਗਜਨਾਂ), ਬਜ਼ੁਰਗਾਂ ਤੇ ਪਹਿਲੀ ਵਾਰ ਆਪਣੀ ਵੋਟ ਪਾਉਣ ਆਏ ਨੌਜਵਾਨ ਵੋਟਰਾਂ ਨੂੰ ਵੀ ਪ੍ਰਸ਼ੰਸਾ ਪੱਤਰ ਵੰਡ ਕੇ ਸਨਮਾਨਤ ਕੀਤਾ।ਇਸ ਮੌਕੇ ਤਹਿਸੀਲਦਾਰ ਚੋਣਾਂ ਚਾਂਦ ਪ੍ਰਕਾਸ਼, ਜ਼ਿਲ੍ਹਾ ਲੋਕ ਸੰਪਰਕ ਅਫਸਰ ਅਮਰੀਕ ਸਿੰਘ, ਸਵੀਪ ਕੋਆਰਡੀਨੇਟਰ ਡਾ. ਸਤਿੰਦਰ ਸਿੰਘ ਤੇ ਸੀਈਓ ਡੀਸੀਐੱਮ ਗਰੁੱਪ ਅਨਿਰੁਧ ਗੁਪਤਾ, ਚੋਣ ਕਾਨੂੰਗੋ ਗਗਨਦੀਪ ਕੌਰ, ਸਰਬਜੀਤ ਸਿੰਘ ਭਾਵੜਾ, ਰਾਜਿੰਦਰ ਕੁਮਾਰ ਤੇ ਲਖਵਿੰਦਰ ਸਿੰਘ ਹਾਜ਼ਰ ਸਨ।

# ਮੁਕਤਸਰ ਜ਼ਿਲ੍ਹੇ 'ਚ ਸਥਾਪਤ ਕੀਤੇ ਗਏ 4 ਗ੍ਰੀਨ ਪੋਲਿੰਗ ਬੂਥ : ਜ਼ਿਲ੍ਹਾ ਚੋਣ ਅ.ਫਸਰ

*ਵਾਤਾਵਰਣ ਦੀ ਸੰਭਾਲ ਦਾ ਸੰਦੇਸ਼ ਦੇਣ ਲਈ ਵੋਟਰਾਂ ਨੂੰ ਵੰਡੇ ਬੂਟੇ*



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਇਸ ਵਾਰ ਗਰੀਨ ਬੂਥਾਂ ਰਾਹੀਂ ਜਿੱਥੇ ਵੋਟਰਾਂ ਨੂੰ ਮਤਦਾਨ ਦਾ ਇੱਕ ਨਵਾਂ ਅਨੁਭਵ ਦਿੱਤਾ ਗਿਆ, ਉੱਥੇ ਮਤਦਾਨ ਕਰਨ ਆਉਣ ਵਾਲੇ ਵੋਟਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਪੌਦੇ ਵੰਡ ਕੇ ਵਾਤਾਵਰਣ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਹਰਪ੍ਰੀਤ ਸਿੰਘ ਸੂਦਨ ਨੇ ਗ੍ਰੀਨ ਬੂਥਾਂ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਵਾਤਾਵਰਣ ਤੇ ਗਲੋਬਲ ਵਾਰਮਿੰਗ ਪ੍ਰਤੀ ਸੁਨੇਹਾ ਦੇਣ ਲਈ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ 4 ਗ੍ਰੀਨ ਪੋਲਿੰਗ ਬੂਥ ਬਣਾਏ ਗਏ ਹਨ।ਉਨ੍ਹਾ ਦੱਸਿਆ ਕਿ ਵਿਧਾਨ ਸਭਾ ਹਲਕਾ 083 ਲੰਬੀ ਵਿਖੇ ਬੂਥ ਨੰਬਰ 72, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫ਼ਤੂਹੀ ਖੇੜਾ, ਵਿਧਾਨ ਸਭਾ ਹਲਕਾ-084 ਗਿੱਦੜਬਾਹਾ ਵਿਖੇ ਬੂਥ ਨੰਬਰ 148, ਕੇਸ਼ਵ ਵਿੱਦਿਆ ਮੰਦਰ ਪਬਲਿਕ ਸਕੂਲ ਗਿੱਦੜਬਾਹਾ, ਵਿਧਾਨ ਸਭਾ ਹਲਕਾ-085 ਮਲੋਟ ਵਿਖੇ ਬੂਥ ਨੰਬਰ 135 ਸੈਕਰਡ ਹਾਰਟ ਕੌਨਵੈਂਟ ਪਬਲਿਕ ਸਕੂਲ ਮਲੋਟ ਤੇ ਵਿਧਾਨ ਸਭਾ ਹਲਕਾ-086 ਸ੍ਰੀ ਮੁਕਤਸਰ ਸਾਹਿਬ ਵਿਖੇ ਬੂਥ ਨੰਬਰ 185 ਦਫ਼ਤਰ ਮਾਰਕਿਟ ਕਮੇਟੀ ਵਿਖੇ ਗ੍ਰੀਨ ਪੋਲਿੰਗ ਬੂਥ ਸਥਾਪਤ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਗ੍ਰੀਨ ਬੂਥਾਂ ਵਿੱਚ ਟੈਂਟ ਵੀ ਗ੍ਰੀਨ ਹੈ ਤੇ ਵੋਟਰਾਂ ਨੂੰ ਵੋਟ ਪਾਉਣ ਉਪਰੰਤ ਫ਼ਲਦਾਰ ਤੇ ਛਾਂਦਾਰ ਰੁੱਖਾਂ ਦੇ ਬੂਟੇ ਵੀ ਵੰਡੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਹ ਬੂਥ ਬਣਾਉਣ ਦਾ ਮੁੱਖ ਮਕਸਦ ਲੋਕਾਂ ਨੂੰ ਵਾਤਾਵਰਣ ਪ੍ਰਤੀ ਸੁਚੇਤ ਕਰਨਾ ਤੇ ਗਲੋਬਲ ਵਾਰਮਿੰਗ ਜਿਹੇ ਗੰਭੀਰ ਮੁੱਦੇ 'ਤੇ ਲੋਕਾਂ ਨੂੰ ਸੁਨੇਹਾ ਦੇਣਾ ਹੈ।

# ਜੁੜਵਾਂ ਭੈਣ-ਭਰਾ ਨੇ ਪਹਿਲੀ ਵਾਰ ਵੋਟ ਪਾ ਕੇ ਨੌਜਵਾਨਾਂ ਨੂੰ ਮਤਦਾਨ ਦਾ ਦਿੱਤਾ ਸੁਨੇਹਾ

**100 ਸਾਲ ਤੋਂ ਵਧੇਰੇ ਉਮਰ ਦੇ ਬਜ਼ੁਰਗ ਗੁਰਬਚਨ ਸਿੰਘ ਤੇ 87 ਸਾਲ ਦੀ ਬੀਬੀ ਕੌਰ ਨੇ ਪਾਈ ਵੋਟ**



**ਮਾਨਸਾ (ਆਤਮਾ ਸਿੰਘ ਪਮਾਰ)**

ਲੋਕ ਸਭਾ ਚੋਣਾਂ-2024 ਸਬੰਧੀ ਪਈਆਂ ਵੋਟਾਂ ਦੌਰਾਨ ਜ਼ਿਲ੍ਹੇ ਦੇ ਵੋਟਰਾਂ 'ਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।ਜ਼ਿਲ੍ਹੇ ਦੇ ਬਜ਼ੁਰਗ, ਦਿਵਿਆਂਗ ਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਸਰਟੀਫਿਕੇਟ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।ਪੋਲਿੰਗ ਪ੍ਰਕਿਰਿਆ ਦੌਰਾਨ ਪਿੰਕ, ਗਰੀਨ, ਯੂਥ ਤੇ ਪੀ.ਡਬਲਿਊ.ਡੀ. ਪੋਲਿੰਗ ਸਟੇਸ਼ਨਾਂ ਦੀ ਵੀ ਵਿਸ਼ੇਸ਼ ਅਹਿਮੀਅਤ ਰਹੀ।ਨੌਜਵਾਨ ਪੀੜ੍ਹੀ ਵਿੱਚ ਪਹਿਲੀ ਵਾਰ ਵੋਟ ਪਾਉਣ ਵਾਲੇ ਜੁੜਵਾ ਭੈਣ-ਭਰਾ ਬਲਜਿੰਦਰ ਸਿੰਘ ਤੇ ਗੁਰਲੀਨ ਕੌਰ ਵਾਸੀ ਵਾਰਡ ਨੰਬਰ 04, ਪ੍ਰੀਤ ਨਗਰ ਨੇ ਜਿੱਥੇ ਵੋਟ ਪਾਉਣ 'ਤੇ ਫ਼ਖ਼ਰ ਮਹਿਸੂਸ ਕੀਤਾ, ਉੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ 'ਤੇ ਮਿਲੇ ਸਨਮਾਨ ਵਜੋਂ ਖੁਸ਼ੀ ਵੀ ਮਹਿਸੂਸ ਕੀਤੀ ਤੇ ਹੋਰਨਾਂ ਨੌਜਵਾਨਾਂ ਨੂੰ ਆਪਣੀ ਸੂਝ-ਬੂਝ ਨਾਲ ਬਿਨਾਂ ਕਿਸੇ ਲਾਲਚ ਤੋਂ ਆਪਣੀ ਵੋਟ ਪਾਉਣ ਲਈ ਪ੍ਰੇਰਿਤ ਕੀਤਾ।ਇਸ ਤੋਂ ਇਲਾਵਾ 100 ਸਾਲ ਤੋਂ ਵਧੇਰੇ ਦੀ ਉਮਰ ਦੇ ਬਜ਼ੁਰਗ ਗੁਰਬਚਨ ਸਿੰਘ ਤੇ 87 ਸਾਲ ਦੀ ਬਜ਼ੁਰਗ ਬੀਬੀ ਕੌਰ ਨੇ ਆਪਣੀ ਵੋਟ ਦਾ ਇਸਤੇਮਾਲ ਕਰਕੇ ਹਰ ਇੱਕ ਨਾਗਰਿਕ ਨੂੰ ਲਾਜ਼ਮੀ ਤੌਰ 'ਤੇ ਮਤਦਾਨ ਕਰਕੇ ਲੋਕਤੰਤਰ ਵਿੱਚ ਆਪਣੀ ਭਾਗੀਦਾਰੀ ਯਕੀਨੀ ਬਣਾਉਣ ਦਾ ਸੁਨੇਹਾ ਦਿੱਤਾ।

ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਪਰਮਵੀਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ 03 ਵਿਧਾਨ ਸਭਾ ਹਲਕਿਆਂ ਵਿੱਚ ਲੋਕਾਂ ਨੂੰ ਵੱਧ ਤੋਂ ਵੱਧ ਵੋਟ ਪਾਉਣ ਲਈ ਪ੍ਰੇਰਿਤ ਕਰਨ ਲਈ 'ਯੂਥ ਚੱਲਿਆ ਬੂਥ' ਦੇ ਨਾਅਰੇ ਹੇਠ ਵਿਸ਼ੇਸ਼ ਪੈਦਲ ਮਾਰਚ ਕੀਤਾ ਗਿਆ।ਇਸ ਤੋਂ ਇਲਾਵਾ ਪਿੰਡ ਕੋਟਧਰਮੂ ਵਿਖੇ ਵੋਟਰ ਜਾਗਰੂਕਤਾ ਮੁਹਿੰਮ ਸਵੀਪ ਤਹਿਤ ਵਿਦਿਆਰਥੀਆਂ ਦੇ ਵਾਲ ਪੇਂਟਿੰਗ ਮੁਕਾਬਲੇ ਕਰਵਾ ਕੇ ਲੋਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਨਾਲ ਜ਼ਿਲ੍ਹੇ ਦੇ ਲੋਕਾਂ 'ਚ ਵੋਟਾਂ ਪਾਉਣ ਦਾ ਕਾਫੀ ਰੁਝਾਨ ਵੇਖਣ ਨੂੰ ਮਿਲਿਆ।

# ਡੀ ਆਈ ਜੀ ਭੁੱਲਰ ਵੱਲੋਂ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਤੇ ਪੋਲਿੰਗ ਬੂਥਾਂ ਦਾ ਦੌਰਾ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਡੀ.ਆਈ.ਜੀ. ਪਟਿਆਲਾ ਰੇਂਜ ਸ੍ਰ. ਹਰਚਰਨ ਸਿੰਘ ਭੁੱਲਰ ਆਈ.ਪੀ.ਐੱਸ. ਵੱਲੋਂ ਜ਼ਿਲ੍ਹਾ ਮਾਲੇਰਕੋਟਲਾ ਵਿਖੇ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਣ ਤੇ ਨਿਰਪੱਖ ਚੋਣਾਂ ਦੇ ਮੰਤਵ ਨਾਲ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਅਤੇ ਅਸੈਂਬਲੀ ਸੈਗਮੈਂਟ 105 ਮਾਲੇਰਕੋਟਲਾ ਤੇ ਅਸੈਂਬਲੀ ਸੈਗਮੈਂਟ 106 ਅਮਰਗੜ੍ਹ ਦੇ ਪੋਲਿੰਗ ਬੂਥਾਂ ਦਾ ਦੌਰਾ ਕੀਤਾ।ਇਸ ਮੌਕੇ ਜ਼ਿਲ੍ਹਾ ਪੁਲਸ ਮੁਖੀ ਡਾ. ਸਿਮਰਤ ਕੌਰ, ਐੱਸ. ਪੀ. ਵੈਭਵ ਸਹਿਗਲ, ਐੱਸ. ਪੀ. (ਐੱਚ) ਸ੍ਰੀਮਤੀ ਸਵਰਨਜੀਤ ਕੌਰ, ਡੀ.ਐੱਸ.ਪੀ. ਸ਼੍ਰੀ ਰਣਜੀਤ ਸਿੰਘ ਤੋਂ ਇਲਾਵਾ ਹੋਰ ਪੁਲਸ ਅਧਿਕਾਰੀ ਮੌਜੂਦ ਸਨ।ਡੀ.ਆਈ.ਜੀ. ਪਟਿਆਲਾ ਰੇਂਜ ਸ੍ਰ. ਹਰਚਰਨ ਸਿੰਘ ਭੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਰੱਖਿਆ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਮਾਲੇਰਕੋਟਲਾ ਵਿਖੇ ਵੋਟਾਂ ਪੂਰੇ ਅਮਨ ਅਮਾਨ ਨਾਲ ਪੈ ਰਹੀਆਂ ਹਨ ਤੇ ਜ਼ਿਲ੍ਹਾ ਪੁਲਸ ਵੱਲੋਂ ਸੁਰੱਖਿਆ ਦੇ ਮੱਦੇਨਜ਼ਰ ਸਖ਼ਤ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਚੋਣ ਡਿਊਟੀ 'ਤੇ ਤਾਇਨਾਤ ਸਮੁੱਚੇ ਨਫ਼ਰੀ ਨੂੰ ਆਪਣੀ ਡਿਊਟੀ ਪੂਰੀ ਤਰ੍ਹਾਂ ਨਿਰਪੱਖਤਾ, ਸ਼ਿੱਦਤ, ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਉਣ ਲਈ ਪਹਿਲਾ ਹੀ ਹਦਾਇਤਾਂ ਕੀਤੀਆਂ ਗਈਆਂ ਹਨ।ਜ਼ਿਲ੍ਹੇ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਬਣਾਏ ਰੱਖਣ ਲਈ ਪੁਲਸ ਨੇ ਪੁਖ਼ਤਾ ਇੰਤਜ਼ਾਮ ਕੀਤੇ ਹਨ ਤੇ ਇਸ ਲਈ ਜ਼ਿਲ੍ਹਾ ਪੁਲਸ, ਅਰਧ ਸੁਰੱਖਿਆ ਬਲਾਂ ਦੀ ਤਾਇਨਾਤੀ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਇਸ ਤੋਂ ਇਲਾਵਾ ਜ਼ਿਲ੍ਹੇ ਨੂੰ ਜ਼ੋਨਾਂ ਵਿੱਚ ਵੰਡ ਕੇ ਐੱਸ. ਪੀਜ਼ ਤੇ ਡੀ.ਐੱਸ.ਪੀ. ਰੈਂਕ ਦੇ ਅਧਿਕਾਰੀ ਵੀ ਤਾਇਨਾਤ ਕੀਤੇ ਗਏ ਹਨ ਤਾਂ ਜੋ ਕਿਸੇ ਵੀ ਗ਼ੈਰ-ਸਮਾਜੀ ਅਨਸਰ ਨੂੰ ਕੋਈ ਗੜਬੜੀ ਕਰਨ ਤੋਂ ਰੋਕਿਆ ਜਾ ਸਕੇ ਤੇ ਸਖ਼ਤੀ ਨਾਲ ਨਜਿੱਠਿਆ ਜਾ ਸਕੇ।ਉਨ੍ਹਾ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਮਾਹੌਲ ਖ਼ਰਾਬ ਕਰਨ ਤੇ ਕਾਨੂੰਨ ਵਿਵਸਥਾ ਭੰਗ ਕਰਨ ਦੀ ਆਗਿਆ ਨਹੀਂ।ਸੁਰੱਖਿਆ ਦੇ ਲਿਹਾਜ਼ ਨਾਲ ਪੋਲਿੰਗ ਬੂਥਾਂ 'ਤੇ ਮਾਈਕਰੋ ਅਬਜ਼ਰਵਰ, ਵੈੱਬ ਕਾਸਟਿੰਗ ਤੇ ਵਿਸ਼ੇਸ਼ ਵੀਡੀਓਗ੍ਰਾਫ਼ੀ ਕਰਵਾਉਣ ਲਈ ਕੈਮਰੇ ਵੀ ਲਗਾਏ ਗਏ ਹਨ ਤਾਂ ਜੋ ਵੋਟਰ ਨਿਰਭੈਅ ਹੋ ਕੇ ਵੋਟਾਂ ਪਾ ਸਕਣ।ਜ਼ਿਲ੍ਹੇ ਦੇ ਸਾਰੇ ਹਲਕਿਆਂ ਅੰਦਰ ਤਾਇਨਾਤ ਟੀਮਾਂ ਫਲਾਇੰਗ ਸਕੁਐਡ ਅਤੇ ਸਟੈਟਿਕ ਸਰਵੇਲੈਂਸ ਟੀਮਾਂ ਨੂੰ ਜੀ.ਪੀ.ਐੱਸ. ਤੇ ਕੈਮਰਿਆਂ ਨਾਲ ਲੈਸ ਗੱਡੀਆਂ ਮੁਹੱਈਆ ਕਰਵਾਈਆਂ ਗਈਆਂ ਹਨ, ਜੋ ਕਿ ਹਰ ਗਤੀਵਿਧੀ 'ਤੇ ਨਜ਼ਰ ਰੱਖਣਗੀਆਂ।ਜ਼ਿਲ੍ਹਾ ਪੁਲਸ ਮੁਖੀ ਡਾ. ਸਿਮਰਤ ਕੌਰ ਆਈ.ਪੀ.ਐੱਸ. ਨੇ ਕਿਹਾ ਕਿ ਜ਼ਿਲ੍ਹਾ ਪੁਲਸ ਚੋਣਾਂ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਤੇ ਸ਼ਾਂਤੀਪੂਰਨ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਬਾਘਾ ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ, ਜੋ ਕਿ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਦੇ ਨਾਮ ਨਾਲ ਜਾਣੀ ਜਾਂਦੀ ਹੈ।ਇਸ ਦੇ ਨਾਲ-ਨਾਲ ਹੁਣ ਸੰਸਥਾ ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾ ਵੱਲੋਂ ਜਗਸੀਰ ਸਿੰਘ ਤੇ ਉਨ੍ਹਾਂ ਦੀ ਪਤਨੀ ਕਰਮਜੀਤ ਕੌਰ ਵਾਸੀ ਰਾਜੇਆਣਾ ਜ਼ਿਲ੍ਹਾ ਮੋਗਾ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਜਗਸੀਰ ਸਿੰਘ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਵਿਜ਼ਟਰ ਵੀਜ਼ਾ ਪ੍ਰਾਪਤ ਹੋਇਆ ਹੈ।ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਅਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

# ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਵੱਲੋਂ ਪੋਲਿੰਗ ਬੂਥਾਂ ਦਾ ਦੌਰਾ, ਸੁਰੱਖਿਆ ਸਥਿਤੀ ਦਾ ਲਿਆ ਜਾਇਜ਼ਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਹਰਪ੍ਰੀਤ ਸਿੰਘ ਸੂਦਨ ਆਈ ਏ ਐੱਸ ਤੇ ਐੱਸ ਐੱਸ ਪੀ ਭਾਗੀਰਥ ਸਿੰਘ ਮੀਨਾ ਨੇ ਸ਼ਨੀਵਾਰ ਲੋਕ ਸਭਾ ਚੋਣਾਂ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਕੇ ਉੱਥੇ ਚੋਣ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਸ ਮੌਕੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਰ ਨੇ ਦੱਸਿਆ ਕਿ ਲੋਕਾਂ ਨੇ ਚੋਣਾਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਤੇ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਵੋਟਰ ਮਤਦਾਨ ਕੇਂਦਰਾਂ 'ਤੇ ਪਹੁੰਚੇ।ਉਨ੍ਹਾਂ ਦੱਸਿਆ ਕਿ ਮਤਦਾਨ ਕੇਂਦਰਾਂ 'ਤੇ ਵੋਟਰਾਂ ਲਈ ਛਬੀਲ, ਛਾਂ ਤੇ ਹੋਰ ਸਾਰੇ ਢੁਕਵੇਂ ਪ੍ਰਬੰਧ ਕੀਤੇ ਗਏ ਸਨ।ਉਨ੍ਹਾਂ ਆਖਿਆ ਕਿ ਮਾਡਲ ਪੋਲਿੰਗ ਬੂਥ, ਗਰੀਨ ਪੋਲਿੰਗ ਬੂਥ, ਪਿੰਕ ਪੋਲਿੰਗ ਬੂਥ, ਯੂਥ ਪੋਲਿੰਗ ਬੂਥ ਵੀ ਬਣਾਏ ਗਏ ਸਨ।ਇਸ ਮੌਕੇ ਉਨ੍ਹਾਂ ਨੇ ਚੋਣ ਅਮਲੇ ਦੀ ਹੌਸਲਾ ਅਫਜ਼ਾਈ ਵੀ ਕੀਤੀ।

ਉਨ੍ਹਾਂ ਦੇ ਨਾਲ ਦੌਰਾ ਕਰ ਰਹੇ ਐੱਸ ਐੱਸ ਪੀ ਸ੍ਰੀ ਭਾਗੀਰਥ ਸਿੰਘ ਮੀਨਾ ਨੇ ਆਖਿਆ ਕਿ ਪੁਲਸ ਵੱਲੋਂ ਜ਼ਿਲ੍ਹੇ ਵਿੱਚ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਅਤੇ ਰਾਜਸਥਾਨ ਤੇ ਹਰਿਆਣੇ ਨਾਲ ਲੱਗਦੀ ਸਰਹੱਦ ਨੂੰ ਵੀ ਸੀਲ ਕੀਤਾ ਗਿਆ ਸੀ।ਦੂਜੇ ਜ਼ਿਲ੍ਹਿਆਂ ਨਾਲ ਲੱਗਦੀਆਂ ਸਰਹੱਦਾਂ 'ਤੇ ਵੀ ਪੂਰੀ ਚੌਕਸੀ ਰੱਖੀ ਜਾ ਰਹੀ ਸੀ।ਜਦਕਿ ਹਰੇਕ ਪੋਲਿੰਗ ਬੂਥ 'ਤੇ ਸੁਰੱਖਿਆ ਵਿਵਸਥਾ ਕੀਤੀ ਗਈ ਸੀ।ਸੰਵੇਦਨਸ਼ੀਲ ਬੂਥਾਂ 'ਤੇ ਕੇਂਦਰੀ ਸੁਰੱਖਿਆ ਬਲ ਵੀ ਤੈਨਾਤ ਕੀਤੇ ਗਏ ਸਨ।ਇਸ ਦੌਰਾਨ ਉਨ੍ਹਾਂ ਨੇ ਪਿੰਡ ਮਿਠੜੀ ਬੁੱਧ ਗਿਰ, ਪਿੰਡ ਬਾਦਲ, ਮਲੋਟ ਸ਼ਹਿਰ ਆਦਿ ਦਾ ਦੌਰਾ ਕੀਤਾ।

ਇਸ ਤੋਂ ਪਹਿਲਾਂ ਐੱਸ ਐੱਸ ਪੀ ਭਾਗੀਰਥ ਮੀਨਾ ਨੇ ਪਿੰਡ ਝਬੇਲ ਵਾਲੀ, ਪਿੰਡ ਵੜਿੰਗ, ਪਿੰਡ ਹਰੀਕੇ ਕਲਾਂ, ਕੋਟਲੀ ਦੀਵਾਨ, ਪਿੰਡ ਵਧਾਈ, ਪਿੰਡ ਫੱਤਣਵਾਲਾ, ਪਿੰਡ ਪੰਨੀਵਾਲਾ, ਪਿੰਡ ਆਲਮ ਵਾਲਾ, ਪਿੰਡ ਮਲੋਟ, ਪਿੰਡ ਭਲਾਈਆਣਾ, ਪਿੰਡ ਦੋਦਾ, ਪਿੰਡ ਗੋਨਿਆ ਵਿੱਚ ਸਰਕਾਰੀ ਸਕੂਲਾਂ ਅੰਦਰ ਚੱਲ ਰਹੇ ਪੋਲਿੰਗ ਬੂਥਾਂ ਦਾ ਦੌਰਾ ਕੀਤਾ।

# ਵੋਟ ਆਪੋ-ਆਪਣੀ ਪਾਰਟੀ ਨੂੰ, ਪਰ ਸਮਾਜਿਕ ਸਾਂਝ ਬਰਕਰਾਰ ਰੱਖਾਂਗੇ



*80 ਸਾਲਾ ਬਜ਼ੁਰਗ ਸੋਹਣ ਸਿੰਘ ਨੂੰ ਸਰਟੀਫਿਕੇਟ ਦਿੰਦੀ ਹੋਏ ਪੋਲਿੰਗ ਟੀਮ।*

ਸ਼ਾਹਕੋਟ (ਗਿਆਨ ਸੈਦਪੁਰੀ)– ਲੋਕ ਸਭਾ ਹਲਕਾ ਜਲੰਧਰ ਵਿੱਚ ਪੈਂਦੇ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਬਹੁਤ ਸਾਰੇ ਬੂਥਾਂ ਦਾ ਪੱਤਰਕਾਰਾਂ ਦੀ ਟੀਮ ਨੇ ਦੌਰਾ ਕੀਤਾ। ਇਸ ਦੌਰਾਨ ਕਈ ਦਿਲਚਸਪ ਗੱਲਾਂ 'ਤੇ ਨਜ਼ਾਰੇ ਸੁਣਨ ਦੇਖਣ ਨੂੰ ਨਜ਼ਰ ਆਏ। ਪਿੰਡ ਬਾਹਮਣੀਆਂ ਵਿੱਚ ਵੋਟਾਂ ਪਾਉਣ ਦਾ ਕੰਮ ਸ਼ੁਰੂ ਹੁੰਦਿਆਂ ਹੀ ਭਾਜਪਾ ਬੂਥ ਦੀ ਤੋੜ ਭੰਨ ਦੀ ਸੂਚਨਾ ਮਿਲੀ। ਟੀਮ ਨੇ ਪਿੰਡ ਪਹੁੰਚ ਕੇ ਦੇਖਿਆ ਕਿ ਭਾਜਪਾ ਬੂਥ 'ਤੇ ਟੈਂਟ ਵਗੈਰਾ ਉਖਾੜੇ ਪਏ ਸਨ। ਭਾਜਪਾ ਦੇ ਦੋ ਤਿੰਨ ਵਰਕਰ ਉਥੇ ਮੌਜੂਦ ਸਨ। ਮੋਹਰੀ ਵਰਕਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸਵੇਰੇ 7 ਵਜੇ ਹੀ ਕਿਸਾਨ ਯੂਨੀਅਨ ਨੇ ਉਨ੍ਹਾਂ ਦੇ ਬੂਥ ਦੀ ਤੋੜ ਭੰਨ ਕਰ ਦਿੱਤੀ। ਇਸ ਬਾਰੇ ਦੂਸਰੀਆਂ ਪਾਰਟੀਆਂ ਦੇ ਵਰਕਰਾਂ ਕੋਲੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਭਾਜਪਾ ਦਾ ਬੂਥ ਪਿੰਡ ਦੇ ਬੱਸ ਅੱਡਾ ਵਿੱਚ ਲੱਗਾ ਹੋਣ ਕਰਕੇ ਆਵਾਜਾਈ ਵਿੱਚ ਵਿਘਨ ਪੈਂਦਾ ਸੀ। ਯੂਨੀਅਨ ਦੇ ਨੁਮਾਇੰਦਿਆਂ ਨੇ ਇੱਥੋਂ ਬੂਥ ਹਟਾ ਕੇ ਥੋੜ੍ਹਾ ਅੱਗੇ ਪਿੱਛੇ ਲਾਉਣ ਦੀ ਮੰਗ ਕੀਤੀ ਸੀ। ਭਾਜਪਾ ਵਰਕਰਾਂ ਦੇ ਨਾ ਮੰਨਣ ਕਾਰਨ ਬੂਥ ਉਖਾੜ ਦੇਣ ਦੀ ਨੌਬਤ ਪੈਦਾ ਹੋ ਗਈ।ਅਕਾਲੀ ਦਲ (ਬਾਦਲ) ਦੇ ਇਸੇ ਪਿੰਡ ਵਿੱਚ ਲੱਗੇ ਬੂਥ 'ਤੇ ਬੈਠੇ ਵਰਕਰਾਂ ਨੇ ਇਹ ਗੱਲ ਮੰਨਣ ਵਿੱਚ ਸੰਕੋਚ ਨਹੀਂ ਕੀਤਾ ਕਿ ਪਿੰਡ ਵਿੱਚ ਅਕਾਲੀ ਦਲ ਪਹਿਲਾਂ ਨਾਲੋਂ ਕਮਜ਼ੋਰ ਹੋਇਆ ਹੈ। ਇਸ ਪਿੰਡ ਦੇ ਕਾਂਗਰਸੀ ਬੂਥ ਵਿੱਚ ਪੂਰੀਆਂ ਰੌਣਕਾਂ ਨਜ਼ਰ ਆਈਆਂ। ਆਪ ਦੇ ਬੂਥ ਵਿੱਚ ਵੀ ਚਹਿਲ ਪਹਿਲ ਨਜ਼ਰ ਆਈ। ਪਿੰਡ ਕਿਲੀ ਅਤੇ ਸੰਗਤਪੁਰ ਦਾ ਪੋਲਿੰਗ ਬੂਥ ਸਾਂਝਾ ਸੀ। ਇੱਥੇ ਕਾਂਗਰਸ ਦੇ ਬੂਥ ਦੇ ਨਜ਼ਦੀਕ ਹੀ ਭਾਜਪਾ ਦਾ ਬੂਥ ਲੱਗਾ ਹੋਇਆ ਸੀ।

ਜਦੋਂ ਕਾਂਗਰਸ ਪਾਰਟੀ ਵਾਲਿਆਂ ਦੀ ਤਸਵੀਰ ਖਿੱਚਣ ਲੱਗੇ ਤਾਂ ਭਾਜਪਾ ਵਾਲੇ ਵਰਕਰ ਵੀ ( ਦੋ ਹੀ ਸਨ) ਉਨ੍ਹਾਂ ਦੇ ਨਾਲ ਖੜ੍ਹੇ ਹੋ ਗਏ। ਇਸ ਤਰ੍ਹਾਂ ਦੋ ਵਿਰੋਧੀ ਬੂਥਾਂ ਦੀ ਸਾਂਝੀ ਤਸਵੀਰ ਖਿੱਚੀ ਗਈ। ਇੱਥੇ ਕਾਂਗਰਸੀ ਵਰਕਰ ਸੋਨੂ ਕਿਲੀ ਨੇ ਦੱਸਿਆ ਕਿ ਪਿੰਡ ਕਿਲੀ ਤੋਂ ਹਮੇਸ਼ਾ ਹੀ ਅਕਾਲੀ ਦਲ ਅੱਗੇ ਹੁੰਦਾ ਸੀ ਪਰ ਇਸ ਵਾਰ ਉਨ੍ਹਾਂ ਦਾ ਬੂਥ ਵੀ ਨਜ਼ਰ ਨਹੀਂ ਆਇਆ।

ਇੱਥੋਂ ਦੇ ਪੋਲਿੰਗ ਬੂਥ 'ਤੇ ਪਹਿਲੀ ਵਾਰ ਵੋਟ ਪਾਉਣ ਆਈ ਆਂਚਲ ਪ੍ਰੀਤ ਅਤੇ ਪ੍ਰਭਦੀਪ ਨੂੰ ਪੋਲਿੰਗ ਪਾਰਟੀ ਨੇ ਸਰਟੀਫਿਕੇਟ ਪ੍ਰਦਾਨ ਕੀਤੇ।

ਪਿੰਡ ਜਾਫਰਵਾਲ ਅਤੇ ਸੇਖੇਵਾਲ ਦਾ ਪੋਲਿੰਗ ਬੂਥ ਵੀ ਸਾਂਝਾ ਸੀ।ਇੱਥੇ ਕਾਂਗਰਸੀ ਕਿਸੇ ਗੱਲ ਤੋਂ ਆਪ ਵਾਲਿਆਂ ਤੋਂ ਖਿਝੇ ਹੋਏ ਨਜ਼ਰ ਆਏ। ਪਿੰਡ ਸੈਦਪੁਰ ਝਿੜੀ ਵਿੱਚ ਵੀ ਕਾਂਗਰਸ ਅਤੇ ਭਾਜਪਾ ਦੇ ਦੋ ਵਰਕਰ ਇੱਕ ਦੂਜੇ ਦਾ ਹੱਥ ਫੜ ਕੇ ਵੋਟ ਪਾਉਣ ਗਏ ( ਮਨਜੀਤ ਸਿੰਘ ਅਤੇ ਅਮਨਦੀਪ ਸੈਦਪੁਰੀ)। ਉਨ੍ਹਾਂ ਪੱਤਰਕਾਰਾਂ ਦੀ ਟੀਮ ਨੂੰ ਦੱਸਿਆ ਕਿ ਅੰਦਰ ਜਾ ਕੇ ਵੋਟ ਉਹ ਆਪੋ ਆਪਣੀ ਪਾਰਟੀ ਨੂੰ ਵੋਟ ਪਾਉਣਗੇ ਪਰ ਸਮਾਜਿਕ ਸਾਂਝ ਬਰਕਰਾਰ ਰੱਖਾਂਗੇ।

ਪਿੰਡ ਢੰਡੋਵਾਲ ਦਾ ਪੋਲਿੰਗ ਬੂਥ ਹਮੇਸ਼ਾ ਹੀ ਸੰਵੇਦਨਸ਼ੀਲ ਬੂਥਾਂ 'ਚ ਸ਼ਾਮਲ ਹੁੰਦਾ ਸੀ ਪਰ ਇਸ ਵਾਰ ਇਹ ਸੈਂਸੇਟਿਵ ਬੂਥਾਂ ਵਿੱਚ ਸ਼ਾਮਲ ਨਹੀਂ ਸੀ। ਇੱਥੇ ਤਿੰਨ ਮੁੱਖ ਧਿਰਾਂ ਦੇ ਆਗੂ ਸੁਰਿੰਦਰਜੀਤ ਸਿੰਘ ਚੱਠਾ (ਕਾਂਗਰਸੀ), ਬਲਦੇਵ ਸਿੰਘ ਚੱਠਾ (ਅਕਾਲੀ) ਅਤੇ ਸੁਰਜੀਤ ਸਿੰਘ (ਆਪ) ਪੋਲਿੰਗ ਏਜੰਟ ਬਣੇ।



*ਪਿੰਡ ਕਿਲੀ ਦੇ ਕਾਂਗਰਸੀ ਬੂਥ 'ਤੇ ਕਾਂਗਰਸ ਦੇ ਵਰਕਰ।*

ਪੋਲਿੰਗ ਪਾਰਟੀ ਨੇ ਇੱਕ 80 ਸਾਲਾ ਬਜ਼ੁਰਗ ਸੋਹਣ ਸਿੰਘ ਨੂੰ ਸਰਟੀਫਿਕੇਟ ਪ੍ਰਦਾਨ ਕੀਤਾ। ਇੱਥੇ ਤਾਇਨਾਤ ਕੇਰਲਾ ਆਰਮਡ ਪੁਲਿਸ ਦੇ ਜਵਾਨਾਂ ਨੇ ਪੰਜਾਬੀਆਂ ਦੇ ਸੁਭਾਅ ਦੀ ਸਿਫਤ ਕੀਤੀ। ਸ਼ਾਹਕੋਟ ਵਿੱਚ ਪੱਤਰਕਾਰਾਂ ਦੀ ਟੀਮ ਨੇ ਅਕਾਲੀ ਦਲ (ਬਾਦਲ) ਦੇ ਲੰਗਰ 'ਚ ਪ੍ਰਸ਼ਾਦਾ ਛਕਿਆ ਤੇ ਕਾਂਗਰਸੀਆਂ ਨੇ ਸ਼ਰਬਤ ਪਿਲਾਇਆ। ਇਸੇ ਦੌਰਾਨ ਪਤਾ ਲੱਗਾ ਕਿ ਵੋਟਰਾਂ ਨੂੰ ਪੈਸੇ ਵੰਡਣ ਦੇ ਦੋਸ਼ ਵਿੱਚ ਭਾਜਪਾ ਦੇ ਦੋ ਆਗੂਆਂ ਵਿਰੁੱਧ ਮਾਡਲ ਥਾਣਾ ਸ਼ਾਹਕੋਟ ਵਿੱਚ ਕੇਸ ਦਰਜ ਕੀਤਾ ਗਿਆ ਹੈ।



*ਪ੍ਰਭਦੀਪ ਨੂੰ ਸਰਟੀਫਿਕੇਟ ਪ੍ਰਦਾਨ ਕਰਦੀ ਹੋਈ ਪੋਲਿੰਗ ਪਾਰਟੀ।*

## ਸੇਂਟ ਸੋਲਜਰ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਉਜਵਲ ਵੋਟ ਪਾਈ



ਜਲੰਧਰ : ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਲੋਕ ਸਭਾ ਚੋਣਾਂ 2024 ਵਿਚ ਵੋਟ ਪਾ ਕੇ ਆਪਣੇ ਸਮੂਹ ਮੈਂਬਰਾਂ ਅਤੇ ਸਮੁੱਚੇ ਸਮਾਜ ਨੂੰ ਪ੍ਰੇਰਿਤ ਕੀਤਾ।

# ਮੁੱਖ ਮੰਤਰੀ ਭਗਵੰਤ ਮਾਨ ਨੇ ਪਰਿਵਾਰ ਦੇ ਨਾਲ ਲਾਈਨ 'ਚ ਲੱਗ ਕੇ ਪਾਈ ਵੋਟ

## ਕਿਹਾ-ਇਹ ਚੋਣ ਪੰਜਾਬ ਲਈ ਬਹੁਤ ਅਹਿਮ, ਪੰਜਾਬ ਦੇਸ਼ ਦੀ ਰਾਜਨੀਤੀ ਦਾ ਕੇਂਦਰ



ਚੰਡੀਗੜ੍ਹ (ਗੁਰਜੀਤ ਬਿੱਲਾ)–ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਚੋਣਾਂ ਲਈ ਆਪਣੇ ਪਰਿਵਾਰ ਨਾਲ ਲਾਈਨ ਵਿਚ ਲੱਗ ਕੇ ਮੰਗਵਾਲ (ਸੰਗਰੂਰ) ਵਿਖੇ ਵੋਟ ਪਾਈ।ਉਨ੍ਹਾਂ ਕਿਹਾ ਕਿ ਇਹ ਚੋਣ ਪੰਜਾਬ ਅਤੇ ਦੇਸ਼ ਦੇ ਲੋਕਤੰਤਰ ਲਈ ਬਹੁਤ ਹੀ ਮਹੱਤਵਪੂਰਨ ਹੈ।ਪੰਜਾਬ ਦੇਸ਼ ਦੀ ਰਾਜਨੀਤੀ ਦਾ ਕੇਂਦਰ ਹੈ।ਇਸ ਵਾਰ ਵੀ ਕੇਂਦਰ ਸਰਕਾਰ ਵਿੱਚ ਪੰਜਾਬ ਦਾ ਵੱਡਾ ਯੋਗਦਾਨ ਹੋਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦਾ ਇਤਿਹਾਸ ਰਿਹਾ ਹੈ ਕਿ ਲੋਕ ਵੱਡੀ ਗਿਣਤੀ ਵਿੱਚ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਆਉਂਦੇ ਹਨ, ਕਿਉਂਕਿ ਪੰਜਾਬ ਦੇ ਵੋਟਰ ਜਾਗਰੂਕ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਲੋਕ ਸਭਾ ਲਈ ਚੰਗੇ ਅਤੇ ਇਮਾਨਦਾਰ ਉਮੀਦਵਾਰਾਂ ਨੂੰ ਚੁਣਨਗੇ, ਜੋ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਦੇ ਨਾਲ ਉਨ੍ਹਾਂ ਨੂੰ ਹੱਲ ਕਰਨ ਦੇ ਸਮਰੱਥ ਹੋਣ।ਉਨ੍ਹਾਂ ਕਿਹਾ ਕਿ ਮੈਂ ਪਿਛਲੇ 25 ਦਿਨਾਂ ਵਿੱਚ 122 ਰੈਲੀਆਂ ਅਤੇ ਰੋਡ ਸ਼ੋਅ ਕੀਤੇ ਹਨ।ਮੈਂ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਹਰ ਪਾਸੇ ਲੋਕਾਂ ਤੋਂ ਹਾਂ-ਪੱਖੀ ਹੁੰਗਾਰਾ ਮਿਲਿਆ।ਚੋਣ ਪ੍ਰਚਾਰ ਦੌਰਾਨ ਮੈਂ ਆਪਣੇ ਦੋ ਸਾਲਾਂ ਦੇ ਕੰਮਾਂ ਦੇ ਆਧਾਰ 'ਤੇ ਲੋਕਾਂ ਤੋਂ ਵੋਟਾਂ ਮੰਗੀਆਂ, ਜਿਸ ਦੀ ਲੋਕਾਂ ਨੇ ਸ਼ਲਾਘਾ ਵੀ ਕੀਤੀ।ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਮੈਂ ਕਈ ਥਾਵਾਂ ਤੇ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਖ਼ਬਰਾਂ ਸੁਣੀਆਂ, ਪਰ ਮੈਂ ਆਪਣੀ ਚੋਣ ਪ੍ਰਚਾਰ ਦੌਰਾਨ ਕੋਈ ਵੀ ਅਜਿਹੀ ਗਤੀਵਿਧੀ ਜਾਂ ਭਾਸ਼ਣ ਨਹੀਂ ਦਿੱਤਾ ਜਿਸ ਨਾਲ ਚੋਣ ਜ਼ਾਬਤੇ ਦੀ ਉਲੰਘਣਾ ਹੁੰਦੀ ਹੋਵੇ। ਇਸ ਲਈ ਮੇਰੀ ਚੋਣ ਕਮਿਸ਼ਨ ਕੋਲ ਇੱਕ ਵੀ ਸ਼ਿਕਾਇਤ ਨਹੀਂ ਹੈ, ਕਿਉਂਕਿ ਮੈਂ ਚੋਣ ਨਿਯਮਾਂ ਦੀ ਪਾਲਣਾ ਕਰਦੇ ਹੋਏ ਪ੍ਰਚਾਰ ਕੀਤਾ ਸੀ।ਅਸੀਂ ਕਦੇ ਵੀ ਚੋਣ ਜ਼ਾਬਤੇ ਨੂੰ ਤੋੜਨ ਦੀ ਕੋਸ਼ਿਸ਼ ਨਹੀਂ ਕੀਤੀ।ਉਨ੍ਹਾਂ ਕਿਹਾ ਕਿ ਇਸ ਚੋਣ ਵਿੱਚ ਔਰਤਾਂ ਦੀ ਭੂਮਿਕਾ ਬਹੁਤ ਅਹਿਮ ਹੋਵੇਗੀ, ਕਿਉਂਕਿ ਮਹਿੰਗਾਈ ਤੋਂ ਔਰਤਾਂ ਸਭ ਤੋਂ ਵੱਧ ਪ੍ਰਭਾਵਿਤ ਹਨ।

ਇਸ ਤੋਂ ਇਲਾਵਾ ਕਈ ਅਹਿਮ ਮੁੱਦੇ ਹਨ, ਜੋ ਔਰਤਾਂ ਦੀ ਵੋਟ ਨੂੰ ਪ੍ਰਭਾਵਿਤ ਕਰਨਗੇ ਅਤੇ ਚੋਣ ਨਤੀਜਿਆਂ ਵਿੱਚ ਵੱਡੀ ਤਬਦੀਲੀ ਦਾ ਕਾਰਨ ਬਣਨਗੇ।ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਪੰਜਾਬ ਦੀਆਂ ਮਹਿਲਾ ਵੋਟਰ ਬਹੁਤ ਸੂਝਵਾਨ ਹਨ।ਉਹ ਇਮਾਨਦਾਰ ਅਤੇ ਕੰਮ ਕਰਨ ਵਾਲੀ ਸਰਕਾਰ ਚੁਣਨਗੇ।ਇਸ ਵਾਰ ਔਰਤਾਂ ਦਾ ਵੋਟ ਬਦਲਾਅ ਲਈ ਹੋਵੇਗਾ ਅਤੇ ਇਤਿਹਾਸ ਰਚੇਗਾ।

# ਜਲੰਧਰ 'ਚ ਸ਼ਾਮ ਦੇ ਸੱਤ ਵਜੇ ਤੱਕ ਹੋਇਆ 60.12 ਫੀਸਦੀ ਮੱਤਦਾਨ



**ਜਲੰਧਰ (ਸੁਰਿੰਦਰ ਕੁਮਾਰ)**– ਸਥਾਨਕ ਜਲੰਧਰ ਅੱਜ ਪਹਿਲੀ ਜੂਨ ਲੋਕ ਸਭਾ ਦੀ ਚੋਣ ਲਈ ਵੋਟਾ ਪਾਉਣ ਦਾ ਕੰਮ ਸਵੇਰੇ ਸੱਤ ਵੱਜੇ ਸ਼ੁਰੂ ਹੋਇਆ। ਜਲੰਧਰ ਵਿੱਚ ਕੁੱਲ 16 ਲੱਖ 54 ਹਜ਼ਾਰ ਪੰਜ ਵੋਟਰਾਂ ਨੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾਂ ਜਿਹਨ੍ਹਾਂ ਵਿੱਚ ਅੱਠ ਲੱਖ 59 ਹਜ਼ਾਰ 688 ਮਰਦ ਵੋਟਰ ਤੇ 7 ਲੱਖ 94 ਹਜ਼ਾਰ 273 ਮਾਹਿਲਾਂ ਵੋਟਰ ਨੇ ਇਸ ਰਿਜਵਰ ਸੀਟ ਤੇ ਖੜ੍ਹੇ ਸ਼੍ਰੋਮਣੀ ਅਕਾਲੀ ਦੱਲ ਦੇ ਮਹਿੰਦਰ ਸਿੰਘ ਕੇ ਪੀ ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਬਹੁਜਨ ਸਮਾਜ ਪਾਰਟੀ ਦੇ ਬੱਲਵਿੰਦਰ ਕੁਮਾਰ ਐਡਵੋਕੇਟ ਬੀਜੇਪੀ ਦੇ ਸੁਸ਼ੀਲ ਰਿੰਕੂ ਤੇ ਆਮ ਆਦਮੀ ਪਾਰਟੀ ਦੇ ਪਵਨ ਟੀਨੂੰ ਸਮੇਤ ਆਜ਼ਾਦ 15 ਚੋਣ ਮੈਦਾਨ ਵਿੱਚ ਉਤਰੇ ਉਮੀਦਵਾਰਾਂ ਦੀ ਕਿਸਮਤ ਅੱਜ ਈ ਵੀ ਐਮ ਮਸ਼ੀਨਾਂ ਵਿੱਚ ਬੰਦ ਕਰ ਦਿੱਤੀ। ਜਲੰਧਰ ਵਿੱਚ ਲੋਕ ਸਭਾ ਚੋਣ ਵਿੱਚ ਵੋਟਾਂ ਪਾਉਣ ਲਈ 1951 ਪੋਲਿੰਗ ਸਟੇਸ਼ਨ ਬਣਾਏ ਗਏ ਸਨ ਜਿਨ੍ਹਾਂ ਤੇ ਸਭ ਤੋਂ ਪਹਿਲਾਂ ਸਵੇਰੇ ਸੱਤ ਵਜੇ ਵੋਟਿੰਗ ਸ਼ੁਰੂ ਹੋਈ ਪਹਿਲੇ ਦੋ ਘੰਟਿਆ ਵਿੱਚ 10/71 ਪ੍ਰਤੀਸ਼ਤ ਵੋਟਾਂ ਵੋਟਰਾਂ ਨੇ 9 ਵੱਜ ਕੇ 26 ਮਿੰਟ ਤੱਕ ਪਾਈਆਂ ਸਨ। ਇਸ ਤੋ ਬਾਆਦ ਅਗਲੇ ਦੋ ਘੰਟਿਆਂ 11 ਵੱਜ ਕੇ 33 ਮਿੰਟ ਤੱਕ 24/59 ਪ੍ਰਤੀਸ਼ਤ ਵੋਟਾਂ ਪਈਆਂ। ਇਸ ਤੋਂ ਬਾਆਦ ਦੁਪਹਿਰ 1 ਵੱਜ ਕੇ 33 ਮਿੰਟ ਤੇ 37/95 ਵੋਟ ਲੋਕਾਂ ਨੇ ਪਾਈ। 3 ਵੱਜ ਤੇ 33 ਮਿੰਟ ਤੇ ਜਲੰਧਰ ਲੋਕ ਸਭਾ ਹਲਕੇ ਵਿੱਚ 45/ 66 ਪ੍ਰਤੀਸ਼ਤ ਵੋਟ ਪਈ। ਪੰਜ ਵੱਜ ਕੇ 31 ਮਿੰਟ ਤੱਕ ਜਲੰਧਰ ਤੋਂ ਵੋਟਰਾਂ ਨੇ 53/66 ਪ੍ਰਤੀਸ਼ਤ ਵੋਟਾਂ ਪਾ ਕੇ ਪੂਰੀਆਂ ਵੋਟਾਂ ਦੇ ਅੱਧ ਨੂੰ ਪਾਰ ਕਰ ਲਿਆ। ਇਸ ਤੋਂ ਬਆਦ ਵੋਟਿੰਗ ਸੈਂਟਰਾਂ ਵਿੱਚ ਆਏ ਵੋਟਰਾਂ ਨੂੰ ਵੋਟਾਂ ਪਾਉਣ ਲਈ ਪਾਰਟੀਆਂ ਦੇ ਵਰਕਰ ਘਰਾਂ ਤੋਂ ਲੈ ਕੇ ਪੋਲਿੰਗ ਸਟੇਸ਼ਨਾਂ ਤੱਕ ਪੁਹੰਚੇ ਜਿਹੜੇ ਪੋਲਿੰਗ ਸਟੇਸ਼ਨ ਵਿੱਚ ਪੁਹੰਚ ਗਏ ਤੇ ਉਸ ਤੋਂ ਬਾਅਦ ਵੋਟਾਂ ਪਾਉਣ ਲਈ ਲਾਈਨਾਂ ਵਿੱਚ ਲੱਗ ਗਏ। ਸ਼ਾਮ 7 ਵਜੇ ਤੱਕ ਵੋਟਾਂ ਪਾਉਣ ਦਾ ਕੰਮ ਲਗਾਤਾਰ ਜਾਰੀ ਸੀ। ਪੋਲਿੰਗ ਅਧਿਕਾਰੀਆਂ ਦੇ ਅਨੁਸਾਰ ਜਲੰਧਰ ਵਿੱਚ ਵੋਟਿੰਗ 60 ਪ੍ਰਤੀਸ਼ਤ ਰਹਿਣ ਦਾ ਉਮੀਦ ਸੀ।

# ਲੋਕ ਸਭਾ ਚੋਣਾਂ ਦੌਰਾਨ 61 ਫ਼ੀਸਦੀ ਵੋਟਾਂ ਪਈਆਂ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** – ਅੱਜ ਲੋਕ ਸਭਾ ਚੋਣਾਂ ਦੌਰਾਨ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਜਦੋਂ ਉਹ ਗਰਮੀ ਦੀ ਪ੍ਰਵਾਹ ਕੀਤੇ ਬਗੈਰ ਆਪਣੀ ਵੋਟ ਪਾਉਣ ਲਈ ਪਹੁੰਚੇ ਅਤੇ ਪਿੰਡਾਂ ਤੇ ਕਸਬਿਆਂ ਦੇ ਵਿੱਚ ਲੰਮੀਆਂ ਕਤਾਰਾਂ ਦੇਖਣ ਨੂੰ ਮਿਲੀਆਂ ।ਭਾਵੇਂ ਕਿ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸਹੂਲਤ ਲਈ ਟੈਂਟ ਅਤੇ ਛਬੀਲ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ ਪਰ ਫਿਰ ਵੀ ਲੋਕਾਂ ਨੇ ਆਪਣੇ ਪੱਧਰ 'ਤੇ ਵੀ ਛਬੀਲਾਂ ਲਗਾ ਕੇ ਵੋਟਰਾਂ ਨੂੰ ਗਰਮੀ ਤੋਂ ਬਚਾਇਆ। ਇਹ ਦੇਖਣ 'ਚ ਆਇਆ ਕਿ ਨੌਜਵਾਨ, ਬਜ਼ੁਰਗ, ਹਰ ਵਰਗ ਦੇ ਲੋਕਾਂ ਨੇ ਇਨ੍ਹਾਂ ਵੋਟਾਂ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਵੋਟ ਪਾਉਣ ਦੀ ਜ਼ਿੰਮੇਵਾਰੀ ਸਮਝੀ । ਪੱਤਰਕਾਰਾਂ ਵੱਲੋਂ ਇਲਾਕੇ ਦੇ ਪਿੰਡਾਂ ਕਸਬਾ ਬੇਲਾ, ਬਹਿਰਾਮਪੁਰ ਬੇਟ, ਫਿਰੋਜ਼ਪੁਰ, ਭਲਿਆਣ, ਜਟਾਣਾ, ਦਾਊਦਪੁਰ , ਬਜੀਦਪੁਰ, ਸਲਾਹਪੁਰ , ਗੱਗੋ, ਪਿੱਪਲ ਮਾਜਰਾ, ਰੁੜਕੀ, ਸੰਧੂਆਂ, ਸੈਦਪੁਰ, ਲੁਠੇੜੀ ਅਤੇ ਦੁਗਰੀ ਆਦਿ ਪਿੰਡਾਂ ਦਾ ਦੌਰਾ ਕੀਤਾ ਤਾਂ ਲੋਕ ਅਮਨ ਅਮਾਨ ਨਾਲ ਭਾਈਚਾਰਕ ਸਾਂਝ ਬਣਾ ਕੇ ਵੋਟਾਂ ਪਾ ਰਹੇ ਸਨ ਅਤੇ ਪਹਿਲੀ ਵੋਟ ਪਾਉਣ ਵਾਲੇ ਨੌਜਵਾਨ ( ਵੋਟਰ ) ਨੂੰ ਪ੍ਰਸ਼ਾਸਨ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਤ ਵੀ ਕੀਤਾ ਜਾ ਰਿਹਾ ਸੀ । ਐਸ ਡੀ ਐਮ ਅਮਰੀਕ ਸਿੰਘ ਸਿੱਧੂ ਨੇ ਦੱਸਿਆ ਕਿ ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਵਿੱਚ 6 ਵਜੇ ਤੱਕ 61 ਫ਼ੀਸਦੀ ਤੋਂ ਵੱਧ ਵੋਟਾਂ ਦੀ ਪੋਲਿੰਗ ਹੋਈ ਜੋ ਕਿ ਭਾਰਤ ਦੀ ਐਵਰੇਜ ਨਾਲੋਂ ਜ਼ਿਆਦਾ ਹੈ । ਚੋਣਾਂ ਦੌਰਾਨ ਉਮੀਦਵਾਰਾਂ ਅਤੇ ਉਨ੍ਹਾਂ ਦੇ ਚੋਣ ਏਜੰਟਾਂ ਨੇ ਵੱਖ-ਵੱਖ ਬੂਥਾਂ 'ਤੇ ਜਾ ਕੇ ਜਾਇਜ਼ਾ ਲਿਆ ਅਤੇ ਅਕਾਲੀ ਦਲ ਦੇ ਉਮੀਦਵਾਰ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ, ਆਪ ਦੇ ਮਲਵਿੰਦਰ ਸਿੰਘ ਕੰਗ ਅਤੇ ਕਾਂਗਰਸ ਪਾਰਟੀ ਦੇ ਵਿਜੈਇੰਦਰ ਸਿੰਗਲਾ ਨੇ ਵੀ ਇਲਾਕੇ ਦੇ ਪਿੰਡਾਂ ਵਿੱਚ ਜਾ ਕੇ ਬੂਥਾਂ ਉੱਤੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਆਪੋ ਆਪਣੀ ਜਿੱਤ ਦਾ ਦਾਅਵਾ ਵੀ ਕੀਤਾ । ਪਿੰਡ ਰਾਏਪੁਰ ਬੂਥ ਨੰਬਰ 77 ਤੇ 102 ਸਾਲਾਂ ਦੀ ਬੀਬੀ ਦੀਪ ਕੌਰ ਨੇ ਆਪਣੇ ਕੀਮਤੀ ਵੋਟ ਦਾ ਇਸਤੇਮਾਲ ਕੀਤਾ । ਕਸਬਾ ਬੇਲਾ, ਬਹਿਰਾਮਪੁਰ ਬੇਟ ਅਤੇ ਚਮਕੌਰ ਸਾਹਿਬ ਦੇ ਬੂਥਾਂ ਤੇ ਸ਼ਾਮ 6 ਵਜੇ ਤੋਂ ਬਾਅਦ ਵੀ ਲੋਕ ਵੋਟਾਂ ਪਾਉਣ ਲਈ ਖੜ੍ਹੇ ਸਨ ।

# ਵਿਸ਼ੇਸ਼ ਆਬਜ਼ਰਵਰਾਂ ਤੇ ਪੁਲਸ ਆਬਜ਼ਰਵਰ ਸੰਦੀਪ ਗਜਾਨਨ ਨੇ ਬੂਥਾਂ ਦਾ ਕੀਤਾ ਦੌਰਾ

ਐਸ.ਏ.ਐਸ.ਨਗਰ (ਗੁਰਜੀਤ ਬਿੱਲਾ)– ਮਤਦਾਨ ਦਿਵਸ ਦੇ ਪ੍ਰਬੰਧਾਂ ਦੀ ਜ਼ਮੀਨੀ ਪੱਧਰ 'ਤੇ ਜਾਂਚ ਕਰਨ ਲਈ ਚੋਣ ਕਮਿਸ਼ਨ ਵੱਲੋਂ ਤਾਇਨਾਤ ਕੀਤੇ ਗਏ ਆਬਜ਼ਰਵਰਾਂ ਨੇ ਐਸ.ਏ.ਐਸ.ਨਗਰ ਜ਼ਿਲ੍ਹੇ ਦੇ ਪੋਲਿੰਗ ਬੂਥਾਂ ਦਾ ਦੌਰਾ ਕੀਤਾ ਅਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ।ਈ ਸੀ ਆਈ ਦੇ ਵਿਸ਼ੇਸ਼ ਆਬਜ਼ਰਵਰ ਰਾਮ ਮੋਹਨ ਮਿਸ਼ਰਾ ਨੇ ਐਮਿਟੀ ਇੰਟਰਨੈਸ਼ਨਲ ਸਕੂਲ, ਸੈਕਟਰ 79, ਮੋਹਾਲੀ ਵਿਖੇ ਸਥਾਪਿਤ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਥੀਮ ਅਧਾਰਤ ਸੁਪਰ ਮਾਡਲ ਬੂਥ ਦਾ ਦੌਰਾ ਕੀਤਾ ਜਦਕਿ ਜਨਰਲ ਆਬਜ਼ਰਵਰ ਡਾ. ਹੀਰਾ ਲਾਲ ਨੇ ਸਰਕਾਰੀ ਹਾਈ ਸਕੂਲ ਫੇਜ਼ 5, ਮੋਹਾਲੀ, ਸ਼ੈਮਰੋਕ ਵੰਡਰ ਸਕੂਲ ਖਰੜ, ਦੇਸੂ ਮਾਜਰਾ ਅਤੇ ਐਮਿਟੀ ਸਕੂਲ ਪੋਲਿੰਗ ਬੂਥ ਦਾ ਦੌਰਾ ਕੀਤਾ। ਇਸੇ ਤਰ੍ਹਾਂ ਪੁਲਸ ਅਬਜ਼ਰਵਰ ਸੰਦੀਪ ਗਜਾਨਨ ਦੀਵਾਨ ਨੇ ਸਕੂਲ ਆਫ਼ ਐਮੀਨੈਂਸ 1, ਸਰਕਾਰੀ ਐਲੀਮੈਂਟਰੀ ਸਕੂਲ ਫੇਜ਼ 3ਬੀ1 ਮੁਹਾਲੀ, ਸੇਂਟ ਸੋਲਜਰ ਸਕੂਲ ਫੇਜ਼ 7 ਮੁਹਾਲੀ, ਐਮਿਟੀ ਇੰਟਰਨੈਸ਼ਨਲ ਸਕੂਲ ਸੈਕਟਰ 79 ਮੁਹਾਲੀ ਅਤੇ ਪਿੰਡ ਬਲਿਆਲੀ ਅਤੇ ਖਰੜ ਵਿੱਚ ਛੱਜੂ ਮਾਜਰਾ ਦਾ ਦੌਰਾ ਕੀਤਾ।ਵਿਸ਼ੇਸ਼ ਆਬਜ਼ਰਵਰ ਰਾਮ ਮੋਹਨ ਮਿਸ਼ਰਾ ਨੇ ਨਿਰਵਿਘਨ ਪੋਲਿੰਗ ਅਤੇ ਬੂਥ ਦੀ ਆਕਰਸ਼ਕ ਦਿੱਖ 'ਤੇ ਤਸੱਲੀ ਪ੍ਰਗਟਾਈ। ਜਨਰਲ ਆਬਜ਼ਰਵਰ ਨੇ ਪ੍ਰੀਜ਼ਾਈਡਿੰਗ ਅਫ਼ਸਰ ਦੀ ਡਾਇਰੀ ਅਤੇ ਵੋਟਰਾਂ ਦੀ ਗਿਣਤੀ ਦਾ ਨਿਰੀਖਣ ਕੀਤਾ। ਪੁਲਸ ਅਬਜ਼ਰਵਰ ਨੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਵੋਟਾਂ ਦੀ ਸਮਾਪਤੀ ਤੱਕ ਚੌਕਸ ਰਹਿਣ ਦੀਆਂ ਹਦਾਇਤਾਂ ਜਾਰੀ ਕੀਤੀਆਂ।ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ ਐਸ ਪੀ ਡਾ. ਸੰਦੀਪ ਗਰਗ, ਏ ਡੀ ਸੀ (ਜ) ਵਿਰਾਜ ਐਸ ਟਿੜਕੇ ਵੀ ਉਨ੍ਹਾਂ ਦੇ ਨਾਲ ਸਨ। ਡੀ ਸੀ ਅਤੇ ਐਸ ਐਸ ਪੀ ਦੋਵਾਂ ਨੇ ਆਬਜ਼ਰਵਰਾਂ ਨੂੰ ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਬਾਰੇ ਜਾਣੂ ਕਰਵਾਇਆ ਅਤੇ ਕਿਹਾ ਕਿ ਸਾਰੇ ਪ੍ਰਬੰਧ ਸੁਚੱਜੇ ਢੰਗ ਨਾਲ ਕੀਤੇ ਗਏ ਹਨ।

# ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ

**ਜਲੰਧਰ ( ਇਕਬਾਲ ਸਿੰਘ ਉੱਭੀ )**– ਜਲੰਧਰ ਲੋਕ ਸਭਾ ਚੋਣ ਦੌਰਾਨ ਵੋਟਰਾਂ ਖਾਸ ਕਰ ਨੌਜਵਾਨ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਨਿਵੇਕਲੀਆਂ ਪਹਿਲਕਦਮੀਆਂ ਸ਼ਨੀਵਾਰ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਨੂੰ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਤ ਕਰਨ ਦੇ ਨਾਲ-ਨਾਲ ਫਿਲਮ ਦੀਆਂ ਟਿਕਟਾਂ ਵੀ ਪ੍ਰਦਾਨ ਕੀਤੀਆਂ ਗਈਆਂ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਜ਼ਿਲ੍ਹੇ ਦੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਦਿਆਂ ਸਥਾਨਕ ਐਚ.ਐਮ.ਵੀ. ਕਾਲਜ ਵਿਖੇ ਬਣੇ ਮਾਡਲ ਪੋਲਿੰਗ ਬੂਥ ਵਿਖੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਦਾ ਪ੍ਰਸੰਸਾ ਪੱਤਰਾਂ ਨਾਲ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਉਤਸ਼ਾਹ ਦੇ ਚਿੰਨ੍ਹ ਵਜੋਂ ਫਿਲਮ ਦੀਆਂ ਟਿਕਟਾਂ ਵੀ ਦਿੱਤੀਆਂ। ਉਨ੍ਹਾ ਕਿਹਾ ਕਿ ਨੌਜਵਾਨਾਂ ਨੂੰ ਵੋਟ ਪਾਉਣ ਲਈ ਉਤਸ਼ਾਹਤ ਕਰਨ ਦੇ ਮਕਸਦ ਨਾਲ ਪ੍ਰਸ਼ਾਸਨ ਵੱਲੋਂ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਦਾ ਪਸੰਸਾ ਪੱਤਰਾਂ ਨਾਲ ਸਨਮਾਨ ਕਰਨ ਤੋਂ ਇਲਾਵਾ 80 'ਫਸਟ ਟਾਈਮ ਵੋਟਰਾਂ' ਨੂੰ ਫਿਲਮ ਦੀਆਂ ਟਿਕਟਾਂ ਮੁਫ਼ਤ ਦਿੱਤੀਆਂ ਗਈਆਂ । ਉਨ੍ਹਾਂ ਕਿਹਾ ਕਿ ਇਸ ਪਹਿਲ ਦਾ ਮਕਸਦ ਨੌਜਵਾਨਾਂ ਦੀ ਹੌਸਲਾ ਅਫ਼ਜ਼ਾਈ ਕਰਨਾ ਅਤੇ ਉਨ੍ਹਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨਾ ਸੀ। ਅਪਾਹਜ ਆਸ਼ਰਮ ਵਿਖੇ ਪਹਿਲੀ ਵਾਰ ਵੋਟ ਪਾਉਣ ਵਾਲੇ ਸਰੀਰਕ ਤੌਰ 'ਤੇ ਅਸਮਰੱਥ (ਪੀ.ਡਬਲਯੂ.ਡੀ.) ਵੋਟਰਾਂ ਨੂੰ ਵੀ ਡਿਪਟੀ ਕਮਿਸ਼ਨਰ ਵੱਲੋਂ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਜ਼ਿਲ੍ਹਾ ਚੋਣ ਅਫ਼ਸਰ ਨੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕੀਤਾ ਅਤੇ ਉਥੇ ਚੱਲ ਰਹੀ ਵੋਟਿੰਗ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਵੋਟ ਪਾਉਣ ਆਏ ਲੋਕਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹੇ ਭਰ ਦੇ ਸਮੁੱਚੇ 1951 ਪੋਲਿੰਗ ਬੂਥਾਂ 'ਤੇ ਲੋੜੀਂਦੀਆਂ ਸਾਰੀਆਂ ਸੁਵਿਧਾਵਾਂ ਤੋਂ ਇਲਾਵਾ ਗਰਮੀ ਤੋਂ ਬਚਾਅ ਲਈ ਪੀਣ ਵਾਲੇ ਪਾਣੀ, ਛਾਂ, ਮੈਡੀਕਲ ਸਹਾਇਤਾ, ਪੱਖੇ ਆਦਿ ਦੇ ਇੰਤਜ਼ਾਮ ਕੀਤੇ ਗਏ ਤਾਂ ਜੋ ਵੋਟਰਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਨੂੰ ਘਰ ਬੈਠੇ ਪੋਲਿੰਗ ਕੇਂਦਰ ਵਿਖੇ ਲੱਗੀ ਕਤਾਰ ਬਾਰੇ ਜਾਣਕਾਰੀ ਦੇਣ ਲਈ votejalandhar.in ਵੈਬਸਾਈਟ ਜਾਰੀ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਵਾਤਾਵਰਣ ਸੰਭਾਲ ਦਾ ਸੁਨੇਹਾ ਦੇਣ ਲਈ ਵੋਟਰਾਂ ਨੂੰ ਬੂਟਿਆਂ ਦੀ ਵੰਡ ਵੀ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਜਨਰਲ ਆਬਜ਼ਰਵਰ ਜੇ. ਮੇਘਨਾਥ ਰੈਡੀ, ਖਰਚਾ ਆਬਜ਼ਰਵਰ ਮਾਧਵ ਦੇਸ਼ਮੁਖ, ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਵੀ ਮੌਜੂਦ ਸਨ।

## ਪਿੰਡ ਬਹਾਦਰ ਨਗਰ 'ਚ 74% ਵੋਟ ਪੋਲ ਹੋਈ, ਪਿੰਡ ਵਿੱਚ ਸ਼ਾਂਤੀ ਪੂਰਵਕ ਵੋਟਾਂ ਪਈਆਂ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**– ਪਿੰਡ ਬਹਾਦਰ ਨਗਰ ਵਿੱਚ ਸ਼ਾਂਤੀਪੂਰਵਕ ਵੋਟਾਂ ਪੋਲ ਹੋਈਆਂ। ਪਿੰਡ ਦੇ ਮੋਹਤਬਰ ਵਿਅਕਤੀ ਸ਼ਤਰਪਾਲਸਿੰਘ ਸਾਬਕਾ ਸਰਪੰਚ ਜਰਨੈਲ ਸਿੰਘ ਨੌਜਵਾਨ ਆਗੂ ਜਸਵੰਤ ਸਿੰਘ ਸਰਪੰਚ ਬਾਬਾ ਸੁਖਵੰਤ ਸਿੰਘ ਬਾਬਾ ਫੁਮਨ ਇਹਨਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਡੇ ਪਿੰਡ ਵਿੱਚ ਪੋਲਿੰਗ ਬਹੁਤ ਅਮਨ ਮਾਨ ਨਾਲ ਹੋਈ ਡੀਸੀ ਤਰਨ ਤਾਰਨ ਦੇ ਯਤਨਾ ਸਦਕਾ ਪੂਰੇ ਮੁਲਾਜ਼ਿਮ ਆਏ ਅਤੇ ਮੁਲਾਜ਼ਮਾਂ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ ਸਾਰੇ ਵਿਅਕਤੀਆਂ ਨੇ ਸਾਰੇ ਵੋਟਰਾਂ ਨੂੰ ਘਰ ਘਰ ਜਾ ਕੇ ਕਿਹਾ ਕਿ ਵੋਟ ਤੁਸੀਂ ਜਿੱਥੇ ਮਰਜ਼ੀ ਪਾ ਦਿਓ ਪਰ ਵੋਟਾਂ ਜ਼ਰੂਰ ਪਾਓ ਬਹੁਤ ਵਾਰ ਵਿਅਕਤੀਆਂ ਦੇ ਯਤਨਾਂ ਸਦਕਾ ਪਿੰਡ ਵਾ ਨਗਰ ਵਿੱਚ ਅਮਨ ਅਮਾਨ ਨਾਲ 74% ਵੋਟ ਪਈ ਕਿਸੇ ਆਦਮੀ ਨੇ ਕੋਈ ਵੀ ਝਗੜਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਇਸ ਮੌਕੇ ਅਵਤਾਰ ਸਿੰਘ ਸਾਬਕਾ ਸਰਪੰਚ ਜਸਵੰਤ ਸਿੰਘ ਨਿਰਵੈਲ ਸਿੰਘ ਤਰਲੋਚਨ ਸਿੰਘ ਸ਼ਮਸ਼ੇਰਸਿੰਘ ਦਿਲਬਾਗ ਸਿੰਘ ਆਦਿ ਹਾਜ਼ਰ ਸਨ।


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਮਨਦੀਪ ਸਿੰਘ ਮਾਨ, ਜ਼ਿਲ੍ਹਾ ਮਾਲ ਅਫ਼ਸਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਫਾਸਟ ਟਰੈਕ ਕੋਰਟ, ਸ਼ਹੀਦ ਭਗਤ ਸਿੰਘ ਨਗਰ

ਮਿਸਲ ਨੰਬਰ :- 15 ਐਫ.ਟੀ.ਸੀ. ਪਿੰਡ/ਰਕਬਾ:- ਲਾਦੀਆਂ

ਕੇਸ ਕਿਸਮ - ਤਕਸੀਮ ਦਾਇਰ ਮਿਤੀ :-10.4.2024 ਅਗਲੀ ਪੇਸ਼ੀ ਮਿਤੀ : 20-6-2024

1 ਸਵਰਨ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਮੰਗਲ ਸਿੰਘ ਪਿੰਡ ਲਾਦੀਆਂ ਤਹਿ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਹਾਲ ਵਾਸੀ ਅਮਰੀਕਾ (ਧਿਰ ਅੱਵਲ)

ਬਨਾਮ-1.ਦਿਆਲ ਸਿੰਘ ਪੁੱਤਰ ਫੌਜਾ ਸਿੰਘ ਪੁੱਤਰ ਮੰਗਲ ਸਿੰਘ 2 ਜਗਰੂਪ ਸਿੰਘ ਪੁੱਤਰ ਮਾਨ ਸਿੰਘ 3 ਰਣਜੀਤ ਸਿੰਘ ਪੁੱਤਰ ਮਾਨ ਸਿੰਘ 4 ਜੋਗਿੰਦਰ ਸਿੰਘ ਪੁੱਤਰ ਸਰੈਣ ਸਿੰਘ ਪੁੱਤਰ ਮੰਗਲ ਸਿੰਘ 5 ਸੁਰਿੰਦਰ ਸਿੰਘ ਪੁੱਤਰ ਸਰੈਣ ਸਿੰਘ ਪੁੱਤਰ ਮੰਗਲ ਸਿੰਘ 6 ਦਲੇਰ ਸਿੰਘ ਪੁੱਤਰ ਸੁਦਾਗਰ ਸਿੰਘ ਪੁੱਤਰ ਸਵਰਨ ਸਿੰਘ 6 ਬਲਵਿੰਦਰ ਕੌਰ ਪਤਨੀ ਜੋਗਿੰਦਰ ਸਿੰਘ ਪੁੱਤਰ ਸਰੈਣ ਸਿੰਘ 7 ਮੋਹਿੰਦਰ ਕੌਰ ਪੁੱਤਰੀ ਮੋਹਣ ਸਿੰਘ ਪੁੱਤਰ ਹਰਦਿੱਤਾ ਸਿੰਘ 8 ਗੁਰਮੀਤ ਕੌਰ ਪੁੱਤਰੀ ਮੋਹਣ ਸਿੰਘ ਪੁੱਤਰ ਹਰਦਿੱਤਾ ਸਿੰਘ 9. ਸਤਨਾਮ ਸਿੰਘ ਪੁੱਤਰ ਧਿਆਨ ਸਿੰਘ ਪੁੱਤਰ ਨਰੰਜਣ ਸਿੰਘ 10 ਬੂਟਾ ਸਿੰਘ ਪੁੱਤਰ ਧਿਆਨ ਸਿੰਘ ਪੁੱਤਰ ਨਰੰਜਣ ਸਿੰਘ 11 ਰਣਜੀਤ ਕੌਰ ਪਤਨੀ ਅੰਗਰੇਜ ਸਿੰਘ ਪੁੱਤਰ ਸਵਰਨ ਸਿੰਘ 12 ਕੁਲਵੰਤ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਪ੍ਰੇਮ ਸਿੰਘ 13 ਮਾਹਲ ਸਿੰਘ ਪੁੱਤਰ ਕੁਧਾਰਾ ਸਿੰਘ ਪੁੱਤਰ ਜਵਾਲਾ ਸਿੰਘ 14 ਸੁਖਵੰਤ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਜੀਊਣ ਸਿੰਘ 15 ਜਸਵੰਤ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਜੀਵਨ ਸਿੰਘ 16 ਬਲਵੰਤ ਸਿੰਘ ਪੁੱਤਰ ਸਰਦਾਰਾ ਸਿੰਘ ਪੁੱਤਰ ਜੀਵਨ ਸਿੰਘ 17 ਸੁਖਦੇਵ ਸਿੰਘ ਪੁੱਤਰ ਅਮਰੀਕ ਸਿੰਘ ਪੁੱਤਰ ਅਰਜਨ ਸਿੰਘ 18 ਹਰਦੇਵ ਸਿੰਘ ਪੁੱਤਰ ਅਮਰੀਕ ਸਿੰਘ ਪੁੱਤਰ ਅਰਜਨ ਸਿੰਘ 19 ਦਲਵੀਰ ਸਿੰਘ ਪੁੱਤਰ ਟਹਿਲ ਸਿੰਘ ਪੁੱਤਰ ਕੁਧਾਰਾ ਸਿੰਘ 20 ਨਿਸ਼ਾਨ ਸਿੰਘ ਪੁੱਤਰ ਟਹਿਲ ਸਿੰਘ ਪੁੱਤਰ ਕੁਧਾਰਾ ਸਿੰਘ 21 ਰਣਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਪੁੱਤਰ ਕੁਧਾਰਾ ਸਿੰਘ 22 ਜਗਦੀਸ਼ ਸਿੰਘ ਪੁੱਤਰ ਕਸ਼ਮੀਰਾ ਸਿੰਘ ਪੁੱਤਰ ਕੁਧਾਰਾ ਸਿੰਘ 23 ਦਲਜੀਤ ਕੌਰ ਪਤਨੀ ਕੁਲਵੰਤ ਸਿੰਘ ਪੁੱਤਰ ਅਰਜਨ ਸਿੰਘ 24 ਰਣਜੀਤ ਸਿੰਘ ਪੁੱਤਰ ਜਗੀਰ ਸਿੰਘ ਪੁੱਤਰ ਟਹਿਲ ਸਿੰਘ 25 ਅਮਰਦੀਪ ਕੌਰ ਵਿਧਵਾ ਕੁਲਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ 26 ਰਮਨਜੀਤ ਸਿੰਘ ਢੀਂਡਸਾ ਪੁੱਤਰ ਕੁਲਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ 27 ਦਿਲਜੋਤ ਕੌਰ ਪਤਨੀ ਕੁਲਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ 28 ਗੁਰਮੀਤ ਕੌਰ ਮਾਤਾ ਕੁਲਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਪਿੰਡ ਲਾਦੀਆਂ, ਤਹਿਸੀਲ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 29 ਕੇਨਰਾ ਬੈਂਕ ਬਰਾਂਚ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਰਾਹੀ ਮੈਨੇਜਰ 30 ਸੁਰਿੰਦਰ ਕੌਰ ਪਤਨੀ ਗੁਰਮੇਲ ਸਿੰਘ ਪੁੱਤਰ ਬਿੱਕਰ ਸਿੰਘ ਪਿੰਡ ਕਰੀਮਪੁਰ, ਤਹਿ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 31 ਸੁਰਿੰਦਰ ਸਿੰਘ ਪੁੱਤਰ ਸਰਨ ਸਿੰਘ ਪੁੱਤਰ ਮੰਗਲ ਸਿੰਘ ( ਧਿਰ ਉੱਤਰਵਾਦੀਆਨ)

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 20-6-24 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਯੁਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 23-5-2024 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਜਿਲ੍ਹਾ ਮਾਲ ਅਫਸਰ-ਕਮ-, ਏ.ਸੀ. ਫਸਟ ਗ੍ਰੇਡ, ਸ਼ਹੀਦ ਭਗਤ ਸਿੰਘ ਨਗਰ।

ਨੰਬਰ 707 ਰੀਡਰ/ਡੀ.ਆਰ.ਓ. ਮਿਤੀ : 30-5-2024

## VALLABH STEELS LIMITED

Regd. Off.: G.T. Road, Village Pawa, Sahnewal, Ludhiana-141 120(Punjab), India,
CIN: L27109PB1980PLC004327, Tel.:+91-161-2511413 Fax: +91-161-2511414,
E-mail: fin.ho@vallabhgroup.com website: www.vallabhsteelsltd.in

EXTRACT OF AUDITED FINANCIAL RESULTS FOR THE QUARTER AND YEAR ENDED 31st MARCH, 2024 (Rs. in Lakhs)

| PARTICULARS | Quarter Ended 31.03.2024 | Year Ended 31.03.2024 | Quarter Ended 31.03.2023 |
|---|---|---|---|
| Revenue from operations | -- | -- | -- |
| Net Profit/ (Loss) (before Tax, Exceptional and Extraordinary items) | (41.68) | (181.57) | (251.83) |
| Net Profit/ (Loss) after tax (after Exceptional and Extraordinary items) | (41.68) | (181.57) | (251.83) |
| Other Comprehensive Income (OCI) | -- | -- | -- |
| Total comprehensive Income (Net of tax) | (38.91) | (178.80) | (246.48) |
| Equity Share Capital | 495.00 | 495.00 | 495.00 |
| Earnings Per Share (of Rs.10/-each) - Basic (Rs.) - Diluted (Rs.) | (0.79) (0.79) | (3.61) (3.61) | (4.98) (4.98) |

Note : The above is an extract of the detailed format of Quarter and year ended 31st March, 2024 Financial Results filed with the Stock Exchange under Regulation 33 of the SEBI (Listing Obligations and Disclosure Requirements) Regulations, 2015. The full format of the Quarter and year ended 31st March, 2024 Financial Results are available on the Stock Exchange website at www.bseindia.com and also available on Company's website; i.e. www.vallabhsteelsltd.in

For Vallabh Steels Limited
Sd/-
(Kapil Kumar Jain)
Chairman

Place : Ludhiana
Dated : 30-05-2024

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮ:) ਕੰਪਨੀਜ਼ ਐਕਟ 1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ ਤੀਜੀ ਮੰਜ਼ਲ, ਮਿਡਾਸ ਕਾਰਪੋਰੇਟ ਪਾਰਕ, 37 ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਜਲਭੇੜੀ ਧੂਮੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ। ਬਿਨੈਕਾਰ

ਬਨਾਮ

1. ਮਨਪ੍ਰੀਤ ਸਿੰਘ ਲੋਟੇ ਪੁੱਤਰ ਜਸਵੰਤ ਸਿੰਘ ਲੋਟੇ, ਵਾਸੀ ਅਮਲੋਹ ਰੋਡ, ਪਿੰਡ ਭਾਦਸੋਂ, ਜ਼ਿਲ੍ਹਾ ਪਟਿਆਲਾ-147202
2. ਮਨਜੀਤ ਸਿੰਘ ਪੁੱਤਰ ਸ੍ਰੀ ਸਾਧੂ ਸਿੰਘ, ਵਾਸੀ ਪਿੰਡ ਕੈਦੂਪੁਰ, ਜ਼ਿਲ੍ਹਾ ਪਟਿਆਲਾ-142202

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਜੋ ਕਿ ਲਿਫ਼ਾਫ਼ੇ ਅਤੇ ਪ੍ਰਾਪਤੀ ਰਸੀਦਾਂ ਸਨ, ਜਵਾਬਦੇਹ ਨੰ. 1 ਵੱਲੋਂ ਇਨਕਾਰੀ ਦੀ ਟਿੱਪਣੀ ਨਾਲ ਵਾਪਸ ਪ੍ਰਾਪਤ ਹੋਇਆ ਅਤੇ ਜਵਾਬਦੇਹ ਨੰ. 2 ਦਾ ਵਾਪਸ ਪ੍ਰਾਪਤ ਨਹੀਂ ਹੋਇਆ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 09.7.2024 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 28.5.2024 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

## ਜਨਤਕ ਨੋਟਿਸ

IDFC FIRST BANK LTD ਦੇ ਨਿਰਦੇਸ਼ਾਂ ਦੇ ਤਹਿਤ, ਮੈਂ ਆਮ ਜਨਤਾ ਨੂੰ ਸੂਚਿਤ ਕਰਦਾ ਹਾਂ ਕਿ ਪਰਸ਼ੋਤਮ ਆਨੰਦ ਦੇ ਨਾਲ ਕਿਰਨ ਆਨੰਦ ਖਾਨਾਸ਼ੁਮਾਰੀ ਲੱਕੜ ਦੇ ਪਲਾਟ ਨੰ. 1222/6, 830/6 ਅਤੇ 967/6 ਸਬਕਾ ਐਂਡ ਵਰਤਮਾਨ ਨੰ. ਸ਼-13/1148, ਲੰਬਾਈ 52.6 ਫੁੱਟ ਚੌੜਾਈ 56.6 ਫੁੱਟ ਕੁੱਲ ਮਾਪ 329.6 ਵਰਗ ਗਜ਼, ਪੂਰਬ ਦਾ ਘੇਰਾ : ਹੋਰ ਅਤੇ ਗਲੀ ਦੀ ਮਲਕੀਅਤ : ਉੱਤਰ, ਪੱਛਮ : ਸੜਕ ਲਕਸ਼ਮੀ ਨਰਾਇਣ ਦਾਸ, ਦੱਖਣ : ਗਿਰਧਾਰੀ ਲਾਲ ਆਦਿ, ਅੰਮ੍ਰਿਤਸਰ ਸ਼ਹਿਰੀ ਸਰਕਲ ਨੰਬਰ 107 ਅਬਾਦੀ ਨੇੜੇ ਕਿਲ੍ਹਾ ਭੰਗੀਆਂ ਨਿਮਕ ਮੰਡੀ ਅਤੇ ਬਜ਼ਾਰ ਨਰਸਿੰਘ ਦਾਸ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਥਿਤ ਹੈ। ਕਥਨਾਂ ਅਨੁਸਾਰ ਸਲਗ ਰਾਮ 164.79 ਵਰਗ ਗਜ਼ ਦੀ ਜਾਇਦਾਦ ਦਾ ਮਾਲਕ ਸੀ। ਫਿਰ ਸਲਗ ਰਾਮ ਦੀ ਮੌਤ ਤੋਂ ਬਾਅਦ ਉਸ ਦੀ ਜਾਇਦਾਦ ਨੀਲਮ ਪੁੱਤਰ ਸਲਗ ਰਾਮ ਅਤੇ ਭੁਪਿੰਦਰ ਸਿੰਘ ਅਤੇ ਆਸ਼ਾ ਰਾਣੀ ਉਰਫ ਆਸ਼ਾ ਆਹੂਜਾ ਪਤਨੀ ਵਿਨੋਦ ਆਹੂਜਾ ਦੁਆਰਾ ਮਿਤੀ 20.8.82 ਨੂੰ ਦਸਤਾਵੇਜ਼ ਨੰ: 413 ਵਜੋਂ ਦਰਜ ਕੀਤੀ ਗਈ ਸੀ।ਨੀਲਮ ਪੁੱਤਰ ਸਲਗ ਰਾਮ ਅਤੇ ਪਤਨੀ ਭੁਪਿੰਦਰ ਸਿੰਘ ਨਾਲ ਉਸ ਦੀ ਜਾਇਦਾਦ ਜਤਿਨ ਆਹੂਜਾ ਪੁੱਤਰ ਭੁਪਿੰਦਰ ਕੁਮਾਰ, ਰਚਨਾ ਆਹੂਜਾ ਪੁੱਤਰੀ ਭੁਪਿੰਦਰ ਕੁਮਾਰ, ਈਸ਼ਾ ਪੁੱਤਰੀ ਭੁਪਿੰਦਰ ਕੁਮਾਰ, ਫਿਰ ਆਸ਼ਾ ਰਾਣੀ ਉਰਫ ਆਸ਼ਾ ਅਹੂਜਾ ਪਤਨੀ ਵਿਨੋਦ ਆਹੂਜਾ ਨੇ 82.4 ਵਰਗ ਗਜ਼ ਜ਼ਮੀਨ ਭੁਪਿੰਦਰ ਕੁਮਾਰ ਪੁੱਤਰ ਪ੍ਰਿਤਪਾਲ ਸਿੰਘ ਨੂੰ 19.6.03 ਨੂੰ ਦਸਤਾਵੇਜ਼ ਨੰਬਰ 2556 ਦੇ ਰਾਹੀ ਵੇਚੀ। ਫਿਰ ਭੁਪਿੰਦਰ ਕੁਮਾਰ ਪੁੱਤਰ ਪ੍ਰਿਤਪਾਲ ਸਿੰਘ ਦੀ ਮੌਤ ਹੋ ਗਈ ਅਤੇ ਉਸ ਦੀ ਮੌਤ ਤੋਂ ਬਾਅਦ ਉਸ ਦੀ ਜਾਇਦਾਦ ਦਾ ਹਿੱਸਾ ਜਤਿਨ ਆਹੂਜਾ ਪੁੱਤਰ ਭੁਪਿੰਦਰ ਕੁਮਾਰ, ਰਚਨਾ ਆਹੂਜਾ ਪੁੱਤਰੀ ਭੁਪਿੰਦਰ ਕੁਮਾਰ, ਈਸ਼ਾ ਪੱਤਰੀ ਭੁਪਿੰਦਰ ਕੁਮਾਰ ਨੂੰ ਵਿਰਾਸਤ ਵਿੱਚ ਮਿਲ ਗਿਆ।ਫਿਰ ਜਤਿਨ ਆਹੂਜਾ ਪੁੱਤਰ ਭੁਪਿੰਦਰ ਕੁਮਾਰ, ਰਚਨਾ ਆਹੂਜਾ ਪੁੱਤਰੀ ਭੁਪਿੰਦਰ ਕੁਮਾਰ, ਈਸ਼ਾ ਪੁੱਤਰੀ ਭੁਪਿੰਦਰ ਕੁਮਾਰ ਨੇ ਮਿਤੀ 29.01.2013 ਨੂੰ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਰਜਿਸਟਰਡ ਵਿਕਰੀ ਡੀਡ ਦੇ ਤਹਿਤ ਰਾਹੀ ਦਸਤਾਵੇਜ਼ ਨੰਬਰ 15375 ਵਿਜੈ ਕੁਮਾਰੀ ਪਤਨੀ ਪਰਦੀਪ ਕੁਮਾਰ ਨੂੰ 82.4 ਵਰਗ ਗਜ਼ ਜ਼ਮੀਨ ਵੇਚ ਦਿੱਤੀ।ਇਸ ਤੋਂ ਇਲਾਵਾ ਜਤਿਨ ਆਹੂਜਾ ਪੁੱਤਰ ਭੁਪਿੰਦਰ ਕੁਮਾਰ, ਰਚਨਾ ਆਹੂਜਾ ਪੁੱਤਰੀ ਭੁਪਿੰਦਰ ਕੁਮਾਰ, ਈਸ਼ਾ ਪੁੱਤਰੀ ਭੁਪਿੰਦਰ ਕੁਮਾਰ ਨੇ ਮਿਤੀ 19.11.2012 ਨੂੰ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਰਜਿਸਟਰਡ ਵਿਕਰੀ ਡੀਡ ਰਾਹੀਂ ਪੂਨਮ ਪਤਨੀ ਸਤੀਸ਼ ਕੁਮਾਰ ਨਾਲ 82.4 ਵਰਗ ਗਜ਼ ਜ਼ਮੀਨ ਨੂੰ ਵੇਚੀ ਰਾਹੀ ਦਸਤਾਵੇਜ਼ ਨੰ. 11097 ਦੇ ਰੂਪ ਨਾਲ ਹੀ ਰੀਸੀਟਸ ਦੇ ਅਨੁਸਾਰ ਅਨਿਲ ਗੁਲਾਟੀ ਪੁੱਤਰ ਹਰੀ ਓਮ ਗੁਲਾਟੀ 29.8.03 ਨੂੰ ਦਸਤਾਵੇਜ਼ ਨੰਬਰ 4859 ਦੇ ਤੌਰ 'ਤੇ 82.4 ਵਰਗ ਗਜ਼ ਦਾ ਮਾਲਕ ਬਣ ਗਿਆ ਹੈ ਅਤੇ ਹੋਰ 82.4 ਵਰਗ ਦਾ ਵਿਕਰੀ ਡੀਡ ਰਜਿਸਟਰੀ ਮਿਤੀ 12.2.97 ਨੂੰ ਰਾਹੀਂ ਦਸਤਾਵੇਜ਼ ਨੰ.7831 ਅਤੇ ਅਨਿਲ ਗੁਲਾਟੀ ਪੁੱਤਰ ਹਰੀ ਓਮ ਗੁਲਾਟੀ ਨੇ ਪੂਨਮ ਪਤਨੀ ਸਤੀਸ਼ ਕੁਮਾਰ ਨਾਲ 82.4 ਵਰਗ ਗਜ਼ ਜ਼ਮੀਨ ਵੇਚੀ, ਜਿਸ ਦੀ ਵਿਕਰੀ ਡੀਡ ਰਜਿਸਟਰ ਮਿਤੀ 01.07.2010 ਨੂੰ ਦਸਤਾਵੇਜ਼ ਨੰਬਰ 3555 ਵਜੋਂ ਕੀਤੀ ਗਈ। ਇਸ ਤੋਂ ਇਲਾਵਾ ਅਨਿਲ ਗੁਲਾਟੀ ਪੁੱਤਰ ਹਰੀ ਓਮ ਗੁਲਾਟੀ ਨੇ 28.06.2010 ਨੂੰ ਦਸਤਾਵੇਜ਼ ਨੰਬਰ 3214 ਦੇ ਤੌਰ 'ਤੇ ਪਰਦੀਪ ਕੁਮਾਰ ਨਾਲ ਵਿਨੇ ਕੁਮਾਰੀ ਨੂੰ 82.4 ਵਰਗ ਗਜ਼ ਜ਼ਮੀਨ ਵੇਚ ਦਿੱਤੀ। ਫਿਰ ਪੂਨਮ ਪਤਨੀ ਸਤੀਸ਼ ਕੁਮਾਰ, ਵਿਨੈ ਕੁਮਾਰੀ ਨਾਲ ਪਰਦੀਪ ਕੁਮਾਰ ਨੇ 329.6 ਵਰਗ ਗਜ਼ ਪਰਵੀਨ ਕੁਮਾਰੀ ਨੂੰ ਰਜਿੰਦਰ ਕੁਮਾਰ (1/5), ਰਾਜਬੀਰ ਕੌਰ ਨੂੰ ਸਤਨਾਮ ਸਿੰਘ (1/5), ਪੂਜਾ ਅਰੋੜਾ ਨੂੰ ਵੇਚਿਆ। ਸੰਜੀਵ ਅਰੋੜਾ (1/5), ਸਰੋਜ ਸ਼ਰਮਾ, ਰਜਿੰਦਰ ਸ਼ਰਮਾ (1/5), ਸੁਧਾ ਅਰੋੜਾ, ਜਗਦੀਸ਼ ਅਰੋੜਾ (1/5) ਦੁਆਰਾ 15.03.2019 ਨੂੰ ਦਸਤਾਵੇਜ਼ ਨੰਬਰ 2018-19/ ਦੇ ਰੂਪ ਵਿੱਚ ਵਿਕਰੀ ਡੀਡ ਰਜਿਸਟਰਡ 89/1/6274 ਫਿਰ ਪਰਵੀਨ ਕੁਮਾਰੀ ਨਾਲ ਰਜਿੰਦਰ ਕੁਮਾਰ (1/5), ਰਾਜਬੀਰ ਕੌਰ ਨਾਲ ਸਤਨਾਮ ਸਿੰਘ (1/5), ਪੂਜਾ ਅਰੋੜਾ ਨਾਲ ਸੰਜੀਵ ਅਰੋੜਾ (1/5), ਸਰੋਜ ਸ਼ਰਮਾ ਨਾਲ ਰਜਿੰਦਰ ਸ਼ਰਮਾ (1/5) 5) ਜੀਪੀਏ ਰਾਹੀਂ ਰਜਿੰਦਰ ਸ਼ਰਮਾ ਪੁੱਤਰ ਰਾਮ ਲਾਲ ਅਤੇ ਸਤਿੰਦਰ ਸਿੰਘ ਪੁੱਤਰ ਮਲਕੀਅਤ ਸਿੰਘ ਨੇ ਪਰਸ਼ੋਤਮ ਆਨੰਦ ਨਾਲ 329.6 ਵਰਗ ਗਜ਼ ਜ਼ਮੀਨ ਕਿਰਨ ਆਨੰਦ ਨੂੰ 15.12.2021 ਨੂੰ ਦਸਤਾਵੇਜ਼ ਨੰਬਰ 2021-22/89/1/6987 ਦੇ ਰੂਪ ਵਿੱਚ ਵੇਚੀ। /6987. ਕਿਰਨ ਆਨੰਦ ਅਤੇ ਪਰਸ਼ੋਤਮ ਆਨੰਦ ਹੇਠ ਲਿਖੇ ਅਸਲ ਦਸਤਾਵੇਜ਼ ਗੁਆ ਚੁੱਕੇ ਹਨ (1) ਸਲਗ ਰਾਮ ਦੀ ਅਸਲ ਵਿਕਰੀ ਡੀਡ (2) ਸਲਗ ਰਾਮ ਦੁਆਰਾ ਨੀਲਮ ਦੇ ਹੱਕ ਵਿੱਚ ਸਲਗ ਰਾਮ ਅਤੇ ਭੁਪਿੰਦਰ ਸਿੰਘ ਅਤੇ ਆਸ਼ਾ ਰਾਣੀ ਦੇ ਹੱਕ ਵਿੱਚ ਅਸਲੀ ਵਸੀਅਤ regd dt. 20.8.82 ਨੂੰ ਦਸਤਾਵੇਜ਼ ਨੰਬਰ 413 ਦੇ ਰੂਪ ਵਿੱਚ। ਇਸ ਸੰਬਧ ਵਿੱਚ ਇੱਕ ਗੁੰਮ ਹੋਈ ਜਾਣਕਾਰੀ ਰਿਪੋਰਟ ਵੀ ਦਰਜ ਕੀਤੀ ਗਈ ਹੈ, ਜਿਸ ਵਿੱਚ ਸੀ. ਨੰਬਰ 475763/2024 ਕਮਿਊਨਿਟੀ ਪੁਲਿਸਿੰਗ ਵਿੰਗ ਮਿਤੀ 30/05/2024 ਤੇ ਰਾਜਿੰਦਰ ਨਾਲ ਪਰਵੀਨ ਕੁਮਾਰੀ ਦੁਆਰਾ ਜੀ.ਪੀ.ਏ. ਕੁਮਾਰ, ਰਾਜਬੀਰ ਕੌਰ ਪੁੱਤਰੀ ਸਤਨਾਮ ਸਿੰਘ, ਸੰਜੀਵ ਅਰੋੜਾ ਨਾਲ ਪੂਜਾ ਅਰੋੜਾ, ਰਜਿੰਦਰ ਸ਼ਰਮਾ ਪੁੱਤਰੀ ਰਾਮ ਲਾਲ ਅਤੇ ਸਤਿੰਦਰ ਸਿੰਘ ਪੁੱਤਰ ਮਲਕੀਅਤ ਸਿੰਘ ਰਜਿ: ਦੇ ਹੱਕ ਵਿਚ ਸਰੋਜ ਸ਼ਰਮਾ ਪੁੱਤਰੀ ਮਲਕੀਅਤ ਸਿੰਘ ਰਜਿ: ਮਿਤੀ 05.09.2019 ਨੂੰ ਬਤੌਰ ਦਸਤਾਵੇਜ਼ ਨੰਬਰ 2019- 20/89/4/1445 ਨੂੰ ਪਰਵੀਨ ਕੁਮਾਰੀ ਦੁਆਰਾ ਰਜਿੰਦਰ ਕੁਮਾਰ (1/5), ਰਾਜਬੀਰ ਕੌਰ ਨਾਲ ਸਤਨਾਮ ਸਿੰਘ (1/5), ਪੂਜਾ ਅਰੋੜਾ ਦੁਆਰਾ ਚਲਾਇਆ ਗਿਆ ਸੇਲ ਡੀਡ ਤੋਂ ਪਹਿਲਾਂ ਰੱਦ ਨਹੀਂ ਕੀਤਾ ਗਿਆ ਸੀ ਸੰਜੀਵ ਅਰੋੜਾ (1/5), ਸਰੋਜ ਸ਼ਰਮਾ /ਰਜਿੰਦਰ ਸ਼ਰਮਾ (1/5) ਦੁਆਰਾ ਜੀਪੀਏ ਰਜਿੰਦਰ ਸ਼ਰਮਾ ਪੁੱਤਰ ਰਾਮ ਲਾਲ ਅਤੇ ਸਤਿੰਦਰ ਸਿੰਘ ਪੁੱਤਰ ਮਲਕੀਅਤ ਸਿੰਘ, ਮਿਤੀ 15.12 ਨੂੰ ਪਰਸ਼ੋਤਮ ਆਨੰਦ ਦੇ ਹੱਕ ਵਿੱਚ ਕਿਰਨ ਆਨੰਦ ਦੇ ਹੱਕ ਵਿੱਚ .2021 ਦਸਤਾਵੇਜ਼ ਨੰਬਰ 2021-22/89/1/6987 ਵਜੋਂ। ਕੋਈ ਵੀ ਵਿਅਕਤੀ ਜੋ ਇਸ ਸੰਪਤੀ 'ਤੇ ਕਿਸੇ ਵੀ ਤਰੀਕੇ ਨਾਲ ਕਿਸੇ ਵੀ ਪੂਰਵ ਅਧਿਕਾਰ ਜਾਂ ਵਿਆਜ ਦਾ ਦਾਅਵਾ ਕਰਦਾ ਹੈ ਜਾਂ ਦਾਅਵਾ ਕਰਦੀ ਹੈ ਜਾਂ ਕਿਸੇ ਵਿਅਕਤੀ/ਬੈਂਕ/ਕਾਰਪੋਰੇਸ਼ਨ/ਵਿੱਤੀ ਸੰਸਥਾ ਨੂੰ ਉਪਰੋਕਤ ਵਿਕਰੀ ਡੀਡ ਜਮ੍ਹਾਂ ਕਰਵਾ ਕੇ ਕਰਜ਼ਾ ਲਿਆ ਹੈ, ਹੇਠਾਂ ਹਸਤਾਖਰਿਤ ਕੋਲ ਪਹੁੰਚ ਕਰ ਸਕਦਾ ਹੈ ਅਤੇ ਲਿਖਤੀ ਰੂਪ ਵਿੱਚ ਇਤਰਾਜ਼ ਦਰਜ ਕਰਨ ਤੋਂ 7 ਦਿਨਾਂ ਬਾਅਦ ਭੇਜ ਸਕਦਾ ਹੈ। ਇਸ ਜਨਤਕ ਨੋਟਿਸ ਦੀ ਮਿਤੀ. ਇਸ ਨੋਟਿਸ ਦੀ ਮਿਆਦ ਖਤਮ ਹੋਣ ਤੋਂ ਬਾਅਦ, ਕਿਸੇ ਵੀ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਅਜਿਹੇ ਦਾਅਵੇ ਨੂੰ ਝੂਠਾ, ਜਾਅਲੀ, ਬੇਬੁਨਿਆਦ, ਧੋਖਾਧੜੀ ਅਤੇ ਬੇਬੁਨਿਆਦ ਦਾਅਵਾ ਮੰਨਿਆ ਜਾਵੇਗਾ ਅਤੇ ਕਾਨੂੰਨ ਦੀਆਂ ਨਜ਼ਰਾਂ ਵਿੱਚ ਇਸ ਦਾ ਕੋਈ ਮੁੱਲ ਨਹੀਂ ਹੋਵੇਗਾ। ਇਹ ਵੀ ਮੰਨਿਆ ਜਾਵੇਗਾ ਕਿ ਉਪਰੋਕਤ ਸੰਪਤੀ ਨੂੰ 9463 FIRST BANK LTD ਕੋਲ ਗਿਰਵੀ ਰੱਖਣ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ।

ਵਿਕਾਸ ਵਰਮਾ (ਐਡਵੋਕੇਟ), ਮੋ ਨੰ.- 98151-56302 , ਜ਼ਿਲ੍ਹਾ ਅਦਾਲਤਾਂ, ਅੰਮ੍ਰਿਤਸਰ

## COURT NOTICE

(U/0 5 Rule CPC)
In the Court of
Sh. Kawaljit Singh,
Additional District and Sessions Judge, Sangrur
CNR No. PBSG 01-006762-2023
Next Date : 05-09-2024
MACP No. 155/2023
Nirbhai Singh Vs. Amritpal Singh
Publication Issued to : Amritpal Singh :-
S/o Balvir Singh R/o Village Kalyanpur, P.O. Dhariwal, Distt. Gurdaspur.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 05-09-2024 at 10.00 a.m.

For details logon to https://highcourtchd.gov.in/trs=district_notice&district=Sangrur

Additional District and Session Judge, Sangrur.
Dated, this day of 30-05-2024

## COURT NOTICE

In The Court of
Shri Simrandeep Singh Sohi
Judicial Magistrate - Ist Class Ludhiana
Next Date, Purpose of case, Orders and Judgments as well as other case information is available on http://ecourts.gov.in
CNR NO PBLD03-001980-2021
DATE 12-07-2024 Peshi
HDFC BANK VS GAMDUR SINGH
Publication issued to : Gamdur Singh
Address - S/o Grunam Singh H. No. 202, Lohara, Moga

Whereas it has proved to the satisfaction of this court that You,the above named accused /accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before this court on 12-07-2024 at 10.00 a.m. or within 30 days from the date of publication of this proclamation.

Take notice that,in case of default on your part to appear as directed above the above said case will be heard and determined as per law, in your absence.

For details logon to https://highcourtchd.gov.in/?trs=district- notice&district=ludhiana

Judicial Magistrate - 1st Class Ludhiana
Dated, this day of 27-05-2024

## COURT NOTICE

In The Court of
Sh Simrandeep Singh Sohi
Judicial Magistrate - Ist Class Ludhiana
Next Date, Purpose Of Case, Orders And Judgments As Well As Other Case Information Is Available On http://ecourts.gov.in
CNR No. PBLD 03-001932-2021
Date 12-07-2024 Peshi,
HDFC Bank Vs Jasbir Singh
Publication Issued To : Jasbir Singh
Address - S/o Chanan Singh R/oH. No. 110 Ward No. 7 N Bedi Nagar, Near Gurudwara Hargobind Sahib, Moga

Whereas It Has Proved To The Satisfaction of This Court That You,The Above Named Accused /Accused Persons Can't Be Served In The Ordinary Way Of Service. Hence This Proclamation Under 82 Of Code Of Criminal Procedure Is Hereby Issued Against You With A Direction That You Should Appear Personally Before This Court On 12-07-2024 At 10.00 A.m. Or Within 30 Days From The Date Of Publication Of This Proclamation. Take Notice That, In Case Of Default On Your Part To Appear As Directed Above The Above Said Case Will Be Heard And Determined As Per Law, In Your Absence.

For Details Logon To https://highcourtchd.gov.in/?trs-district Notice&district=Ludhiana.

Judicial Magistrate-1st Class, Ludhiana.

## COURT NOTICE

Civil Courts, Ludhiana
In the Court of
HARVINDER SINGH
Additional Civil Judge (Senior Division) Ludhiana.
PUBLICATION NOTICE IN PETITION UNDER THE INDIAN SUCCESSION ACT 1925
CNR No.PBLD02-000498-2024.
Next Date: 09.07.2024.

1. Gitanjali Pawar W/O Dr. Basant Pawar R/o Flat No.001, Kingston, Omaxe Residency, Pakhowal Road, Vill. Thakarwal, Ludhiana.
2) GIRISH NIWAS PUNJ S/O LATE SIRI NIWAS PUNJ PERMANENT R/O 2-B, HERITAGE SQUARE MANSFIELD CENTER, CT06250 USA THROUGH HIS ATTORNEY GITANJALI PAWAR. (PETITIONERS)

VERSUS

GENERAL PUBLIC
Notice to :- GENERAL PUBLIC.

Whereas the above named petitioners " GITANJALI PAWAR and GIRISH NIWAS PUNJ" has filed petition for the grant of Succession Certificate regarding the assets left by the deceased SIRI NIWAS PUNJ S/o Dhirt Ram Punj who died on 23.08.2014, in this Court.

Notice is issued in the name of "General Public" that in case anybody has any objection for the grant of succession certificate, he/she can file objections to the same on or before 09.07.2024, failing which the petition shall be decided in accordance with Law.

For details logon to https://highcourtchd.gov.in/?trs-district notice&district=ludhiana.

Addi. Civil Judge (Sr. Divn.) Ludhiana.
Dated, this day of 30-05-2024

## COURT NOTICE

In the Court of
Ms. Shruti,
Judicial Magistrate, 1st Class, Ludhiana
CNR NO. PBLD 03-008316-2020
Next Date : 12-07-2024
M/S Shanker Garments Vs M/s Chahat Fashion Point
Publication Issued to :
M/s Chahat Fashion Point : -
Harinder Kumar Proprietor of M/s Chahat Fashion Point, Main Bazar, Samana Patiala

In above titled case, the accused could not served. It is ordered that accused should appear in person or through counsel on 12-07-2024 at 10.00 a.m.

For details logon https://highcourtchd.gov.in/?trs=district_notice&district=Ludhiana

Judicial Magistrate-1st Class, Ludhiana
Dated, this day of 20-05-2024

## COURT NOTICE

(U/o 5 Rule 20 CPC)
In the Court of
Sh. Arun Gupta,
Civil Judge Junior Division-1, Patiala
CNR No. PBPT 02-000038-2021
Next Date ; 19-07-2024
Amarjit Singh vs. Manjit Singh
Seprate Possesion and Permanent Injunction

Publication Issued to : 1. Manjit Singh S/o Raghbir Singh H.No. 28, Second Floor, Bhera Enclave, Outer Ring Road, Paschim Vihar, New Delhi, 9. Arvinder Kaur W/o Late Harminder Singh S/o Raghbir Singh, 10. Palak D/o Late Harminder Singh S/o Raghbir Singh both R/o Kitchlu Nagar, Ludhiana.

In above titled case, the defendant (s)/respondent(s) could not be served. It is ordered that defendant(s)/respondent(s) should appear in person ot through counsel on 19-07-2024 at 10.00 a.m.

For details logon to https://highcortchd.gov.in/trs=district_notice&district=Patiala

Civil Judge Junior Division-1, Patiala.
Dated, this day of 29-05-2024

## ਕਲਾਸੀਫਾਈਡ ਇਸ਼ਤਿਹਾਰ

## ਬੇਦਖਲੀ ਨੋਟਿਸ

ਅਸੀਂ ਬਲਜਿੰਦਰ ਕੌਰ ਪਤਨੀ ਜਸਬੀਰ ਸਿੰਘ ਅਤੇ ਜਸਬੀਰ ਸਿੰਘ ਪੁੱਤਰ ਸੂਰਤ ਸਿੰਘ ਪਿੰਡ ਸਰੌਲਾ ਤਹਿਸੀਲ ਗੂਹਲਾ ਜਿਲਾ ਕੈਥਲ (ਹਰਿਆਣਾ )ਆਪਣੇ ਲੜਕੇ ਨਵਦੀਪ ਸਿੰਘ ਅਤੇ ਉਸਦੀ ਪਤਨੀ ਅੰਮ੍ਰਿਤਪਾਲ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਅਤੇ ਸਾਡੀ ਸੇਵਾ ਸੰਭਾਲ ਨਾ ਕਰਨ ਕਰਕੇ ਆਪਣੀ ਤਮਾਮ ਚੱਲ -ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ, ਪਿਆਰਾ ਲਾਲ ਪੁੱਤਰ ਸ੍ਰੀ ਜੋਗਿੰਦਰ ਰਾਮ ਅਤੇ ਅਮਰਜੀਤ ਕੌਰ ਪਤਨੀ ਸ੍ਰੀ ਪਿਆਰਾ ਲਾਲ ਵਾਸੀਆਨ ਪਿੰਡ ਤੇ ਡਾਕਖਾਨਾ ਕਾਲਾ ਬੱਕਰਾ ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਪਰਮਿੰਦਰ ਸਿੰਘ ਅਤੇ ਸਾਡੀ ਨੂੰਹ ਹਰਸ਼ਦੀਪ ਕੌਰ ਅਤੇ ਪੋਤੀ ਸੁਰਿਸ਼ਟੀ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲੇ ਆਪਣੇ ਨਫੇ-ਨੁਕਸਾਨ ਦੇ ਖੁਦ ਜ਼ਿੰਮੇਵਾਰ ਹੋਣਗੇ, ਸੰਬੰਧਤ ਨੋਟ ਕਰਨ।

ਮੈਂ ਬਲਦੇਵ ਸਿੰਘ ਪੁੱਤਰ ਅੱਛਰ ਸਿੰਘ ਵਾਸੀ ਪਿੰਡ ਝਬਾਲ ਕਲਾਂ ਤਹਿਸੀਲ ਤੇ ਜਿਲਾ ਤਰਨ ਤਾਰਨ ਆਪਣੇ ਲੜਕੇ ਗੁਰਭੇਜ ਸਿੰਘ ਅਤੇ ਨੂੰਹ ਰਾਜਵੰਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹਨ ਨੂੰ ਆਪਣੀ ਹਰ ਪ੍ਰਕਾਰ ਦੀ ਚੱਲ ਅਤੇ ਅਚੱਲ ਜਾਇਦਾਦ ਵਿਚੋ ਬੇਦਖਲ ਕਰਦਾ ਹਾਂ।ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ।

ਮੈ ਸਤ ਪ੍ਰਕਾਸ਼ ਪੁੱਤਰ ਸ੍ਰੀ ਸ਼ਾਮ ਸੁੰਦਰ ਵਾਸੀ ਮਕਾਨ ਨੰ. 2276/6, ਸਿਵ ਗਲੀ ਕੂਚਾ ਕੁਤਿਆ ਵਾਲਾ ਸਵਾਕ ਮੰਡੀ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾ ਕਿ ਮੇਰਾ ਲੜਕਾ ਰਿਸਵ ਅਰੋੜਾ ਮੇਰੇ ਕਹਿਣੇ ਤੋ ਬਾਹਰ ਹੈ, ਤੇ ਲੜਾਈ ਝਗੜਾ ਕਰਦਾ ਹੈ। ਇਸ ਲਈ ਮੈ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਅਜੈ ਗਰਗ ਪੁੱਤਰ ਰਾਮ ਸ਼ਰਨ ਵਾਸੀ ਨੇੜੇ ਮਾਤਾ ਮਨਸਾ ਦੇਵੀ ਮੰਦਿਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਅਜੈ ਕੁਮਾਰ ਰੱਖ ਲਿਆ ਹੈ।

ਮੈਂ, ਰਾਮ ਸ਼ਰਨ ਗਰਗ ਪੁੱਤਰ ਮੈਂਗਲ ਸੈਨ, ਵਾਸੀ ਨੇੜੇ ਮਾਤਾ ਮਨਸਾ ਦੇਵੀ ਮੰਦਿਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਰਾਮ ਸ਼ਰਨ ਰੱਖ ਲਿਆ ਹੈ।

ਮੈਂ, ਅਸ਼ੋਕ ਕੁਮਾਰ ਪੁੱਤਰ ਬਾਲਮ ਰਾਮ, ਵਾਸੀ ਗੁਰੂ ਨਾਨਕ ਨਗਰ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਅਸ਼ੋਕ ਕੁਮਾਰ ਸ਼ਰਮਾ ਰੱਖ ਲਿਆ ਹੈ।

## Change of Name

I, Anupam Kaur D/o Jagmohan Singh Thind W/o Amandeep Singh Chandi R/o 4, Chandi Farm, Akash Avenue, Fatehgarh Churian Road, Amritsar, Punjab have changed my name to Anupam Kaur Chandi. Concerned note.

I, Tajinder Singh S/o Baldev Singh R/o Vill. Kotli Sazawar P.O. Pachranga Distt. Jalandhar (Pb.) have Changed my name Tajinder Singh to Tajinder Singh Athwal. All Concerned please note.

I, Usha Rani W/o Santokh Singh R/o VPO Naugajja, Tehsil & Distt. Jalandhar, Punjab, changed my name Usha as given name and Rani as Surname. (10089)

I, Harpreet Singh S/o Sukhwinder Singh R/o Vill. Buttran, Distt. Jalandhar have changed my name from Harpreet Singh to Given Name Harpreet Surname Singh.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸੜਕ 'ਚ ਟੁੱਟੀਆਂ ਹੌਦੀਆਂ ਕਾਰਨ ਵਾਪਰ ਸਕਦਾ ਵੱਡਾ ਹਾਦਸਾ

**ਸੁਲਤਾਨਪੁਰ ਲੋਧੀ (ਰਾਜਵੀਰ ਸਿੰਘ)** ਮੁੰਡੀ ਮੋੜ ਤੋਂ ਸੁਲਤਾਨਪੁਰ ਲੋਧੀ ਤੱਕ ਚਾਰ ਮਾਰਗੀ ਸੜਕ ਬਣਾਈ ਜਾ ਰਹੀ ਹੈ।ਜਿਸ ਵਿਚ ਤਲਵੰਡੀ ਚੌਧਰੀਆਂ ਡੱਲਾ ਟੀ-ਪੁਆਇੰਟ ਸੁਲਤਾਨਪੁਰ ਲੋਧੀ ਵਾਲੇ ਪਾਸੇ ਨੂੰ ਜਾਂਦਿਆਂ ਸੜਕ ਦੇ ਵਿਚ ਗੰਦੇ ਪਾਣੀ ਦੇ ਨਿਕਾਸ ਵਾਲੀ ਇਕ ਹੌਦੀ ਦਾ ਢੱਕਣ ਟੁੱਟਾ ਹੋਇਆ ਹੈ ਅਤੇ ਦੂਸਰੀ ਹੌਦੀ ਦਾ ਢੱਕਣ ਟੁੱਟਣਾ ਸ਼ੁਰੂ ਹੋ ਗਿਆ ਹੈ।ਉਸ ਰੋਡ ਉੱਪਰਾਂ ਹਜ਼ਾਰਾਂ ਹੀ ਲੋਕ ਆਪਣੇ ਸਾਧਨਾਂ ਰਾਹੀਂ ਦੇਰ ਰਾਤ ਤੱਕ ਸਫਰ ਕਰਦੇ ਹਨ।ਚੋਣਾਂ ਦੌਰਾਨ ਸੈਂਕੜੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਸੀਨੀਅਰ ਅਧਿਕਾਰੀਆਂ ਨੇ ਇਸ ਰੋਡ ਉੱਤੋਂ ਆਪਣੀਆਂ ਤੇਜ਼ ਰਫਤਾਰ ਨਾਲ ਗੱਡੀਆਂ ਲੰਘਾਈਆਂ ਹੋਣਗੀਆਂ ਪਰ ਕਿਸੇ ਨੇ ਵੀ ਤਲਵੰਡੀ ਚੌਧਰੀਆਂ ਦੇ ਮੇਨ ਰੋਡ ਉੱਪਰ ਟੁੱਟੀਆਂ ਹੋਈਆਂ ਹੌਦੀਆਂ ਵੱਲ ਧਿਆਨ ਨਹੀਂ ਦਿੱਤਾ।ਸੁਲਤਾਨਪੁਰ ਲੋਧੀ ਵਿਚ ਇਤਿਹਾਸਕ ਗੁਰਦੁਆਰੇ ਅਤੇ ਹੋਰ ਗੁਰਧਾਮ ਹੋਣ ਕਰਕੇ ਪਵਿੱਤਰ ਨਗਰੀ ਦਾ ਦਰਜ਼ਾ ਦਿੱਤਾ ਗਿਆ ਹੈ।ਜਿਥੇ ਹਜ਼ਾਰਾਂ ਸੰਗਤਾਂ ਰੋਜ਼ਾਨਾ ਦਰਸ਼ਨ ਕਰਨ ਲਈ ਵਾਇਆ ਗੋਇੰਦਵਾਲ ਤਲਵੰਡੀ ਚੌਧਰੀਆਂ ਤੋਂ ਹੁੰਦੀਆਂ ਹੋਈਆਂ ਸੁਲਤਾਨਪੁਰ ਪੁੱਜਦੀਆਂ ਹਨ।ਸੰਗਤਾਂ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।ਜਥੇਦਾਰ ਬਖਸ਼ੀਸ ਸਿੰਘ ਬਿੱਲਾ, ਸੰਤੋਖ ਸਿੰਘ, ਮਾ. ਚਰਨਜੀਤ ਸਿੰਘ, ਸੁਖਦੇਵ ਲਾਲ ਮੈਸ਼ਨ ਤਲਵੰਡੀ ਚੌਧਰੀਆਂ, ਸੁਰਜੀਤ ਸਿੰਘ ਟਿੱਬਾ, ਮਾ. ਜਸਵਿੰਦਰ ਸਿੰਘ, ਪ੍ਰਿੰਸੀਪਲ ਪਰਮਜੀਤ ਸਿੰਘ ਨੇ ਕਿਹਾ ਕਿ ਜੇਕਰ ਇਨ੍ਹਾਂ ਟੁੱਟੀਆਂ ਹੌਦੀਆਂ ਕਾਰਨ ਕੋਈ ਵੱਡਾ ਹਾਦਸਾ ਵਾਪਰ ਦਾ ਹੈ ਤਾਂ ਇਸ ਦਾ ਜ਼ਿੰਮੇਵਾਰ ਜ਼ਿਲਾ ਪ੍ਰਸ਼ਾਸਨ ਹੋਵੇਗਾ।



# ਪਹਿਲੀ ਵਾਰ ਵੋਟ ਪਾਉਣ ਵਾਲਿਆਂ ਦਾ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨ, ਫਿਲਮ ਦੀਆਂ ਟਿਕਟਾਂ ਵੀ ਦਿੱਤੀਆਂ

**ਜਲੰਧਰ (ਸ਼ੈਲੀ ਐਲਬਰਟ,ਸੁਰਿੰਦਰ ਕੁਮਾਰ)**-ਜਲੰਧਰ ਲੋਕ ਸਭਾ ਚੋਣ ਦੌਰਾਨ ਵੋਟਰਾਂ ਖਾਸ ਕਰ ਨੌਜਵਾਨ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਨਿਵੇਕਲੀਆਂ ਪਹਿਲਕਦਮੀਆਂ ਤਹਿਤ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਨੂੰ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕਰਨ ਦੇ ਨਾਲ-ਨਾਲ ਫਿਲਮ ਦੀਆਂ ਟਿਕਟਾਂ ਵੀ ਪ੍ਰਦਾਨ ਕੀਤੀਆਂ ਗਈਆਂ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਦਿਆਂ ਸਥਾਨਕ ਐਚ.ਐਮ.ਵੀ. ਕਾਲਜ ਵਿਖੇ ਬਣੇ ਮਾਡਲ ਪੋਲਿੰਗ ਬੂਥ ਵਿਖੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਵੋਟਰਾਂ ਦਾ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਉਤਸ਼ਾਹ ਦੇ ਚਿੰਨ ਵਜੋਂ ਫਿਲਮ ਦੀਆਂ ਟਿਕਟਾਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਪ੍ਰਸ਼ਾਸਨ ਵੱਲੋਂ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਦਾ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨ ਕਰਨ ਤੋਂ ਇਲਾਵਾ 80 'ਫਸਟ ਟਾਈਮ ਵੋਟਰਾਂ' ਨੂੰ ਫਿਲਮ ਦੀਆਂ ਟਿਕਟਾਂ ਮੁਫ਼ਤ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਪਹਿਲ ਦਾ ਮਕਸਦ ਨੌਜਵਾਨਾਂ ਦੀ ਹੌਸਲਾ ਅਫ਼ਜ਼ਾਈ ਕਰਨਾ ਅਤੇ ਉਨ੍ਹਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨਾ ਸੀ।ਅਪਾਹਜ ਆਸ਼ਰਮ ਵਿਖੇ ਪਹਿਲੀ ਵਾਰ ਵੋਟ ਪਾਉਣ ਵਾਲੇ ਸਰੀਰਕ ਤੌਰ 'ਤੇ ਅਸਮਰੱਥ (ਪੀ.ਡਬਲਯੂ.ਡੀ.) ਵੋਟਰਾਂ ਨੂੰ ਵੀ ਡਿਪਟੀ ਕਮਿਸ਼ਨਰ ਵੱਲੋਂ ਸਰਟੀਫਿਕੇਟ ਪ੍ਰਦਾਨ ਕੀਤੇ ਗਏ।ਜ਼ਿਲ੍ਹਾ ਚੋਣ ਅਫ਼ਸਰ ਨੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕੀਤਾ ਅਤੇ ਉਥੇ ਚੱਲ ਰਹੀ ਵੋਟਿੰਗ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਵੋਟ ਪਾਉਣ ਆਏ ਲੋਕਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹੇ ਭਰ ਦੇ ਸਮੁੱਚੇ 1951 ਪੋਲਿੰਗ ਬੂਥਾਂ 'ਤੇ ਲੋੜੀਂਦੀਆਂ ਸਾਰੀਆਂ ਸੁਵਿਧਾਵਾਂ ਤੋਂ ਇਲਾਵਾ ਗਰਮੀ ਤੋਂ ਬਚਾਅ ਲਈ ਪੀਣ ਵਾਲੇ ਪਾਣੀ, ਛਾਂ, ਮੈਡੀਕਲ ਸਹਾਇਤਾ, ਪੱਖੇ ਆਦਿ ਦੇ ਇੰਤਜ਼ਾਮ ਕੀਤੇ ਗਏ ਤਾਂ ਜੋ ਵੋਟਰਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਨੂੰ ਘਰ ਬੈਠੇ ਪੋਲਿੰਗ ਕੇਂਦਰ ਵਿਖੇ ਲੱਗੀ ਕਤਾਰ ਬਾਰੇ ਜਾਣਕਾਰੀ ਦੇਣ ਲਈ votejalandhar.in ਵੈਬਸਾਈਟ ਜਾਰੀ ਕੀਤੀ ਗਈ ਹੈ, ਜਿਸ 'ਤੇ ਪੋਲਿੰਗ ਬੂਥ 'ਤੇ ਕਤਾਰ ਵਿੱਚ ਲੱਗੇ ਲੋਕਾਂ ਬਾਰੇ ਜਾਣਕਾਰੀ ਹਰ 15 ਮਿੰਟ ਬਾਅਦ ਅਪਡੇਟ ਕੀਤੀ ਜਾ ਰਹੀ।ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਵਾਤਾਵਰਣ ਸੰਭਾਲ ਦਾ ਸੁਨੇਹਾ ਦੇਣ ਲਈ ਵੋਟਰਾਂ ਨੂੰ ਬੂਟਿਆਂ ਦੀ ਵੰਡ ਵੀ ਕੀਤੀ ਗਈ।ਇਸ ਮੌਕੇ ਉਨ੍ਹਾਂ ਨਾਲ ਜਨਰਲ ਆਬਜ਼ਰਵਰ ਜੇ. ਮੇਘਨਾਥ ਰੈਡੀ, ਖਰਚਾ ਆਬਜ਼ਰਵਰ ਮਾਧਵ ਦੇਸ਼ਮੁਖ, ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਵੀ ਮੌਜੂਦ ਸਨ।



## ਸਬਜੈਕਟ ਐਕਸਪਰਟ ਕਮੇਟੀ ਦੀ ਮੀਟਿੰਗ 3 ਤੋਂ



**ਮੋਹਾਲੀ (ਗੁਰਜੀਤ ਬਿੱਲਾ)**-ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਡਬਲਯੂਆਈਐਸਈ-ਪੀਡੀਐਫ ਪ੍ਰੋਗਰਾਮ ਦੇ ਤਹਿਤ ਫਿਜ਼ੀਕਸ ਅਤੇ ਗਣਿਤ ਵਿਗਿਆਨ (ਪੀਐਮ) 'ਤੇ ਸਬਜੈਕਟ ਐਕਸਪਰਟ ਕਮੇਟੀ (ਐਸਈਸੀ) ਦੀ ਮੀਟਿੰਗ 3 ਜੂਨ ਤੋਂ 5 ਜੂਨ ਤੱਕ ਹੋ ਰਹੀ ਹੈ। ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਡਬਲਯੂਆਈਐਸਈ ਪੋਸਟ-ਡਾਕਟੋਰਲ ਫੈਲੋਸ਼ਿਪ (ਡਬਲਯੂਆਈਐਸਈ-ਪੀਡੀਐਫ) ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦਾ ਇੱਕ ਨਵਾਂ ਪ੍ਰੋਗਰਾਮ ਹੈ ਜਿਸਦਾ ਉਦੇਸ਼ 27-60 ਸਾਲ ਦੀ ਉਮਰ ਦੇ ਵਿਚਕਾਰ ਦੀਆਂ ਮਹਿਲਾ ਵਿਗਿਆਨੀਆਂ ਅਤੇ ਟੈਕਨਾਲੋਜਿਸਟਾਂ ਨੂੰ ਮੌਕੇ ਪ੍ਰਦਾਨ ਕਰਨਾ ਹੈ ਜੋ ਬੁਨਿਆਦੀ ਅਤੇ ਉਪਯੁਕਤ ਵਿਗਿਆਨਾਂ ਵਿੱਚ ਬੈਂਚ-ਪੱਧਰ ਦੇ ਵਿਗਿਆਨੀਆਂ ਵਜੋਂ ਆਪਣੀ ਖੋਜ ਜਾਰੀ ਰੱਖਣਾ ਚਾਹੁੰਦੇ ਹਨ। ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਨੇ ਸੂਚਿਤ ਕੀਤਾ ਹੈ ਕਿ ਫਿਜ਼ੀਕਸ ਅਤੇ ਗਣਿਤ ਵਿਗਿਆਨ (ਪੀਐਮ) 'ਤੇ ਵਿਸ਼ਾ ਮਾਹਿਰ ਕਮੇਟੀ (ਐਸਈਸੀ) ਦੀ ਉਪਰੋਕਤ ਮੀਟਿੰਗ ਲਈ ਸੰਸਥਾ ਦੇ ਸਬੰਧ ਵਿੱਚ ਖਰਚੇ ਲਈ 11.84 ਲੱਖ ਰੁਪਏ ਦੀ ਵਿੱਤੀ ਮਨਜ਼ੂਰੀ ਦਿੱਤੀ ਗਈ ਹੈ।ਸਾਲ 2024-25 ਲਈ ਗਰਾਂਟ ਦੀ ਪਹਿਲੀ ਕਿਸ਼ਤ ਵਜੋਂ ਰਿਆਤ ਬਾਹਰਾ ਯੂਨੀਵਰਸਿਟੀ ਨੂੰ 9.40 ਲੱਖ ਰੁਪਏ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ। ਇਹ ਫੰਡ ਰਿਸਰਚ ਐਂਡ ਡਿਵੈਲਪਮੈਂਟ ਸਕੀਮ ਤਹਿਤ ਜਾਰੀ ਕੀਤੇ ਗਏ ਹਨ।

## ਨਿਸ਼ਾਨ ਉੱਚੇ ਵਾਲਾ ਕ੍ਰਾਈਮ ਪੈਟਰੋਲ 'ਚ ਭੂਮਿਕਾ ਨਿਭਾਏਗਾ

**ਕਾਲਾ ਸੰਘਿਆਂ (ਮਨਜੀਤ ਮਾਨ)** ਪ੍ਰਸਿੱਧ ਗਾਇਕ ਗੀਤਕਾਰ ਅਦਾਕਾਰ ਤੇ ਹੁਣ ਦੋਗਾਣਾ ਗਾਇਕ ਜੋੜੀ ਨਿਸ਼ਾਨ ਉੱਚੇ ਵਾਲਾ ਨੈਸ਼ਨਲ ਟੀਵੀ ਚੈਨਲ 'ਤੇ ਚੱਲ ਰਹੇ ਲੜੀਵਾਰ ਸੀਰੀਅਲ ਕ੍ਰਾਈਮ ਪੈਟਰੋਲ ਵਿੱਚ ਵੀ ਦਿਸੇਗਾ, ਜਿਸਦੀ ਅੱਜਕੱਲ੍ਹ ਉਤਰ ਪ੍ਰਦੇਸ਼ ਵਿੱਚ ਸ਼ੂਟਿੰਗ ਚੱਲ ਰਹੀ ਹੈ।

## ਐੱਚ ਏ ਯੂ ਵਿਗਿਆਨਕਾਂ ਵੱਲੋਂ ਵਿਕਸਿਤ ਝੋਨਾ ਥ੍ਰੈਸ਼ਰ ਨੂੰ ਮਿਲਿਆ ਪੇਟੈਂਟ

**ਚੰਡੀਗੜ੍ਹ (ਕ੍ਰਿਸ਼ਨ ਗਰਗ)** - ਚੌਧਰੀ ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਦੇ ਵਿਗਿਆਨਕਾਂ ਨੇ ਇਕ ਹੋਰ ਉਪਲਬਧੀ ਨੂੰ ਯੂਨੀਵਰਸਿਟੀ ਦੇ ਨਾਂਅ ਕੀਤਾ ਹੈ। ਯੂਨੀਵਰਸਿਟੀ ਦੇ ਵਿਗਿਆਨਕਾਂ ਵੱਲੋਂ ਵਿਕਸਿਤ ਕੀਤੀ ਗਈ ਡ੍ਰਾਇਰ, ਡੀ ਹਸਕਰ ਅਤੇ ਪੋਲਿਸ਼ਰ ਦੇ ਨਾਲ ਏਕੀਕ੍ਰਿਤ ਝੋਨਾ ਥ੍ਰੈਸ਼ਰ ਮਸ਼ੀਨ ਨੂੰ ਭਾਰਤ ਸਰਕਾਰ ਦੇ ਪੇਟੈਂਟ ਦਫਤਰ ਵੱਲੋਂ ਪੈਟੇਂਟ ਮਿਲ ਗਿਆ ਹੈ। ਯੂਨੀਵਰਸਿਟੀ ਦੇ ਇਕ ਬੁਲਾਰੇ ਨੇ ਦਸਿਆ ਕਿ ਯੂਨੀਵਰਸਿਟੀ ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ ਦੇ ਵਿਗਿਆਨਕਾਂ ਵੱਲੋਂ ਵਿਕਸਿਤ ਇਹ ਮਸ਼ੀਨ ਕਿਸਾਨਾਂ ਦੇ ਲਈ ਬਹੁਤ ਲਾਭਕਾਰੀ ਸਾਬਿਤ ਹੋਵੇਗੀ। ਮਸ਼ੀਨ ਦੀ ਖੋਜ ਕਾਲਜ ਦੇ ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ ਕੀਤਾ ਗਿਆ। ਇਸ ਮਸ਼ੀਨ ਨੂੰ ਭਾਰਤ ਸਰਕਾਰ ਵੱਲੋਂ ਇਸ ਦਾ ਪ੍ਰਮਾਣ ਪੱਤਰ ਮਿਲ ਗਿਆ ਹੈ ਜਿਸ ਦੀ ਪੈਟੇਂਟ ਗਿਣਤੀ 536920 ਹੈ। ਹੁਣ ਕਿਸਾਨ ਖੇਤ ਵਿਚ ਹੀ ਮਸ਼ੀਨ ਦੀ ਵਰਤੋ ਕਰ ਕੇ ਝੋਨੇ ਦੇ ਦਾਨਿਆਂ ਨੂੰ ਫਸਲ ਤੋਂ ਵੱਖ ਕਰ ਸਕਣਗੇ, ਸੁਖਾ ਸਕਣਗੇ, ਭੂਸੀ ਕੱਢ ਸਕਣਗੇ (ਭੂਰੇ ਚਾਵਲ ਲਈ) ਅਤੇ ਪੋਲਿਸ਼ ਕਰ ਸਕਣਗੇ। ਪਹਿਲਾਂ ਕਿਸਾਨਾਂ ਨੂੰ ਝੋਨੇ ਤੋਂ ਚਾਵਲ ਕੱਢਣ ਲਈ ਮਿਲ ਵਿ ਜਾਣਾ ਪੈਂਦਾ ਸੀ। ਹੁਣ ਕਿਸਾਨ ਆਪਣੇ ਘਰ ਦੇ ਖਾਨੇ ਦੇ ਲਈ ਵੀ ਬ੍ਰਾਉਨ ਰਾਇਸ ਕੱਢ ਸਕਣਗੇ। ਝੋਨਾ ਥ੍ਰੈਸ਼ਰ ਦੀ ਮੁੱਖ ਵਿਸ਼ੇਸ਼ਤਾਵਾਂ 'ਤੇ ਉਨ੍ਹਾਂ ਨੇ ਦਸਿਆ ਕਿ ਇਹ ਮਸ਼ੀਨ 50 ਐਚਪੀ ਟਰੈਕਟਰ ਦੇ ਲਈ ਅਨੁਕੂਲ ਹੈ। ਡਰਾਪਰ ਵਿਚ 18 ਸਿਰੇਮਿਕ ਇੰਫ੍ਰਾਰੇਡ ਹੀਟਰ (ਹਰੇਕ 650 ਵਾਟ) ਸ਼ਾਮਿਲ ਹਨ।

# ਭੁੱਲਰ ਵੱਲੋਂ ਗ਼ਲਤ ਸ਼ਬਦਾਵਲੀ ਬੋਲਣ 'ਤੇ ਭੜਕੇ ਵਕੀਲ



**ਨਕੋਦਰ, (ਬਾਲ ਕ੍ਰਿਸ਼ਨ ਬਾਲੀ)** -ਆਮ ਆਦਮੀ ਪਾਰਟੀ ਦੇ ਹਲਕਾ ਖਡੂਰ ਸਾਹਿਬ ਤੋਂ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਵਲੋਂ ਪਿਛਲੇ ਸਮੇਂ ਸੁਨਿਆਰਾ ਅਤੇ ਰਾਮਗੜ੍ਹੀਆ ਬਰਾਦਰੀ ਖ਼ਿਲਾਫ਼ ਗ਼ਲਤ ਸ਼ਬਦਾਵਲੀ ਵਰਤਣ ਤੋਂ ਬਾਅਦ ਪੂਰੇ ਪੰਜਾਬ ਵਿਚ ਆਮ ਆਦਮੀ ਪਾਰਟੀ ਦਾ ਵੱਡੇ ਪੱਧਰ 'ਤੇ ਵਿਰੋਧ ਹੋ ਰਿਹਾ ਹੈ ਇਹ ਗੱਲ ਅਜੇ ਠੰਢੀ ਵੀ ਨਹੀਂ ਪਈ ਸੀ ਕਿ ਹੁਣ ਫਿਰ ਭੁੱਲਰ ਨੇ ਇਕ ਚੋਣ ਰੈਲੀ ਦੌਰਾਨ ਵਕੀਲਾਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਚੰਦ ਪੈਸਿਆਂ ਦੀ ਖ਼ਾਤਿਰ ਵਕੀਲ ਸਮੈਕ ਦੇ ਕੇਸਾਂ ਵਿਚ ਫੜੇ ਜਾਂਦੇ ਵਿਅਕਤੀਆਂ ਦੀਆਂ ਜ਼ਮਾਨਤਾਂ ਕਰਵਾਉਂਦੇ ਹਨ, ਜਿਨ੍ਹਾਂ ਦਾ ਵਿਆਹ - ਸ਼ਾਦੀਆਂ ਧਾਰਮਿਕ 'ਤੇ ਸਮਾਜਿਕ ਸਮਾਗਮਾਂ ਵਿਚ ਬਾਈਕਾਟ ਕਰਨਾ ਚਾਹੀਦਾ ਹੈ । ਇਸ ਤੋਂ ਇਲਾਵਾ ਇਨ੍ਹਾਂ ਵਕੀਲਾਂ ਨਾਲ ਕੋਈ ਰਿਸ਼ਤਾ ਨਾਤਾ ਨਾ ਰੱਖੋ ਅਤੇ ਇਨ੍ਹਾਂ ਦਾ ਹੁੱਕਾ-ਪਾਣੀ ਵੀ ਬੰਦ ਕਰਾਂਗਾ । ਵਕੀਲਾਂ ਵਿਰੁੱਧ ਦਿੱਤੇ ਗਏ ਇਸ ਬਿਆਨ ਤੋਂ ਬਾਅਦ ਨਕੋਦਰ ਬਾਰ ਐਸੋਸੀਏਸ਼ਨ ਦੇ ਵਾਈਸ ਪ੍ਰਧਾਨ ਐਡਵੋਕੇਟ ਗੌਰਵ ਨਾਗਰਾਜ ਨੇ ਦੱਸਿਆ ਕਿ ਭੁੱਲਰ ਵਲੋਂ ਵਕੀਲ ਭਾਈਚਾਰੇ ਖ਼ਿਲਾਫ਼ ਵਰਤੀ ਗਈ ਗ਼ਲਤ ਸ਼ਬਦਾਵਲੀ ਦਾ ਸਖ਼ਤ ਨੋਟਿਸ ਲਿਆ ਗਿਆ ਹੈ ਅਤੇ ਪੂਰੇ ਪੰਜਾਬ ਵਿਚ ਅਦਾਲਤਾਂ ਵਿਚ ਕੰਮ ਕਾਜ ਠੱਪ ਕਰਨ ਦਾ ਵੀ ਮਤਾ ਪਾਸ ਕੀਤਾ ਗਿਆ ਹੈ । ਇਸੇ ਤਰ੍ਹਾਂ ਨਕੋਦਰ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਵਕੀਲ ਭਾਈਚਾਰੇ ਦੇ ਖ਼ਿਲਾਫ਼ ਇਸ ਤਰ੍ਹਾਂ ਦੀ ਹੇਠਲੇ ਪੱਧਰ ਦੀ ਸ਼ਬਦਾਵਲੀ ਵਰਤੀ ਗਈ ਹੈ ।ਭੁੱਲਰ ਵਕੀਲ ਭਾਈਚਾਰੇ ਆਪਣੇ ਕਹੇ ਗ਼ਲਤ ਸ਼ਬਦਾਂ ਦੀ ਮੁਆਫ਼ੀ ਮੰਗੇ ਨਹੀਂ ਤਾਂ ਪੂਰੇ ਪੰਜਾਬ ਵਿਚ ਸਾਰਾ ਵਕੀਲ ਭਾਈਚਾਰਾ ਇਸ ਦਾ ਆਮ ਆਦਮੀ ਪਾਰਟੀ ਦਾ ਸਖ਼ਤ ਵਿਰੋਧ ਕਰੇਗਾ।

## ਸ੍ਰੀ ਰਾਮ ਬਾਰੇ ਅਪਮਾਨਜਨਕ ਟਿੱਪਣੀ ਸੰਗੀਨ ਅਪਰਾਧ : ਧਾਲੀਵਾਲ

**ਫਗਵਾੜਾ ( ਡਾ. ਰਮਨ, ਢੱਡਾ)** ਦੁਨੀਆ ਭਰ ਦੇ ਕਰੋੜਾਂ ਲੋਕਾਂ ਦੀ ਆਸਥਾ ਦੇ ਪ੍ਰਤੀਕ ਭਗਵਾਨ ਸ੍ਰੀ ਰਾਮਚੰਦਰ ਜੀ ਬਾਰੇ ਅਪਮਾਨਜਨਕ ਟਿੱਪਣੀ ਕਰਨਾ ਨਾ ਸਿਰਫ ਅਤਿ ਨਿੰਦਣਯੋਗ ਹੈ ਸਗੋਂ ਸਜਾ ਯੋਗ ਗੰਭੀਰ ਅਪਰਾਧ ਵੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕੀਤਾ। ਉਹਨਾਂ ਨੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਵੱਲੋਂ ਵੀਰਵਾਰ ਨੂੰ ਫਗਵਾੜਾ ਵਿਖੇ ਇਕ ਚੋਣ ਜਲਸੇ ਦੌਰਾਨ ਭਗਵਾਨ ਸ੍ਰੀ ਰਾਮ ਬਾਰੇ ਕੀਤੀ ਗਈ ਟਿੱਪਣੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਜੋਗਿੰਦਰ ਮਾਨ ਨੇ ਜਿਸ ਤਰ੍ਹਾਂ ਦੀ ਭਾਸ਼ਾ ਵਰਤੀ ਹੈ, ਉਹ ਭਗਵਾਨ ਵਾਲਮੀਕਿ ਜੀ ਦਾ ਵੀ ਅਪਮਾਨ ਕਰਨ ਵਾਲੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਥਾ ਰੱਖਣ ਵਾਲੇ ਕਰੋੜਾਂ ਹਿੰਦੂਆਂ ਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਣ ਵਾਲੀ ਹੈ ਕਿਉਂਕਿ ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ ਵਿੱਚ ਵੀ ਭਗਵਾਨ ਰਾਮ ਨੂੰ ਉੱਚਾ ਦਰਜਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮਾੜੀ ਸ਼ਬਦਾਵਲੀ ਸੂਬੇ ਦੀ ਸੱਤਾ 'ਤੇ ਕਾਬਜ਼ ਪਾਰਟੀ ਦੇ ਹਲਕਾ ਇੰਚਾਰਜ ਦੇ ਮੂੰਹੋਂ ਨਿਕਲੀ ਹੈ, ਇਸ ਲਈ ਹੋਰ ਵੀ ਗੰਭੀਰ ਮਾਮਲਾ ਬਣ ਜਾਂਦਾ ਹੈ। ਕਿਉਂਕਿ ਇਸ ਨਾਲ ਸੂਬਾ ਸਰਕਾਰ ਦੀ ਇੱਕ ਵਿਸ਼ੇਸ਼ ਭਾਈਚਾਰੇ ਦੀ ਧਾਰਮਿਕ ਆਸਥਾ ਪ੍ਰਤੀ ਸੱਤਾ ਧਾਰੀ ਪਾਰਟੀ ਦੀ ਵਿਚਾਰਧਾਰਾ 'ਤੇ ਵੀ ਸਵਾਲ ਖੜ੍ਹੇ ਹੁੰਦੇ ਹਨ। ਉਨ੍ਹਾਂ ਜਿੱਥੇ ਚੋਣ ਕਮਿਸ਼ਨ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਅਪੀਲ ਕੀਤੀ, ਉੱਥੇ ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਆਪਣੇ ਆਪ ਨੂੰ ਭਗਵਾਨ ਰਾਮ ਦੇ ਵਾਰਸ ਮੰਨਣ ਵਾਲੇ ਭਾਜਪਾ ਅਤੇ ਸੱਤਾ ਧਿਰ 'ਆਪ' ਦੇ ਸੀਨੀਅਰ ਆਗੂਆਂ ਨੇ ਜੋਗਿੰਦਰ ਸਿੰਘ ਮਾਨ ਦੀ ਮੰਦਭਾਗੀ ਕਾਰਗੁਜਾਰੀ 'ਤੇ ਚੁੱਪ ਕਿਉਂ ਧਾਰ ਰੱਖੀ ਹੈ। ਵਿਧਾਇਕ ਧਾਲੀਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਜੋਗਿੰਦਰ ਮਾਨ ਦੇ ਬਿਆਨ ਬਾਰੇ ਆਪਣਾ ਸਟੈਂਡ ਸਪੱਸ਼ਟ ਕਰਨ ਅਤੇ ਪਾਰਟੀ ਪ੍ਰਧਾਨ ਦੇ ਨਾਤੇ ਬਿਆਨ ਜਾਰੀ ਕਰਕੇ ਜਨਤਕ ਤੌਰ 'ਤੇ ਮੁਆਫੀ ਮੰਗਣ ਦੀ ਮੰਗ ਵੀ ਕੀਤੀ ਹੈ।

# ਨਾਲੇ ਪੁੰਨ ਨਾਲੇ ਫਲੀਆਂ

**ਸ਼ਾਹਰਕੋਟ (ਗਿਆਨ ਸੈਦਪੁਰੀ)** ਅੱਗ ਉਗਲ ਦੇ ਸੂਰਜ ਦੀ ਧੁੱਪ ਦੇ ਅਸਰ ਨੂੰ ਘੱਟ ਕਰਨ ਲਈ ਲੋਕ ਸਿਰਾਂ 'ਤੇ ਸਾਫੇ ਅਤੇ ਗਿੱਲੇ ਕਰਕੇ ਤੌਲੀਏ ਲੈ ਕੇ ਘਰਾਂ ਵਿੱਚੋਂ ਬਾਹਰ ਨਿਕਲਦੇ ਹਨ। ਵੱਖ-ਵੱਖ ਤਰ੍ਹਾਂ ਦੇ ਸ਼ਰਬਤਾਂ ਦਾ ਵੀ ਇਸਤੇਮਾਲ ਕੀਤਾ ਜਾ ਰਿਹਾ ਹੈ। ਲੋਕਾਂ ਦੀ ਸੂਰਜ ਦੀ ਤਪਸ਼ ਘੱਟ ਕਰਨ ਦੀ ਮਾਨਸਿਕਤਾ ਨੂੰ ਸਮਝਦਿਆਂ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ 'ਰਗੜਾ ਸ਼ਰਦਾਈ' ਵਾਲਿਆਂ ਨੇ ਟੈਂਟ ਲਾ ਕੇ ਕੰਮ ਸ਼ੁਰੂ ਕੀਤਾ ਹੋਇਆ ਹੈ। 30 ਅਤੇ 50 ਰੁਪਏ ਦਾ ਸ਼ਰਦਾਈ ਦਾ ਗਿਲਾਸ ਪੀਣ ਲਈ ਕਤਾਰਾਂ ਲੱਗ ਜਾਂਦੀਆਂ ਹਨ। ਇਸ ਸ਼ਰਦਾਈ ਵਿੱਚ ਦੁੱਧ,ਗੁਲਾਬ ਦੇ ਫੁੱਲ, ਬਦਾਮ, ਖਸ ਖਸ, ਅਤੇ ਨਿੱਕੀਆਂ ਇਲਾਇਚੀਆਂ ਪਾਈਆਂ ਜਾਂਦੀਆਂ ਹਨ। 'ਵਿਰਸਾ ਸੰਭਾਲ ਠੰਡੀ ਰਗੜਾ ਸ਼ਰਦਾਈ' ਵਾਲਿਆਂ ਦੀ ਆਰਜੀ ਦੁਕਾਨ 'ਤੇ ਜਾ ਕੇ ਦੇਖਿਆ ਕਿ ਉਨ੍ਹਾਂ ਕੋਲ ਗੱਲ ਕਰਨ ਦਾ ਵਿਹਲ ਨਹੀਂ ਹੈ। ਸ਼ਰਦਾਈ ਪਿਲਾਉਣ ਵਾਲੇ ਆਮ ਤੌਰ 'ਤੇ ਨਿਹੰਗ ਸਿੰਘ ਹਨ। ਉਨਾਂ ਦੱਸਿਆ ਕਿ ਸਾਡਾ ਮਿਸ਼ਨ ਸੇਵਾ ਹੈ।ਆਰਥਿਕ ਤੌਰ 'ਤੇ ਜੇਕਰ ਕੁਝ ਸਹਿਯੋਗ ਪੱਲੇ ਪੈ ਜਾਵੇ ਤਾਂ ਉਸ ਲਈ ਪਰਮਾਤਮਾ ਦਾ ਸ਼ੁਕਰ ਗੁਜ਼ਾਰ ਹੁੰਦੇ ਹਾਂ। ਉਹਨਾਂ ਦੱਸਿਆ ਕਿ ਇੱਕ ਦਿਨ ਵਿੱਚ 400 ਤੋਂ 500 ਗਲਾਸ ਦੀ ਵਿਕਰੀ ਹੋ ਜਾਂਦੀ ਹੈ।ਉਹਨਾਂ ਦੇ ਕੰਮ 'ਤੇ ਪੁੰਨ ਨਾਲੇ ਫਲੀਆਂ ਵਾਲੀ ਕਹਾਵਤ ਢੁੱਕਦੀ ਜਾਪਦੀ ਹੈ।



ਸ਼ਰਦਾਈ ਦੀ ਆਰਜ਼ੀ ਦੁਕਾਨ ਵਾਲੇ ਨਿਹੰਗ ਸਿੰਘ ।

# ਮਨ ਪੱਕਾ ਕਰ ਕੇ ਸਹਿਜੇ ਹੀ ਛੱਡਿਆ ਜਾ ਸਕਦਾ ਤੰਬਾਕੂ : ਸਿਵਲ ਸਰਜਨ

**ਮੋਹਾਲੀ (ਗੁਰਜੀਤ ਬਿੱਲਾ)** : ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ, ਜਿਸ ਦੌਰਾਨ ਮਰੀਜ਼ਾਂ ਅਤੇ ਹੋਰ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਅਤੇ ਤੰਬਾਕੂ ਨੋਡਲ ਅਫ਼ਸਰ ਡਾ. ਨਵਦੀਪ ਸਿੰਘ ਨੇ ਦਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਨੇ ਲੋਕਾਂ ਨੂੰ ਦਸਿਆ ਕਿ ਸਿਗਰਟ, ਬੀੜੀ, ਜ਼ਰਦਾ, ਪਾਨ ਮਸਾਲਾ, ਈ ਸਿਗਰਟ, ਚਿਲਮ ਆਦਿ ਤੰਬਾਕੂ ਪਦਾਰਥ ਮਨੁੱਖੀ ਸਰੀਰ ਲਈ ਬੇਹੱਦ ਖ਼ਤਰਨਾਕ ਹਨ। ਇਹ ਮਿੱਠਾ ਜ਼ਹਿਰ ਹੈ ਜਿਹੜਾ ਵਿਅਕਤੀ ਦੀ ਜਾਨ ਵੀ ਲੈ ਲੈਂਦਾ ਹੈ, ਇਸ ਲਈ ਤੰਬਾਕੂ ਦਾ ਖਹਿੜਾ ਛੱਡ ਕੇ ਚੰਗੀ ਜ਼ਿੰਦਗੀ ਦਾ ਪੱਲਾ ਫੜਿਆ ਜਾਵੇ।ਸਿਹਤ ਅਧਿਕਾਰੀਆਂ ਨੇ ਕਿਹਾ ਕਿ ਤੰਬਾਕੂ ਦੀ ਵਰਤੋਂ ਕਈ ਬੀਮਾਰੀਆਂ ਦਾ ਕਾਰਨ ਹੈ ਜਿਵੇਂ ਕੈਂਸਰ, ਸਾਹ ਦੀ ਸਮੱਸਿਆ, ਦਿਲ ਦੀਆਂ ਬੀਮਾਰੀਆਂ, ਸ਼ੱਕਰ ਰੋਗ, ਦੰਦ ਦੀਆਂ ਬੀਮਾਰੀਆਂ, ਸੁਣਨ ਦੀ ਸਮੱਸਿਆ, ਨਿਗ੍ਹਾ ਦੀ ਕਮੀ ਆਦਿ। ਉਨ੍ਹਾਂ ਦਸਿਆ ਕਿ ਤੰਬਾਕੂ ਵਿਰੋਧੀ ਕਾਨੂੰਨ ਤਹਿਤ ਸਕੂਲ ਜਾਂ ਵਿਦਿਅਕ ਅਦਾਰੇ ਦੀ ਬਾਹਰੀ ਕੰਧ ਦੇ 100 ਗਜ਼ ਦੂਰ ਤਕ ਦੇ ਘੇਰੇ ਵਿਚ ਕੋਈ ਵੀ ਵਿਅਕਤੀ ਤੰਬਾਕੂ ਪਦਾਰਥ ਨਹੀਂ ਵੇਚ ਸਕਦਾ ਤੇ ਨਾ ਹੀ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਤੰਬਾਕੂ ਪਦਾਰਥ ਵੇਚੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਤੰਬਾਕੂ ਦੀ ਆਦਤ ਛਡਣਾ ਕੋਈ ਔਖੀ ਗੱਲ ਨਹੀਂ। ਵਿਅਕਤੀ ਅਪਣਾ ਮਨ ਪੱਕਾ ਕਰ ਲਵੇ ਤਾਂ ਇਸ ਤੋਂ ਸਹਿਜੇ ਹੀ ਛੁਟਕਾਰਾ ਪਾਇਆ ਜਾ ਸਕਦਾ ਹੈ।ਡਾਕਟਰੀ ਸਲਾਹ ਲਈ ਵਿਸ਼ੇਸ਼ ਤੌਰ 'ਤੇ ਮੋਹਾਲੀ ਦੇ ਸੈਕਟਰ 66 ਦੇ ਨਸ਼ਾ ਛੁਡਾਊ ਕੇਂਦਰ ਵਿਚ ਤੈਨਾਤ ਮਾਹਰ ਡਾਕਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ, ਜਿਥੇ ਕਿਸੇ ਵੀ ਤਰ੍ਹਾਂ ਦਾ ਨਸ਼ਾ ਛੁਡਾਉਣ ਲਈ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਿਸੇ ਵੀ ਸਰਕਾਰੀ ਹਸਪਤਾਲ ਵਿਚ ਜਾ ਕੇ ਇਲਾਜ ਸ਼ੁਰੂ ਕਰਵਾਇਆ ਜਾ ਸਕਦਾ ਹੈ। ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਿਹਤ ਸਟਾਫ਼ ਨੇ ਜ਼ਿੰਦਗੀ ਵਿਚ ਕਦੇ ਵੀ ਤੰਬਾਕੂ ਦੀ ਵਰਤੋਂ ਨਾ ਕਰਨ ਦਾ ਅਹਿਦ ਵੀ ਲਿਆ।



# ਹਰੇਕ ਕੁੱਕ ਬੀਬੀ ਨੂੰ 1000 ਰੁਪਏ ਮਿਹਨਤਾਨੇ ਵਜੋਂ ਦਿੱਤੇ ਜਾਣ : ਡੀ ਟੀ ਐੱਫ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਪੂਰੇ ਉੱਤਰੀ ਭਾਰਤ ਵਿੱਚ ਇਸ ਸਮੇਂ ਕਹਿਰ ਦੀ ਗਰਮੀ ਪੈ ਰਹੀ ਹੈ ਅਤੇ ਪੰਜਾਬ ਦਾ ਤਾਪਮਾਨ ਵੀ 45 ਤੋਂ 50 ਡਿਗਰੀ ਦੇ ਕਰੀਬ ਚੱਲ ਰਿਹਾ ਹੈ ਅਤੇ ਏਨੀ ਗਰਮੀ ਵਿੱਚ ਚੋਣ ਬੂਥਾਂ ਉੱਤੇ ਤਾਇਨਾਤ ਚੋਣ ਅਮਲੇ ਅਤੇ ਸੁਰੱਖਿਆ ਅਮਲੇ ਲਈ ਦੋ ਦਿਨ ਉਨ੍ਹਾਂ ਨੂੰ ਖਾਣਾ ਤਿਆਰ ਕਰਕੇ ਦੇਣ ਦੇ ਮਿਹਨਤਾਨੇ ਵਜੋਂ ਇੱਕ ਕੁੱਕ ਬੀਬੀ ਨੂੰ ਸਿਰਫ਼ 200 ਰੁਪਏ ਦਿੱਤੇ ਜਾ ਰਹੇ ਹਨ ਜਿਸਨੂੰ ਕਿ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐੱਫ਼.) ਦੇ ਸੂਬਾ ਪ੍ਰਧਾਨ ਬਿਕਰਮਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਗੁਜਰਾਤੀ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜ਼ਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ ਨੇ ਬਹੁਤ ਹੀ ਨਿਗੂਣੀ ਰਾਸ਼ੀ ਦੱਸਦਿਆਂ ਇਸ ਵਿੱਚ ਵਾਧਾ ਕਰਨ ਦੀ ਮੰਗ ਕੀਤੀ ਹੈ। ਇਸ ਸੰਬੰਧੀ ਇੱਕ ਪ੍ਰੈੱਸ ਬਿਆਨ ਰਾਹੀਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਕਤ ਆਗੂਆਂ ਨੇ ਕਿਹਾ ਕਿ ਵੋਟਾਂ ਦੇ ਦਿਨ ਤੋਂ ਇੱਕ ਦਿਨ ਪਹਿਲਾਂ ਹੀ ਕੁੱਕ ਬੀਬੀਆਂ ਨੂੰ ਆਪ ਹੀ ਬੂਥਾਂ ਦੀ ਸਫ਼ਾਈ ਆਦਿ ਵੀ ਕਰਨੀ ਪੈਂਦੀ ਹੈ ਅਤੇ ਦੁਪਹਿਰ ਸਮੇਂ ਪੋਲਿੰਗ ਪਾਰਟੀ ਦੇ ਪੁੱਜਣ ਉੱਤੇ ਉਨ੍ਹਾਂ ਨੂੰ ਚਾਹ ਪਾਣੀ ਆਦਿ ਦੇਣਾ, ਉਨ੍ਹਾਂ ਲਈ ਰਾਤ ਦੀ ਰੋਟੀ ਤਿਆਰ ਕਰਨੀ ਅਤੇ ਉਨ੍ਹਾਂ ਨੂੰ ਪਰੋਸਣੀ ਅਤੇ ਵੋਟਾਂ ਵਾਲ਼ੇ ਦਿਨ ਸਵੇਰੇ ਚਾਹ ਅਤੇ ਨਾਸ਼ਤੇ ਵਿੱਚ ਪਰੌਂਠੇ ਤਿਆਰ ਕਰਕੇ ਦੇਣੇ ਅਤੇ ਫ਼ਿਰ ਦੁਪਹਿਰ ਵੇਲ਼ੇ ਦਾ ਖਾਣਾ ਅਤੇ ਸ਼ਾਮ ਦੀ ਚਾਹ ਦੇਣਾ ਅਤੇ ਦੋਨੋਂ ਦਿਨ ਹੀ ਪਾਣੀ ਆਦਿ ਪਿਲਾਉਣ ਦੀ ਇਸ ਭਰ ਗਰਮੀ ਵਿੱਚ ਬਹੁਤ ਹੀ ਕਠਿਨ ਅਤੇ ਮਿਹਨਤ ਭਰੀ ਡਿਊਟੀ ਬਦਲੇ ਚੋਣ ਕਮਿਸ਼ਨ ਵਲੋਂ ਪ੍ਰਤੀ ਕੁੱਕ ਬੀਬੀ ਸਿਰਫ਼ 200 ਦੀ ਰਾਸ਼ੀ ਬਹੁਤ ਹੀ ਹਾਸੋਹੀਣੀ ਪ੍ਰਤੀਤ ਹੋ ਰਹੀ ਹੈ ਅਤੇ ਇਹ ਉਨ੍ਹਾਂ ਦੀ ਕਿਰਤ ਦਾ ਪੂਰਾ ਮੁੱਲ ਵੀ ਨਹੀਂ ਹੈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐੱਫ਼.) ਨੇ ਚੋਣ ਕਮਿਸ਼ਨ ਤੋਂ ਅਤੇ ਮੁੱਖ ਚੋਣ ਅਧਿਕਾਰੀ ਪੰਜਾਬ ਤੋਂ ਮੰਗ ਕੀਤੀ ਹੈ ਕਿ ਹਰੇਕ ਕੁੱਕ ਬੀਬੀ ਨੂੰ 1000 ਰੁਪਏ ਮਿਹਨਤਾਨੇ ਵਜੋਂ ਦਿੱਤੇ ਜਾਣ। ਇਸ ਮੌਕੇ ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਜਸਵਿੰਦਰ ਸ਼ਿੰਗੜ, ਨਿਰਮਲ ਸਿੰਘ ਨਿਹਾਲਪੁਰ ਅਤੇ ਕਰਨੈਲ ਸਿੰਘ ਆਦਿ ਆਗੂ ਵੀ ਹਾਜ਼ਰ ਸਨ।



## ਸਿੱਖੀ 'ਚ ਸੇਵਾ ਦਾ ਵਿਸ਼ੇਸ਼ ਮਹੱਤਵ : ਸੰਤ ਕੁਲਵਿੰਦਰ ਸਿੰਘ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਨਕੋਦਰ-ਮੱਲੀਆਂ ਕਲਾਂ ਰੋਡ 'ਤੇ ਅੱਡਾ ਜਹਾਂਗੀਰ ਵਿਖੇ ਗੁਰਦੁਆਰਾ ਸ੍ਰੀ ਸ਼੍ਰੋਮਣੀ ਗੁਰਦੁਆਰਾ ਭਗਤ ਧੰਨਾ ਜੀ ਦੀ ਇਮਾਰਤ ਦਾ ਲੈਂਟਰ ਸਮੂਹ ਸੰਗਤ ਦੇ ਸਹਿਯੋਗ ਨਾਲ ਪਾਇਆ ਗਿਆ। ਇਸ ਤੋਂ ਪਹਿਲਾਂ ਅਰਦਾਸ ਕੀਤੀ ਗਈ।ਇਹ ਸਾਰੀ ਕਾਰ ਸੇਵਾ ਸੰਤ ਕੁਲਵਿੰਦਰ ਸਿੰਘ ਟੁੱਟ ਕਲਾ ਦੀ ਦੇਖਰੇਖ ਹੇਠ ਕਰਵਾਈ ਗਈ।ਸੰਤਾਂ ਨੇ ਕਿਹਾ ਕਿ ਸਿੱਖੀ ਵਿੱਚ ਸੇਵਾ ਦਾ ਵਿਸ਼ੇਸ਼ ਮਹੱਤਵ ਹੈ। ਉਹਨਾਂ ਕਿਹਾ ਕਿ ਹਰ ਸਿੱਖ ਨੂੰ ਗੁਰੂ ਸਾਹਿਬ ਵੱਲੋਂ ਚਲਾਈ ਰੀਤ ਅਨੁਸਾਰ ਤਨ ਮਨ ਧਨ ਦੇ ਨਾਲ ਸੇਵਾ ਕਰਨੀ ਚਾਹੀਦੀ ਹੈ।ਇਸ ਮੌਕੇ ਹਰਦੇਵ ਸਿੰਘ ਔਜਲਾ ਸਰਪੰਚ ਜਹਾਂਗੀਰ, ਤੇਜਾ ਸਿੰਘ, ਬਲਕੀਸ਼ ਮੁਹੰਮਦ, ਸੁਰਜੀਤ ਸਿੰਘ ਬਿੱਟਾ, ਕੁਲਵਿੰਦਰ ਸਿੰਘ ਬਾਸੀ, ਬਲਵਿੰਦਰ ਸਿੰਘ ਧਾਲੀਵਾਲ , ਜੱਥੇਦਾਰ ਹਰਜਿੰਦਰ ਸਿੰਘ ਜਹਾਂਗੀਰ, ਕੁਲਵਿੰਦਰ ਸਿੰਘ ਜਵੰਦਾ, ਗੁਰਪ੍ਰੀਤ ਸਿੰਘ ਲੰਬੜਦਾਰ, ਆਗਿਆਕਾਰ ਸਿੰਘ, ਜਸਬੀਰ ਸਿੰਘ ਖ਼ਾਲਸਾ, ਕੁਲਦੀਪ ਸਿੰਘ ਕੰਗ, ਪ੍ਰਤਿਪਾਲ ਸਿੰਘ ਰਿੰਕੂ ਜਹਾਂਗੀਰ, ਜਸਪਾਲ ਸਿੰਘ ਪਾਲ, ਬੁੱਕਣ ਸਿੰਘ, ਗੁਰਮੀਤ ਸਿੰਘ ਠੇਕੇਦਾਰ, ਜੀਤਾ ਜਹਾਂਗੀਰ, ਬੀਬੀ ਕੁਲਵਿੰਦਰ ਕੌਰ ਰਾਂਗੜਾ, ਅੰਮ੍ਰਿਤਪਾਲ ਸਿੰਘ ਭਾਣਜਾ, ਮਨਖੁਸ਼ਕਰਨਪਾਲ ਸਿੰਘ, ਮਨਸੁੱਖ ਸਿੰਘ, ਸੁਰਜੀਤ ਸਿੰਘ ਸੇਵਾਦਾਰ, ਸਤਪਾਲ ਸਿੰਘ, ਰੁਕਮਨਦੀਪ ਸਿੰਘ, ਸੁਖਬੀਰ ਸਿੰਘ, ਚਰਨਜੀਤ ਸਿੰਘ, ਅਮਰੀਕ ਸਿੰਘ ਮੱਲ੍ਹੀ ਨੰਬਰਦਾਰ ਆਦਿ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਬੁੱਢੀ ਪਿੰਡ 'ਚ ਗੁੱਜਰ ਪਰਵਾਰ ਦੇ ਕੁੱਲ ਨੂੰ ਲੱਗੀ ਅੱਗ



**ਅੱਡਾ ਸਰਾਂ (ਜਸਵੀਰ ਕਾਜਲ )**- ਬੁੱਢੀ ਪਿੰਡ ਵਿਖੇ ਹੋਈ ਅਗਜ਼ਨੀ ਦੀ ਘਟਨਾ ਕਾਰਨ ਗੁੱਜਰ ਪਰਵਾਰ ਦਾ ਕੁੱਲ ਸੜ ਗਿਆ ।

ਮੁਸ਼ਤਾਕ ਅਲੀ ਪੁੱਤਰ ਫਿਰੋਜ਼ ਦੀਨ ਦੀਆਂ 3 ਵੱਛੀਆਂ ਤੇ 3 ਬੱਕਰੀਆਂ ਦੀ ਮੌਤ ਹੋ ਗਈ ਜਦਕਿ ਇਕ ਗ਼ਾਂ ਅਤੇ ਇਕ ਵੱਛਾ ਅੱਗ ਕਾਰਨ ਬੁਰੀ ਤਰਾਂ ਝੁਲਸ ਗਿਆ ।ਉਸਨੇ ਪਿੰਡ ਵਾਸੀਆਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਸਾਰੇ ਅੱਗ ਅੱਗੇ ਬੇਬੱਸ ਰਹੇ । ਇਸ ਕਾਰਨ ਕੁੱਲ ਨਜ਼ਦੀਕ ਪਈ ਦੋ ਟਰਾਲੀਆਂ ਦੀ ਤੂੜੀ, ਕੁੱਲ ਵਿਚ ਪਿਆ ਸਮਾਨ ਅਤੇ ਲਗਭਗ 40 ਹਜ਼ਾਰ ਰੁਪਏ ਦੀ ਨਕਦੀ ਨਸ਼ਟ ਹੋ ਗਈ ।

ਪਿੰਡ ਦੇ ਸਰਪੰਚ ਦਵਿੰਦਰਜੀਤ ਸਿੰਘ ਨੇ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਹੈ ਕਿ ਅਗਜ਼ਨੀ ਕਾਰਨ ਪ੍ਰਭਾਵਿਤ ਹੋਏ ਪਰਵਾਰ ਨੂੰ ਮੁਆਵਜਾ ਦਿੱਤਾ ਜਾਵੇ । ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ ।

## ਵੋਟਾਂ ਸ਼ਾਂਤੀਪੂਰਵਕ ਪਈਆਂ



**ਫਗਵਾੜਾ ( ਜਸਵਿੰਦਰ ਢੱਡਾ )** ਆਖਰੀ ਗੇੜ ਦੀਆਂ ਲੋਕ ਸਭਾ ਦੀਆਂ ਚੋਣਾਂ ਲਈ ਵੋਟਾਂ ਸ਼ਾਤੀ ਪੂਰਵਕ ਪਈਆਂ। ਇਲੈਕਸ਼ਨ ਕਮਿਸ਼ਨ ਵਲੋਂ ਕਾਫੀ ਸਖਤ ਪ੍ਰਬੰਧ ਕੀਤੇ ਗਏ ਸਨ। ਫਗਵਾੜਾ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਲੋਕਾਂ ਵਲੋਂ ਵੋਟਾਂ ਪਾਉਣ ਦਾ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ। ਵੋਟਰਾਂ ਦੀਆਂ ਸਵੇਰ ਤੋਂ ਕਾਫੀ ਲੰਬੀਆਂ ਲਾਈਨਾਂ ਲੱਗਣ ਲੱਗ ਪਈਆਂ ਪਰ ਜਦੋਂ ਕਈ ਪਿੰਡਾਂ ਦਾ ਦੌਰਾ ਕੀਤਾ ਤਾਂ ਕਈ ਬਜੁਰਗ ਵੀ ਵੋਟਾਂ ਪਾਉਣ ਲਈ ਬੂਥਾਂ 'ਤੇ ਦੇਖੇ ਗਏ। ਕਈ ਥਾਈਂ ਤਕਰੀਬਨ ਹਰ ਪਾਰਟੀ ਦੇ ਬੂਥ ਦੇਖਣ ਨੂੰ ਮਿਲੇ। ਜਿਹੜੇ 18 ਸਾਲਾਂ ਦੇ ਨੌਜਵਾਨਾਂ ਵਲੋਂ ਪਹਿਲੀ ਵਾਰ ਵੋਟ ਪਾਈ ਗਈ ਉਹਨਾਂ ਨੂੰ ਮੌਕੇ 'ਤੇ ਹੀ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

# ਨਡਾਲੋਂ 'ਚ 3 ਰੋਜ਼ਾ ਸ਼ਹੀਦੀ ਜੋੜ ਮੇਲਾ ਆਰੰਭ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਅਗਵਾਈ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਅਤੇ ਜੂਨ 1984 ਘੱਲੂਘਾਰੇ ਦਿਵਸ ਨੂੰ ਸਮਰਪਿਤ 3 ਰੋਜ਼ਾ ਮਹਾਨ ਸ਼ਹੀਦੀ ਜੋੜ ਮੇਲਾ 2 ਸ੍ਰੀ ਅਖੰਡ ਪਾਠ ਸਾਹਿਬ ਦੇ ਨਾਲ ਆਰੰਭ ਹੋ ਗਿਆ। ਅਰਦਾਸ ਭਾਈ ਅਕਾਸ਼ਦੀਪ ਸਿੰਘ ਬਾਸਰਕੇ ਨੇ ਕੀਤੀ। ਇਕ ਜੂਨ ਨੂੰ ਰਾਤਰੀ ਦੇ ਦੀਵਾਨ ਸਜਾਏ ਜਾਣਗੇ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ 2 ਜੂਨ ਨੂੰ ਪਾਏ ਜਾਣਗੇ। ਉਪਰੰਤ ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਬੰਤਾ ਸਿੰਘ ਮੁੰਡਾ ਪਿੰਡ ਵਾਲੇ, ਕਵੀਸ਼ਰ ਪ੍ਰਿਤਪਾਲ ਸਿੰਘ ਬਰਗਾੜੀ, ਭਾਈ ਅਮਰਜੀਤ ਸਿੰਘ ਗਾਲਬ ਖੁਰਦ, ਭਾਈ ਸੁਖਦੇਵ ਸਿੰਘ ਨਡਾਲੋਂ, ਬਾਬਾ ਬੀਰਜਤਿੰਦਰ ਸਿੰਘ ਮਲਕਪੁਰ ਤੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ, ਗੁਰਮਤਿ ਵਿਚਾਰਾਂ ਤੇ ਢਾਡੀ ਵਾਰਾਂ ਰਾਹੀਂ ਨਿਹਾਲ ਕਰਨਗੇ। ਇਸ ਮੌਕੇ ਬਲਦੇਵ ਸਿੰਘ ਬਿੰਜੋਂ, ਸੁਖਦੇਵ ਸਿੰਘ ਬੱਬੂ ਨਰੂੜ, ਰਵਿੰਦਰ ਕੌਰ ਬਿੰਜੋਂ, ਰਾਜਦੀਪ ਕੌਰ ਨਰੂੜ, ਸਾਬਕਾ ਸਰਪੰਚ ਜਸਵੀਰ ਸਿੰਘ ਭੱਟੀ, ਬਾਬਾ ਜਰਨੈਲ ਸਿੰਘ ਨਡਾਲੋਂ, ਲਵਲੀਨ ਸਿੰਘ ਨਰੂੜ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਲਖਵਿੰਦਰ ਸਿੰਘ ਵਿੰਦਾ, ਧਰਮਿੰਦਰ ਸਿੰਘ ਸੋਨੂੰ, ਲਾਂਗਰੀ ਕਿਸ਼ਨ ਸਿੰਘ, ਬਾਬਾ ਵਿੰਦਰ ਸਿੰਘ, ਦਲਵੀਰ ਸਿੰਘ ਭੱਟੀ, ਭਾਈ ਅਕਾਸ਼ਦੀਪ ਸਿੰਘ ਬਾਸਰਕੇ, ਬਲਜਿੰਦਰ ਸਿੰਘ ਪੰਜੋੜ, ਕਿਰਪਾਲ ਸਿੰਘ ਅਜਨੋਹਾ, ਕਮਲਜੀਤ ਸਿੰਘ ਰਾਣਾ ਅਜਨੋਹਾ, ਗੋਰਾ, ਪ੍ਰਿੰਸਪਾਲ ਸਿੰਘ, ਮਨਪ੍ਰੀਤ ਸਿੰਘ ਧਰਦਿਓ, ਗੁਰਕੀਰਤ ਸਿੰਘ, ਪ੍ਰਭਦੀਪ ਸਿੰਘ ਪੰਜੋੜ, ਮਾ. ਇਕਬਾਲ ਸਿੰਘ ਅਜਨੋਹਾ, ਬਲਬੀਰ ਸਿੰਘ, ਦਲਜੀਤ ਸਿੰਘ ਰੁੱਪੋਵਾਲ ਆਦਿ ਹਾਜ਼ਰ ਸਨ।



## ਏ ਡੀ ਸੀ ਤੇ ਹੋਰ ਅਧਿਕਾਰੀਆਂ ਨੇ ਪੌਦੇ ਲਗਾ ਕੇ ਗ੍ਰੀਨ ਮੁਹਿੰਮ ਦੀ ਕੀਤੀ ਸ਼ੁਰੂਆਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਜ਼ਿਲ੍ਹੇ ਵਿਚ ਵੋਟਰਾਂ ਨੂੰ ਗ੍ਰੀਨ ਚੋਣਾਂ ਲਈ ਉਤਸ਼ਾਹਿਤ ਕਰਨ ਲਈ ਜਿਥੇ ਗ੍ਰੀਨ ਬੂਥ ਬਣਾਏ ਗਏ, ਉਥੇ ਲੋਕਾਂ ਨੂੰ ਵੀ ਪੌਦੇ ਲਗਾਉਣ ਲਈ ਉਤਸ਼ਾਹਿਤ ਕੀਤਾ ਗਿਆ। ਗ੍ਰੀਨ ਬੂਥ ਸੰਕਲਪ ਨੂੰ ਆਮ ਜਨਤਾ ਤੱਕ ਪਹੁੰਚਾਉਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਚ ਇਸ ਮੁਹਿੰਮ ਦੀ ਵਧੀਕ ਡਿਪਟੀ ਕਮਿਸ਼ਨਰ (ਜ) ਹੁਸ਼ਿਆਰਪੁਰ ਰਾਹੁਲ ਚਾਬਾ ਨੇ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ। ਹੁਸ਼ਿਆਰਪੁਰ ਦੀ ਪ੍ਰਮੁੱਖ ਇੰਡਸਟਰੀ ਸੋਨਾਲੀਕਾ ਉਦਯੋਗ ਸਮੂਹ ਦੇ ਪ੍ਰੋਜੈਕਟ 'ਆਈ ਲਵ ਹੁਸ਼ਿਆਰਪੁਰ' ਤਹਿਤ ਮਿੰਨੀ ਸਕੱਤਰੇਤ ਅਤੇ ਇਸ ਦੇ ਨਜ਼ਦੀਕ 50 ਪੌਦੇ ਲਗਾਏ ਗਏ। ਇਸ ਤੋਂ ਇਲਾਵਾ ਹੁਸ਼ਿਆਰਪੁਰ ਦੇ ਗ੍ਰੀਨ ਬੂਥ ਮਹਿਲਾਂਵਾਲੀ ਵਿਚ ਤਕਰੀਬਨ 20 ਪੌਦੇ ਲਗਾਏ ਗਏ।ਚਾਬਾ ਨੇ ਦੱਸਿਆ ਕਿ ਹਰ ਗ੍ਰੀਨ ਬੂਥ 'ਤੇ 300 ਪੌਦੇ ਰੱਖੇ ਗਏ ਤੇ ਇਹ ਪੌਦੇ ਵੋਟਰਾਂ ਨੂੰ ਤੋਹਫੇ ਦੇ ਰੂਪ ਵਿਚ ਭੇਟ ਕੀਤੇ । ਉਨ੍ਹਾਂ ਦੱਸਿਆ ਕਿ ਹਰੇਕ ਵਿਧਾਨ ਸਭਾ ਹਲਕੇ ਵਿਚ ਦੋ-ਦੋ ਬੂਥ ਵਿਸ਼ੇਸ਼ ਰੂਪ ਨਾਲ ਸਜਾਏ ਗਏ ਅਤੇ ਸੈਲਫੀ ਪੁਆਇੰਟ ਵੀ ਲਗਾਏ ਗਏ। ਵਿਧਾਨ ਸਭਾ ਖੇਤਰ ਹੁਸ਼ਿਆਰਪੁਰ ਵਿਚ ਮਹਿਲਾਂਵਾਲੀ, ਮੁਕੇਰੀਆਂ ਵਿਚ ਹਰਸੇ ਮਾਨਸਰ, ਚੱਬੇਵਾਲ ਵਿਚ ਹੰਦੋਵਾਲ ਕਲਾਂ, ਉੜਮੁੜ ਵਿਚ ਦੇਹਰੀਵਾਲ, ਵਾਰਡ ਨੰਬਰ 8 ਮਾਹਿਲਪੁਰ, ਨੂਰਪੁਰ ਜੱਟਾਂ, ਪਦਰਾਣਾ, ਨਗਰ ਨਿਗਮ ਦਫ਼ਤਰ ਕਸਬਾ ਗੜ੍ਹਸ਼ੰਕਰ ਵਿਚ ਗ੍ਰੀਨ ਬੂਥ ਬਣਾਏ ਗਏ ਜਿਥੇ ਵੋਟਰਾਂ ਨੂੰ ਪੌਦੇ ਦੇ ਕੇ ਸਨਮਾਨਤ ਕੀਤਾ ਗਿਆ । ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ, ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ, ਪ੍ਰਿੰਸੀਪਲ ਰਾਕੇਸ਼ ਕੁਮਾਰ, ਸਹਾਇਕ ਨੋਡਲ ਅਫ਼ਸਰ ਮੀਡੀਆ ਕਮਿਊਨਿਕੇਸ਼ ਰਜਨੀਸ਼ ਕੁਮਾਰ ਗੁਲਿਆਨੀ, ਨੀਰਜ ਧੀਮਾਨ, ਬਲਜੀਤ ਸਿੰਘ, ਯਾਦਵਿੰਦਰ ਸਿੰਘ ਅਸਿਸਟੈਂਟ ਮੈਨੇਜਰ ਸੋਨਾਲੀਕਾ, ਰੇਖਾ ਸ਼ਰਮਾ ਅਸਿਸਟੈਂਟ ਮੈਨੇਜਰ ਸੋਨਾਲੀਕਾ, ਅਮਿਤ ਗਿੱਲ, ਅੰਜੂ ਸੈਣੀ, ਵੰਦਨਾ, ਤ੍ਰਿਭੁਵਨ ਪ੍ਰਸਾਦ, ਸੁਮਿਤ, ਵਿਜੇ, ਅਮਰਪਾਲ, ਵਿਨੋਦ, ਨਰੇਸ਼ ਆਦਿ ਵੀ ਮੌਜੂਦ ਸਨ।

# ਐੱਸ ਡੀ ਕਾਲਜ ਵਿਖੇ ਮਹੀਨੇ ਦਾ ਹੁਨਰ-ਮੁਖੀ ਕੋਰਸ ਕਰਵਾਇਆ




**ਜਲੰਧਰ (ਇਕਬਾਲ ਸਿੰਘ ਉਭੀ)**- ਸਥਾਨਕ ਪੀ.ਸੀ.ਐਮ.ਐਸ.ਡੀ. ਕਾਲਜ ਲੜਕੀਆਂ ਦੇ ਪੀਜੀ ਡਿਪਾਰਟਮੈਂਟ ਆਫ ਕਾਮਰਸ ਐਂਡ ਮੈਨੇਜਮੈਂਟ ਨੇ 29 ਅਪ੍ਰੈਲ ਤੋਂ 29 ਮਈ, 2024 ਤੱਕ ਟੈਲੀ ਪ੍ਰਾਈਮ 2.1 (ਅਕਾਊਂਟਿੰਗ ਸੌਫ਼ਟਵੇਅਰ) 'ਤੇ ਇੱਕ ਮਹੀਨੇ ਦਾ ਮੁਫ਼ਤ ਹੁਨਰ-ਮੁਖੀ ਕੋਰਸ ਆਯੋਜਿਤ ਕੀਤਾ। ਇਹ ਕਲਾਸਾਂ ਉਨ੍ਹਾਂ ਵਿਦਿਆਰਥੀਆਂ ਲਈ ਸਨ ਜਿਨ੍ਹਾਂ ਨੇ ਕਾਮਰਸ ਪੂਰਾ ਕੀਤਾ ਹੈ। ਕੋਰਸ ਨੇ ਸੌਫਟਵੇਅਰ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ, ਜਿਸ ਵਿੱਚ ਸ਼ਾਰਟਕੱਟ ਕੁੰਜੀਆਂ, ਗੇਟਵੇ ਆਫ ਟੈਲੀ ਸਕ੍ਰੀਨ, ਅਤੇ ਗੇਟਵੇ ਆਫ ਟੈਲੀ ਮੀਨੂ ਵਿਕਲਪ ਸ਼ਾਮਲ ਹਨ। ਵਿਦਿਆਰਥੀਆਂ ਨੂੰ ਕੰਪਨੀਆਂ, ਲੇਜ਼ਰ ਅਤੇ ਵਾਊਚਰ ਐਂਟਰੀਆਂ ਬਣਾਉਣ, ਬਦਲਣ ਅਤੇ ਮਿਟਾਉਣ ਦੇ ਕਦਮ ਸਿਖਾਏ ਗਏ ਸਨ। ਉਨ੍ਹਾਂ ਨੇ ਟੈਲੀ ਈਆਰਪੀ 9 ਅਤੇ ਟੈਲੀ ਪ੍ਰਾਈਮ 2.1 ਦੋਵਾਂ ਵਿੱਚ ਇੱਕ ਡੇ ਬੁੱਕ, ਟ੍ਰਾਇਲ ਬੈਲੇਂਸ, ਲਾਭ ਅਤੇ ਨੁਕਸਾਨ ਖਾਤਾ, ਬੈਲੇਂਸ ਸ਼ੀਟ, ਅਤੇ ਅਨੁਪਾਤ ਤਿਆਰ ਕਰਨ ਵਿੱਚ ਹੱਥੀਂ ਸਿਖਲਾਈ ਵੀ ਪ੍ਰਾਪਤ ਕੀਤੀ। ਇਸ ਸਿਖਲਾਈ ਨੇ ਈ-ਵੇਅ ਬਿੱਲਾਂ ਅਤੇ ਈ-ਇਨਵੌਇਸਾਂ ਨੂੰ ਤੁਰੰਤ ਤਿਆਰ ਕਰਨ ਦੀ ਸਹੂਲਤ ਦਿੱਤੀ। ਹੁਨਰ-ਮੁਖੀ ਕੋਰਸ ਵਿਦਿਆਰਥੀਆਂ ਨੂੰ ਰੋਜ਼ਾਨਾ ਆਧਾਰ 'ਤੇ ਖਾਤੇ ਤਿਆਰ ਕਰਨ ਅਤੇ ਸਾਂਭਣ ਲਈ ਤਕਨਾਲੋਜੀ ਦੀ ਵਰਤੋਂ ਕਰਨ ਦਾ ਵਿਹਾਰਕ ਅਨੁਭਵ ਪ੍ਰਦਾਨ ਕਰਦਾ ਹੈ। ਕੋਰਸ ਵਿੱਚ ਕੁੱਲ 42 ਵਿਦਿਆਰਥੀਆਂ ਨੇ ਦਾਖਲਾ ਲਿਆ ਅਤੇ ਸਮਾਪਤੀ ਵਾਲੇ ਦਿਨ 21 ਵਿਦਿਆਰਥੀਆਂ ਨੂੰ ਕੋਰਸ ਪੂਰਾ ਹੋਣ ਦੇ ਸਰਟੀਫਿਕੇਟ ਦਿੱਤੇ ਗਏ।ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ ਸਮੇਤ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਅਤੇ ਪ੍ਰਿੰਸੀਪਲ ਨੇ ਇਸ ਵਿੱਚ ਸ਼ਾਮਲ ਸਾਰਿਆਂ ਨੂੰ ਵਧਾਈ ਦਿੱਤੀ।

## ਸੇਂਟ ਸੋਲਜਰ ਕਾਲਜ ਆਫ ਐਜੂਕੇਸ਼ਨ ਵਿਖੇ ਨੋ ਤੰਬਾਕੂ ਦਿਵਸ 'ਤੇ ਸੈਮੀਨਾਰ



**ਜਲੰਧਰ** : ਸੇਂਟ ਸੋਲਜ਼ਰ ਕਾਲਜ ਆਫ ਐਜੂਕੇਸ਼ਨ,ਜਲੰਧਰ ਵਿਖੇ ਐਨ ਐਸ ਐਸ ਵਿਭਾਗ ਵੱਲੋਂ ਨੋ ਤੰਬਾਕੂ ਦਿਵਸ ਦੇ ਸੰਬੰਧ ਵਿੱਚ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੌਰਾਨ ਕਾਲਜ ਦੇ ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਜਿਸ ਵਿੱਚ ਅਧਿਆਪਕ ਜਸਕੀਰਤ ਕੌਰ ਨੇ ਪਾਵਰ ਪਵਾਇੰਟ ਪ੍ਰੈਸਨਟੇਸ਼ਨ ਨਾਲ ਤੰਬਾਕੂ ਦੇ ਬੁਰੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਵਿਦਿਆਰਥੀਆਂ ਨੂੰ ਸਰੀਰਕ ਸ਼ਕਤੀ ਦਾ ਪ੍ਰਦਰਸ਼ਨ ਕਰਨ ਲਈ ਕਸਰਤ ਅਤੇ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਮਾਨਸਿਕ ਤੌਰ ਤੇ ਤੰਦਰੁਸਤ ਰਹਿ ਸਕਣ। ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਨਰੋਈ ਸਿਹਤ ਦਾ ਮਹੱਤਵ ਦੱਸਿਆ ਕਿਉਂਕਿ ਦੇਸ਼ ਦਾ ਆਉਣ ਵਾਲਾ ਭਵਿੱਖ ਅੱਜ ਦੇ ਨੌਜਵਾਨ ਹੀ ਹਨ। ਇਸ ਸੈਮੀਨਾਰ ਦੇ ਦੌਰਾਨ ਵਿਦਿਆਰਥੀਆਂ ਨੂੰ ਤੰਬਾਕੂ ਦੀ ਵਰਤੋਂ ਨਾ ਕਰਨ ਦੀ ਸਹੁੰ ਵੀ ਚੁਕਾਈ ਗਈ । ਪ੍ਰੋਗਰਾਮ ਦੀ ਰਹਿਨੁਮਾਈ ਕਾਲਜ ਪ੍ਰਿੰਸੀਪਲ ਡਾ.ਅਲਕਾ ਗੁਪਤਾ ਦੁਆਰਾ ਕੀਤੀ ਗਈ । ਇਸ ਸੈਮੀਨਾਰ 'ਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਕਮਲਜੀਤ ਲਾਲੀ ਯੂਥ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਨਿਯੁਕਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਕਮਲਜੀਤ ਲਾਲੀ ਯੂਥ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਬਣਨ 'ਤੇ ਨਿਯੁਕਤੀ ਪੱਤਰ ਸੌਂਪਿਆ ਗਿਆ।ਨੌਜਵਾਨ ਵਰਗ ਦਾ ਅਕਾਲੀ ਦਲ ਵੱਲ ਰੁਝਾਨ ਸ਼ੁੱਭਸੰਕੇਤ-ਵਰਿੰਦਰ ਬਾਜਵਾ, ਠੰਡਲ ਹੁਸ਼ਿਆਰਪੁਰ ਨੌਜਵਾਨ ਵਰਗ ਦਾ ਅਕਾਲੀ ਦਲ ਵੱਲ ਰੁਝਾਨ ਇਸ ਗੱਲ 'ਤੇ ਮੋਹਰ ਹੈ ਕਿ ਆਉਣ ਵਾਲੀ ਸਮਾਂ ਅਕਾਲੀ ਦਲ ਦਾ ਹੈ। ਇਹ ਪ੍ਰਗਟਾਵਾ ਸਾਬਕਾ ਸੰਸਦ ਮੈਂਬਰ ਵਰਿੰਦਰ ਸਿੰਘ ਬਾਜਵਾ, ਹੁਸ਼ਿਆਰਪੁਰ ਤੋਂ ਪਾਰਟੀ ਉਮੀਦਵਾਰ ਸੋਹਣ ਸਿੰਘ ਠੰਡਲ, ਹਰਸਿਮਰਨ ਸਿੰਘ ਬਾਜਵਾ ਅਬਜਰਵਰ ਯੂਥ ਅਕਾਲੀ ਦਲ ਹਲਕਾ ਹੁਸ਼ਿਆਰਪੁਰ ਵੱਲੋਂ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਨੌਜਵਾਨ ਸ਼ਕਤੀ ਹੀ ਕਿਸੇ ਵੀ ਸੰਗਠਨ ਦੀ ਅਸਲੀ ਤਾਕਤ ਹੁੰਦੀ ਹੈ ਤੇ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਜਿਸ ਤਰ੍ਹਾਂ ਨੌਜਵਾਨ ਵਰਗ ਖੁੱਲ੍ਹ ਕੇ ਅਕਾਲੀ ਦਲ ਦੇ ਹੱਕ ਵਿੱਚ ਖੜ੍ਹਾ ਹੋਇਆ ਹੈ ਉਸ ਨੇ ਵਿਰੋਧੀ ਧਿਰਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਇਸ ਸਮੇਂ ਹਰਸਿਮਰਨ ਬਾਜਵਾ ਨੇ ਕਿਹਾ ਕਿ ਕਮਲਜੀਤ ਲਾਲੀ ਪਿਛਲੇ ਲੰਬੇ ਸਮੇਂ ਤੋਂ ਪਾਰਟੀ ਦੀ ਬੇਹਤਰੀ ਲਈ ਕੰਮ ਕਰ ਰਹੇ ਹਨ ਤੇ ਹੁਣ ਪਾਰਟੀ ਵੱਲੋਂ ਇਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ ਤੇ ਸਾਨੂੰ ਪੂਰਾ ਵਿਸ਼ਵਾਸ਼ ਹੈ ਕਿ ਲਾਲੀ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਸਮੇਂ ਕਮਲਜੀਤ ਸਿੰਘ ਲਾਲੀ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਮੇਹਨਤ ਨਾਲ ਨਿਭਾਇਆ ਜਾਵੇਗਾ। ਇਸ ਮੌਕੇ ਨਿਰਮਲ ਸਿੰਘ ਭੀਲੋਵਾਲ, ਸਤਨਾਮ ਸਿੰਘ ਬੰਟੀ ਚੱਗਰਾ, ਮਨਦੀਪ ਸਿੰਘ ਸੰਧੂ ਆਦਿ ਵੀ ਹਾਜਰ ਸਨ।

## ਜਨਮ ਦਿਨ ਮੁਬਾਰਕ



ਇਵਾਨਬੀਰ ਸਿੰਘ ਭੁੱਲਰ, ਪਿੰਡ ਕੰਦੂਖੇੜਾ



ਅਸੀਂ ਆਪਣਾ ਫਰਜ਼ ਨਿਭਾ ਦਿੱਤਾ, ਤੁਸੀਂ ਵੀ ਆਪਣਾ ਫਰਜ਼ ਦੇਸ਼ ਦੀ ਤਰੱਕੀ ਖੁਸ਼ਹਾਲੀ ਲਈ ਜ਼ਰੂਰ ਨਿਭਾਉਣਾ। (ਫੋਟੋ ਤੇ ਵੇਰਵਾ : ਬੀ ਐਸ ਸੈਣੀ)

# ਝਗੜੇ 'ਚ ਜ਼ਖਮੀ ਹੋਏ ਹਿਮਾਂਸ਼ੂ ਦੀ ਖਬਰ ਲੈਣ ਸਿਵਲ ਹਸਪਤਾਲ ਪਹੁੰਚੀ ਉਮੀਦਵਾਰ ਯਾਮਿਨੀ ਗੋਮਰ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਲੋਕ ਸਭਾ ਹਲਕਾ ਹੁਸ਼ਿਆਰਪੁਰ ਅਧੀਨ ਆਉਂਦੇ ਵਿਧਾਨ ਸਭਾ ਹਲਕਾ ਸ਼ਾਮ 84 ਦੇ ਕਸਬਾ ਹਰਿਆਣਾ ਵਿੱਚ ਬੂਥ ਨੰਬਰ 81, 82, 83 ਦੇ ਸਾਹਮਣੇ ਥਾਣਾ ਹਰਿਆਣਾ ਦੇ ਬਾਹਰ ਬਣੇ ਹੋਏ ਸਿਆਸੀ ਪਾਰਟੀਆਂ ਦੇ ਬੂਥ ਉੱਪਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਸਮਰਥਕਾਂ ਦਰਮਿਆਨ ਝਗੜੇ ਵਿੱਚ ਜ਼ਖਮੀ ਹੋਏ ਹਿਮਾਂਸ਼ੂ ਨੂੰ ਭੂੰਗਾ ਦੇ ਹਸਪਤਾਲ ਵੱਲੋਂ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ। ਜਿੱਥੇ ਕਾਂਗਰਸ ਪਾਰਟੀ ਦੇ ਉਮੀਦਵਾਰ ਯਾਮਨੀ ਗੋਮਰ ਵੀ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਜ਼ਖਮੀ ਹੋਏ ਹਿਮਾਂਸ਼ੂ ਦਾ ਹਾਲ ਚਾਲ ਪੁੱਛਿਆ। ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਬੇਸ਼ੱਕ ਦੋਵੇਂ ਧਿਰਾਂ ਦੀ ਪੁਰਾਣੀ ਰੰਜਿਸ਼ ਸੀ ਪਰ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਸਮਰਥਕ ਮਿੰਟੂ ਅਤੇ ਉਸ ਦੇ ਪੁੱਤਰ ਦਾ ਲੜਾਈ ਝਗੜਾ ਹੋਇਆ ਤੇ ਕਿਸੇ ਤੇਜ਼ਧਾਰ ਹਥਿਆਰ ਨਾਲ ਉਸ ਦੇ ਪਿੱਛੋਂ ਸਿਰ 'ਤੇ ਵਾਰ ਵੀ ਕੀਤਾ ਗਿਆ। ਯਾਮਿਨੀ ਗੋਮਰ ਨੇ ਦੱਸਿਆ ਕਿ ਮੌਕੇ ਦੀ ਵੀਡੀਓ ਵੀ ਉਨ੍ਹਾਂ ਕੋਲ ਹੈ ਜਿਸ ਵਿੱਚ ਆਪ ਸਮਰਥਕਾਂ ਦੇ ਹੱਥਾਂ ਵਿੱਚ ਤੇਜ਼ਧਾਰ ਹਥਿਆਰ ਨਜ਼ਰ ਆ ਰਿਹਾ ਹੈ ਅਤੇ ਜਾਂਦੇ ਹੋਏ ਉਸ ਨੂੰ ਦੇਖ ਲੈਣ ਦੀਆਂ ਧਮਕੀਆਂ ਵੀ ਦੇ ਕੇ ਗਏ। ਸਿਵਲ ਹਸਪਤਾਲ ਵਿੱਚ ਜ਼ਖਮੀ ਹਿਮਾਂਸ਼ੂ ਦੇ ਬਿਆਨ ਲੈਣ ਲਈ ਥਾਣਾ ਹਰਿਆਣਾ ਦੇ ਐਸ ਐਚ ਓ ਇੰਸਪੈਕਟਰ ਸਤਵਿੰਦਰ ਸਿੰਘ ਸਮੇਤ ਪੁਲਸ ਕਰਮਚਾਰੀਆਂ ਪਹੁੰਚੇ ਅਤੇ ਸਾਰੇ ਮਾਮਲੇ ਦੀ ਜਾਣਕਾਰੀ ਲਈ। ਇਸ ਦੌਰਾਨ ਐਸ ਪੀ ਹੈਡ ਕੁਆਰਟਰ ਮਨੋਜ ਕੁਮਾਰ ਵੀ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਦਾ ਭਰੋਸਾ ਦਿੱਤਾ। ਇਸ ਮੌਕੇ ਐਸ ਐਚ ਓ ਇੰਸਪੈਕਟਰ ਸਤਵਿੰਦਰ ਨੇ ਦੱਸਿਆ ਕਿ ਦੋਵਾਂ ਧਿਰਾਂ ਵਿੱਚ ਝੜਪ ਹੋਈ ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸਮਰਥਕ ਮਿੰਟੂ ਅਤੇ ਉਸ ਦਾ ਪੁੱਤਰ ਵੀ ਜ਼ਖਮੀ ਹੋਇਆ, ਜਿਨ੍ਹਾਂ ਨੂੰ ਭੂੰਗਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਦਰਮਿਆਨ ਪੁਰਾਣੀ ਰੰਜਿਸ਼ ਦੇ ਚਲਦਿਆਂ ਇਹ ਝਗੜਾ ਹੋਇਆ ਅਤੇ ਪੂਰੀ ਜਾਂਚ ਉਪਰੰਤ ਦੋਵਾਂ ਧਿਰਾਂ ਦੇ ਬਿਆਨ ਲੈਣ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

# ਬੂਥ ਦੁਰਗਾਪੁਰ 'ਚ ਵੋਟਰਾਂ ਦੀ ਲੱਗੀ ਰੌਣਕ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਨਜ਼ਦੀਕੀ ਪਿੰਡ ਦੁਰਗਾਪੁਰ ਲੋਕ ਸਭਾ ਚੋਣਾਂ ਦੌਰਾਨ ਪਿੰਡ ਵਾਸੀਆਂ ਬੜੇ ਉਤਸ਼ਾਹ ਨਾਲ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਇਥੇ ਵੋਟ ਪਾਉਣ ਦੇ ਸਮੇਂ ਤੋਂ ਸ਼ੁਰੂ ਵੇਲੇ ਹੀ ਰੌਣਕ ਛਾਈ ਰਹੀ। ਲੋਕਾਂ ਵਿਚ ਉਤਸ਼ਾਹ ਦੇਖਣ ਨੂੰ ਮਿਲਿਆ। ਪਿੰਡ ਦੇ ਬੀ ਐਲ ਓ ਤੇ ਵਲੰਟੀਅਰਜ਼ ਦੀ ਸੇਵਾ ਖਿੱਚ ਦਾ ਕੇਂਦਰ ਰਹੀ। ਜ਼ਿਆਦਾ ਉਮਰ ਦੇ ਵੋਟਰਾਂ ਨੂੰ ਵ੍ਹੀਲ ਚੇਅਰ ਦੀ ਸੇਵਾ ਮੁੱਹਈਆ ਕਰਵਾਈ ਗਈ।

# ਡੀ ਸੀ ਆਸ਼ਿਕਾ ਜੈਨ ਨੇ ਸਰਕਾਰੀ ਹਾਈ ਸਕੂਲ 'ਚ ਲੜਕੀਆਂ ਨਾਲ ਗਿੱਧਾ ਪਾ ਕੇ ਲੋਕਤੰਤਰ ਦਾ ਤਿਉਹਾਰ ਮਨਾਇਆ



ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸ਼ਨੀਵਾਰ ਸਰਕਾਰੀ ਹਾਈ ਸਕੂਲ, ਫੇਜ਼ 5, ਮੋਹਾਲੀ ਵਿਖੇ ਆਪਣੀ ਵੋਟ ਪਾਈ ਅਤੇ ਵੋਟਰਾਂ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਜਸ਼ਨਾਂ ਦਾ ਹਿੱਸਾ ਬਣਨ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ 'ਚ ਮਾਣ ਮਹਿਸੂਸ ਕਰਨ ਲਈ ਆਖਿਆ।ਉਨ੍ਹਾਂ ਕਿਹਾ ਕਿ ਵੋਟ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਤਹਿਤ ਸਾਨੂੰ ਦਿੱਤਾ ਗਿਆ ਇੱਕ ਅਹਿਮ ਅਧਿਕਾਰ ਹੈ, ਇਸ ਲਈ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਵੋਟ ਦਾ ਇਸਤੇਮਾਲ ਕਰਕੇ ਲੋਕਤੰਤਰ ਦਾ ਸਤਿਕਾਰ ਕਰੀਏ। ਉਨ੍ਹਾਂ ਦੱਸਿਆ ਕਿ ਅੱਜ 825 ਬੂਥਾਂ (7 ਸਹਾਇਕ ਬੂਥਾਂ ਸਮੇਤ) 'ਤੇ ਸਾਰੇ ਪ੍ਰਬੰਧ ਮੁਕੰਮਲ ਸਨ ਅਤੇ ਗਰਮੀ ਦੀ ਲਹਿਰ ਕਾਰਨ ਵੋਟਰਾਂ ਨੇ ਸਵੇਰ ਤੋਂ ਹੀ ਪੋਲਿੰਗ ਬੂਥਾਂ 'ਤੇ ਕਤਾਰਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।ਡਿਪਟੀ ਕਮਿਸ਼ਨਰ ਨੇ ਪੋਲਿੰਗ ਬੂਥ 'ਤੇ ਦਾਖਲ ਹੋਣ ਸਮੇਂ ਵੋਟਰਾਂ ਦੀ ਸਹੂਲਤ ਲਈ ਤਾਇਨਾਤ ਸਮੂਹ ਸਟਾਫ਼ ਜਿਨ੍ਹਾਂ ਵਿੱਚ ਬੂਥ ਲੈਵਲ ਅਫ਼ਸਰ, ਆਸ਼ਾ ਅਤੇ ਆਂਗਣਵਾੜੀ ਵਰਕਰਾਂ, ਵਲੰਟੀਅਰਾਂ ਅਤੇ ਸਵੀਪ ਟੀਮ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ ਅਤੇ ਬੂਥਾਂ 'ਤੇ ਜਾ ਕੇ ਵੋਟਰਾਂ ਨੂੰ ਵੋਟ ਪਾਉਣ ਵਿੱਚ ਮਦਦ ਕਰਨ ਲਈ ਉਨ੍ਹਾਂ ਦੇ ਉਤਸ਼ਾਹ ਦੀ ਸ਼ਲਾਘਾ ਕੀਤੀ।ਉਨ੍ਹਾ ਗਿੱਧਾ ਪਾ ਰਹੀਆਂ ਲੜਕੀਆਂ ਨਾਲ ਨੱਚ ਕੇ ਲੋਕਤੰਤਰ ਦੇ ਤਿਉਹਾਰ ਦੀ ਖੁਸ਼ੀ ਮਨਾਈ। ਉਨ੍ਹਾ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਦੋ ਸੁਪਰ ਮਾਡਲ, 30-ਮਾਡਲ, 03-3 ਪਿੰਕ, ਪੀਡਬਲਿਊਡੀ ਅਤੇ ਯੂਥ ਬੂਥ ਤੋਂ ਇਲਾਵਾ ਹਰੇਕ ਹਲਕੇ ਵਿੱਚ ਇੱਕ ਇੱਕ ਗਰੀਨ ਬੂਥ ਸਥਾਪਤ ਕੀਤੇ ਗਏ ਤਾਂ ਜੋ ਪੋਲਿੰਗ ਪ੍ਰਕਿਰਿਆ ਵਿੱਚ ਲੱਗੀਆਂ ਸਾਰੀਆਂ ਪੋਲਿੰਗ ਪਾਰਟੀਆਂ ਦਾ ਅਤੇ ਵੋਟਰਾਂ ਦਾ ਮਨੋਬਲ ਵਧਾਇਆ ਜਾ ਸਕੇ।



ਲੋਕ ਸਭਾ ਚੋਣਾਂ-2024 ਸੰਬੰਧੀ ਸ਼ਨੀਵਾਰ ਪੰਜਾਬ ਸੂਬੇ ਵਿੱਚ ਵੋਟਾਂ ਪਾਈਆਂ ਗਈਆਂ। ਇਸ ਤਹਿਤ ਜ਼ਿਲ੍ਹਾ ਜਲੰਧਰ ਦੇ ਪਿੰਡ ਥਾਬਲਕੇ ਵਿਖੇ ਕਾਂਗਰਸ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ (ਸਾਬਕਾ ਮੁੱਖ ਮੰਤਰੀ) ਦੀ ਹਮਾਇਤ 'ਚ ਲਾਏ ਚੋਣ ਬੂਥ ਦੌਰਾਨ ਕਾਂਗਰਸ ਵਰਕਰ ਤੇ ਹਮਾਇਤੀ।



**ਸਿਖਰ ਦੁਪਹਿਰੇ ਤਿੱਖੜ ਧੁੱਪਾਂ ਕੌਣ ਗਰਮੀ ਨੂੰ ਝੱਲੇ**

ਭਰ ਗਰਮੀ ਕਾਰਨ ਹਾਲੋਂ ਬੇਹਾਲ ਹੋਏ ਵਲੰਟੀਅਰਾਂ ਦੀ ਗੈਰਹਾਜ਼ਰੀ ਦੇ ਚਲਦਿਆਂ ਹੁਸ਼ਿਆਰਪੁਰ 'ਚ ਮੂੰਹ ਚਿੜਾਉਂਦਾ ਹੋਇਆ ਸਿਆਸੀ ਪਾਰਟੀ ਦਾ ਖਾਲੀ ਪਿਆ ਬੂਥ। (ਫੋਟੋ ਤੇ ਵੇਰਵਾ : ਬੀ ਐਸ ਸੈਣੀ)



ਜਲੰਧਰ ਵਿਖੇ ਲੱਧੇਵਾਲੀ ਸਰਕਾਰੀ ਸਕੂਲ ਦੇ ਬੂਥ ਤੇ ਕਰੋਲ ਬਾਗ ਡਿਪਸ ਸਕੂਲ ਦੇ ਬੂਥ ਵਿਖੇ ਲੋਕ ਸਭਾ ਚੋਣ ਦੌਰਾਨ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਸਰਟੀਫਿਕੇਟ ਤੇ ਫ਼ਿਲਮ ਦੀ ਟਿਕਟ ਦਿੰਦੇ ਹੋਏ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ। (ਫੋਟੋ ਤੇ ਵੇਰਵਾ : ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ )



ਜਲੰਧਰ ਦੇ ਅਪਾਹਜ ਆਸ਼ਰਮ ਵਿਖੇ ਸਰੀਰਕ ਤੌਰ 'ਤੇ ਅਸਮਰੱਥ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨੂੰ ਸਰਟੀਫਿਕੇਟ ਦਿੰਦੇ ਹੋਏ ਡਿਪਟੀ ਕਮਿਸ਼ਨਰ ਡਾ ਹਿਮਾਂਸ਼ੂ ਅਗਰਵਾਲ। ( ਫੋਟੋ ਤੇ ਵੇਰਵਾ : ਸ਼ੈਲੀ ਐਲਬਰਟ)



ਫਗਵਾੜਾ ਦੇ ਪਿੰਡ ਡਾਕਟਰ ਬੀ ਆਰ ਅੰਬੇਡਕਰ ਨਗਰ ਢੱਡੇ ਵਿਖੇ ਲੋਕ ਸਭਾ ਚੋਣਾਂ ਲਈ 18 ਸਾਲਾਂ ਦੀ ਲੜਕੀ ਜਸਪ੍ਰੀਤ ਕੌਰ ਨੂੰ ਪਹਿਲੀ ਵਾਰ ਵੋਟ ਪਾਉਣ 'ਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕਰਦੇ ਹੋਏ ਅਧਿਕਾਰੀ। (ਤਸਵੀਰ ਤੇ ਵੇਰਵਾ ਜਸਵਿੰਦਰ ਢੱਡਾ )



ਆਪਣੇ ਪੋਲਿੰਗ ਬੂਥ 'ਤੇ ਵੋਟ ਪਾਉਣ ਤੋਂ ਬਾਅਦ ਉਂਗਲ ਦਾ ਨਿਸ਼ਾਨ ਦਿਖਾਉਂਦੇ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਬਾਰ ਐਸੋਸ਼ੀਏਸ਼ਨ,ਉਮੀਦਵਾਰ ਬਸਪਾ ਹੁਸ਼ਿਆਰਪੁਰ ਨਾਲ ਉਨਾਂ ਦੀ ਧਰਮ ਸੁਪਤਨੀ ਸ੍ਰੀਮਤੀ ਨੀਲਮ ਰਾਣੀ। (ਫੋਟੋ ਤੇ ਵੇਰਵਾ : ਓਮ ਪ੍ਰਕਾਸ਼ ਰਾਣਾ)



ਤੁਹਾਡੀ ਵੋਟ, ਤੁਹਾਡੀ ਆਵਾਜ਼। ਆਪਣੀ ਵੋਟ ਜ਼ਰੂਰ ਪਾਓ। ਮੇਹਰਚੰਦ ਪੋਲੀਟੈਕਨਿਕ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਆਪਣੀ ਵੋਟ ਪਾਉਣ ਤੋਂ ਬਾਅਦ ਵਿਦਿਆਰਥੀਆਂ ਅਤੇ ਆਮ ਨਾਗਰਿਕਾਂ ਨੂੰ ਜਾਗਰੂਕ ਕਰਦੇ ਹੋਏ। ( ਫੋਟੋ ਤੇ ਵੇਰਵਾ : ਸ਼ੈਲੀ ਐਲਬਰਟ )



ਪਿੰਡ ਅਕਲਪੁਰ ਦੇ ਸਰਪੰਚ ਪਰਮਜੀਤ ਸਿੰਘ ਦੇ ਦਾਦੀ ਮਾਤਾ ਸਰਦਾਰਨੀ ਜਗੀਰ ਕੌਰ (106) ਵੋਟ ਪਾ ਕੇ ਪੋਲਿੰਗ ਬੂਥ ਤੋਂ ਬਾਹਰ ਆਉਂਦੇ ਹੋਏ। (ਫੋਟੋ ਤੇ ਵੇਰਵਾ : ਬੀ ਐਸ ਕੈਨੇਡੀ)



ਕਾਂਗਰਸੀ ਆਗੂ ਅਸ਼ਵਨ ਭੱਲਾ ਵੋਟ ਪਾ ਕੇ ਬਾਹਰ ਆਉਂਦੇ ਹੋਏ। (ਫੋਟੋ ਤੇ ਵੇਰਵਾ : ਕੁਲਵੀਰ ਸਿੰਘ, ਭੋਗਪੁਰ)

# ਵਡਾਲਾ ਵਿਖੇ ਝਗੜੇ ਸੰਬੰਧੀ 4 ਵਿਰੁੱਧ ਪਰਚਾ ਦਰਜ

ਆਦਮਪੁਰ (ਪਰਮਜੀਤ ਸਿੰਘ)-ਲੋਕ ਸਭਾ ਚੋਣਾਂ ਦੌਰਾਨ ਆਦਮਪੁਰ ਵਿਧਾਨ ਸਭਾ ਹਲਕੇ ਦੇ ਬੂਥ ਵਡਾਲਾ ਨੇੜੇ ਹੋਏ ਝਗੜੇ ਸਬੰਧੀ ਜਲੰਧਰ ਦਿਹਾਤੀ ਪੁਲਸ ਵੱਲੋਂ ਪਰਚਾ ਦਰਜ ਕਰ ਲਿਆ ਗਿਆ ਹੈ।ਜ਼ਿਲ੍ਹਾ ਚੋਣ ਅਫਸਰ ਡਾ ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਤਕਰਾਰ ਨੂੰ ਸੁਰੱਖਿਆ ਦਸਤਿਆਂ ਵੱਲੋਂ ਰੋਕਿਆ ਗਿਆ। ਇਸ ਉਪਰੰਤ ਆਦਮਪੁਰ ਪੁਲਸ ਵੱਲੋਂ ਸੰਬੰਧਿਤਾਂ ਦੇ ਬਿਆਨ ਦਰਜ ਕਰਕੇ ਪੜਤਾਲ ਉਪਰੰਤ ਤਜਿੰਦਰ ਸਿੰਘ ਦੀ ਸ਼ਿਕਾਇਤ ਉੱਪਰ 4 ਵਿਅਕਤੀਆਂ ਵਿਰੁੱਧ ਥਾਣਾ ਆਦਮਪੁਰ ਵਿਖੇ ਪਰਚਾ ਦਰਜ ਕਰ ਲਿਆ ਹੈ।ਜਿਨ੍ਹਾਂ ਵਿਰੁੱਧ ਪਰਚਾ ਦਰਜ ਕੀਤਾ ਹੈ ਉਨਾਂ ਵਿੱਚ ਭੁਪਿੰਦਰ ਸਿੰਘ ਪੁੱਤਰ ਰਣਜੀਤ ਸਿੰਘ, ਹਰਜਿੰਦਰ ਸਿੰਘ ਪੁੱਤਰ ਰਣਜੀਤ ਸਿੰਘ, ਰਣਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਸਾਰੇ ਵਾਸੀ ਪਿੰਡ ਵਡਾਲਾ ਤੇ ਜਸਵੰਤ ਰਾਮ ਪੁੱਤਰ ਹਜ਼ਾਰਾ ਰਾਮ ਵਾਸੀ ਪਿੰਡ ਮਨਸੂਰਪੁਰ ਸ਼ਾਮਿਲ ਹਨ। ਇਨ੍ਹਾਂ ਵਿਰੁੱਧ ਆਈ ਪੀ ਸੀ ਦੀ ਧਾਰਾ 323,341,506 ਤੇ 34 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਉਨਾਂ ਇਹ ਵੀ ਦੱਸਿਆ ਕਿ ਇਸ ਸਾਰੇ ਮਾਮਲੇ ਦੌਰਾਨ ਪੋਲਿੰਗ ਪ੍ਰਕ੍ਰਿਆ ਉੱਪਰ ਕਿਸੇ ਤਰ੍ਹਾਂ ਦਾ ਕੋਈ ਅਸਰ ਨਹੀਂ ਹੋਇਆ ਤੇ ਪੋਲਿੰਗ ਬਿਲਕੁਲ ਨਿਰਵਿਘਨ ਜਾਰੀ ਰਹੀ।

# ਸਰਕਾਰੀ ਕਾਲਜ 'ਚ ਵਿਸ਼ਵ ਤੰਬਾਕੂ ਮੁਕਤ ਦਿਵਸ ਮਨਾਇਆ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਨਸ਼ਿਆਂ ਦੀ ਲਾਹਨਤ ਤੋਂ ਸਮਾਜ ਨੂੰ ਮੁਕਤ ਕਰਵਾਉਣ ਲਈ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ ਇੰਚਾਰਜ ਵਿਜੇ ਕੁਮਾਰ ਵੱਲੋਂ ਆਨਲਾਈਨ ਵਿਸ਼ਵ ਤੰਬਾਕੂ ਮੁਕਤ ਦਿਵਸ ਮਨਾਇਆ ਗਿਆ।

ਉਹ ਵਿਦਿਆਰਥੀਆਂ ਦੇ ਸਹਿਯੋਗ ਨਾਲ ਨਸ਼ਿਆਂ ਪ੍ਰਤੀ ਜਾਗਰੂਕਤਾ ਫੈਲਾਉਂਦੇ ਰਹਿੰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਦਿਵਸ ਨੂੰ ਮਨਾਉਣ ਦੇ ਉਦੇਸ਼ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਤੰਬਾਕੂ ਸਾਨੂੰ ਕੈਂਸਰ ਜਿਹੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਕੇ ਜ਼ਿੰਦਗੀ ਬਰਬਾਦ ਕਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਸਿਗਰੇਟ, ਬੀੜੀ ਦੇ ਪੈਕਟ 'ਤੇ ਚੇਤਾਵਨੀ ਹੋਣ ਦੇ ਬਾਵਜੂਦ ਪੜ੍ਹੇ ਲਿਖੇ ਲੋਕ ਇਸ ਦਾ ਸੇਵਨ ਕਰਦੇ ਹਨ ਜਦਕਿ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਦੂਜਿਆਂ ਨੂੰ ਵੀ ਇਸ ਦਾ ਸੇਵਨ ਕਰਨ ਤੋਂ ਰੋਕਣ। ਉਨ੍ਹਾਂ ਵਿਦਿਆਰਥੀਆਂ ਨੂੰ ਸਮਾਜ ਨੂੰ ਤੰਬਾਕੂ ਮੁਕਤ ਬਣਾਉਣ ਲਈ ਇਮਾਨਦਾਰੀ ਨਾਲ ਆਪਣਾ ਫਰਜ਼ ਨਿਭਾਉਣ ਦੀ ਸਹੁੰ ਵੀ ਚੁਕਾਈ। ਪੋਸਟਰਾਂ ਦੇ ਮਾਧਿਅਮ ਨਾਲ ਵੀ ਜਾਗਰੂਕਤਾ ਫੈਲਾਈ ਗਈ।

# ਡਿਪਟੀ ਕਮਿਸ਼ਨਰ ਨੇ ਮਾਰਕੀਟ 'ਚ ਜਾ ਕੇ ਵੋਟਰਾਂ ਨੂੰ ਕੀਤਾ ਪ੍ਰੇਰਿਤ



ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ) -ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਵੋਟਰਾਂ ਦੀ ਗਿਣਤੀ ਨੂੰ ਵਧਾਉਣ ਦੇ ਉਪਰਾਲੇ ਤਹਿਤ ਰਾਹੋਂ ਬਜ਼ਾਰ ਖੇਤਰ ਵਿੱਚ ਘਰ-ਘਰ ਜਾ ਕੇ ਵੋਟਰਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਆਪਣੀਆਂ ਦੁਕਾਨਾਂ ਇਕ ਘੰਟੇ ਲਈ ਬੰਦ ਰੱਖਣ। ਵੋਟਿੰਗ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਲੋਕਾਂ ਨੂੰ ਛੁੱਟੀ ਲੈ ਕੇ ਲੋਕਤੰਤਰੀ ਪ੍ਰਕਿਰਿਆ 'ਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿ) ਸਾਗਰ ਸੇਤੀਆ ਦੇ ਨਾਲ ਡਿਪਟੀ ਕਮਿਸ਼ਨਰ ਨੇ ਸਥਿਤੀ ਦਾ ਜਾਇਜ਼ਾ ਲੈਣ ਅਤੇ ਵੋਟਰਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਪੋਲਿੰਗ ਬੂਥਾਂ ਦਾ ਨਿਰੀਖਣ ਵੀ ਕੀਤਾ।ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਰੰਧਾਵਾ ਨੇ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਅਤੇ ਸੈਕਟਰ ਸੁਪਰਵਾਈਜ਼ਰਾਂ ਨੂੰ ਟੀਚਾਬੱਧ ਯਤਨਾਂ ਰਾਹੀਂ ਵੋਟ ਪ੍ਰਤੀਸ਼ਤਤਾ ਵਧਾਉਣ ਦਾ ਸੱਦਾ ਦਿੱਤਾ। ਨਿਰੀਖਣ ਅਤੇ ਪ੍ਰੇਰਕ ਮੁਹਿੰਮ ਨੂੰ ਐਸ.ਡੀ.ਐਮਜ਼ ਡਾ. ਅਕਸ਼ਿਤਾ ਗੁਪਤਾ ਅਤੇ ਵਿਕਰਮਜੀਤ ਪਾਂਥੇ, ਸਹਾਇਕ ਕਮਿਸ਼ਨਰ ਡਾ. ਗੁਰਲੀਨ ਕੌਰ ਅਤੇ ਗੁੱਡ ਗਵਰਨੈਂਸ ਫੈਲੋ ਅਸਮਿਤਾ ਪਰਮਾਰ ਅਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਵੀ ਸਹਿਯੋਗ ਦਿੱਤਾ ਗਿਆ।ਇਸ ਮੌਕੇ ਜ਼ਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਰਾਹੋ ਦੇ ਇੱਕ ਬੂਥ ਵਿੱਚ ਬੋਗੈਂਬੋ ਖੁਸ਼ ਹੁਆ ਦੇ ਸੈਲਫੀ ਪੁਆਇੰਟ 'ਤੇ ਫੋਟੋ ਵੀ ਖਿੱਚਵਾਈ। ਇਸ ਸੈਲਫੀ ਪੁਆਇੰਟ ਦਾ ਵੋਟਰਾਂ ਨੇ ਖੂਬ ਅਨੰਦ ਮਾਣਦੇ ਹੋਏ ਫੋਟੋਆਂ ਖਿੱਚਵਾਈਆਂ।

# ਜ਼ਿਲ੍ਹਾ ਵੈੱਬਕਾਸਟਿੰਗ ਕੰਟਰੋਲ ਰੂਮ ਨੇ ਲਾਈਵ ਪੋਲਿੰਗ 'ਤੇ ਨੇੜਿਓਂ ਨਜ਼ਰ ਰੱਖਣ 'ਚ ਅਹਿਮ ਭੂਮਿਕਾ ਨਿਭਾਈ

ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)-ਮੋਹਾਲੀ ਪ੍ਰਸ਼ਾਸਨ ਨੇ ਸ਼ਨੀਵਾਰ ਨੂੰ ਮਤਦਾਨ ਨੂੰ ਨਿਰਵਿਘਨ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਤ ਜ਼ਿਲ੍ਹਾ ਪੱਧਰੀ ਵੈਬਕਾਸਟਿੰਗ ਕੰਟਰੋਲ ਰੂਮ ਰਾਹੀਂ ਲਾਈਵ ਪੋਲਿੰਗ 'ਤੇ ਨੇੜਿਉਂ ਨਜ਼ਰ ਰੱਖੀ।

ਸ਼ਨੀਵਾਰ ਵੈਬਕਾਸਟਿੰਗ ਕੰਟਰੋਲ ਰੂਮ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਸਾਰੇ 825 ਪੋਲਿੰਗ ਬੂਥਾਂ 'ਤੇ ਹੋਣ ਵਾਲੀ ਸਮੁੱਚੀ ਪੋਲਿੰਗ ਦੀ ਨਿਗਰਾਨੀ ਕੰਟਰੋਲ ਰੂਮ ਵਿੱਚ ਲਗਾਈ ਗਈ ਵੱਡੀ ਸਕਰੀਨ ਤੋਂ ਇਲਾਵਾ ਇਨ੍ਹਾਂ ਸਾਰੇ ਪੋਲਿੰਗ ਬੂਥਾਂ ਤੋਂ ਵਿਜ਼ੂਅਲ ਦੇ ਸਥਿਰ ਪ੍ਰਸਾਰਨ ਲਈ ਇੰਟਰਨੈਟ ਹਾਈ ਸਪੀਡ ਦੀ ਸਹੂਲਤ ਵਾਲੇ 20 ਕੰਪਿਊਟਰਾਂ ਰਾਹੀਂ ਕੀਤੀ ਗਈ। ਜੈਨ ਨੇ ਕਿਹਾ ਕਿ ਲਾਈਵ ਵੈਬਕਾਸਟਿੰਗ ਲਈ ਸਾਰੇ ਬੂਥਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾਏ ਗਏ।



# ਏ ਜੀ ਆਈ ਗੋਲਡਨ ਫੁਟਸਲ ਲੀਗ ਚੈਂਪੀਅਨਸ਼ਿਪ ਦੇ ਪੰਜਵੇਂ ਦੌਰ 'ਚ ਪ੍ਰਵੇਸ਼

ਜਲੰਧਰ ( ਰਾਜੇਸ਼ ਥਾਪਾ ) ਜਲੰਧਰ ਹਾਈਟਸ 3, ਫੁਟਸਲ ਟੀਮ ਨੇ ਆਪਣੇ ਸਭ ਤੋਂ ਘੱਟ ਉਮਰ ਦੇ ਖਿਡਾਰੀ ਰੁਹਾਨ ਦੀ ਮਦਦ ਨਾਲ, ਏਜੀਆਈ ਗੋਲਡਨ ਫੁਟਸਲ ਲੀਗ, ਜੋ ਕਿ ਜਲੰਧਰ ਹਾਈਟਸ 1, 66 ਫੁੱਟ ਰੋਡ ਜਲੰਧਰ ਦੇ ਟੀ ਬਲਾਕ ਫੁੱਟਬਾਲ ਗਰਾਊਂਡ ਵਿਖੇ ਚੱਲ ਰਹੀ ਹੈ, ਵਿੱਚ ਆਪਣਾ ਅਸਾਧਾਰਨ ਫੁਟਸਲ ਹੁਨਰ ਦਿਖਾਇਆ।ਮੈਚਾਂ ਦੇ ਚੌਥੇ ਦੌਰ ਵਿੱਚ ਜੇ ਐਚ 3, ਦੇ ਰੁਹਾਨ ਨੇ ਮੈਕਸਿਮਾ ਫੁਟਸਲ ਟੀਮ ਦੇ ਖਿਲਾਫ 2 ਗੋਲ ਕੀਤੇ ਅਤੇ ਚੈਂਪੀਅਨਸ਼ਿਪ ਦੀ ਸਬ ਤੋਹ ਵਧ ਤਗੜੀ ਸਮਝੀ ਜਾਂਦੀ ਜਲੰਧਰ ਹਾਈਟਸ 1 ਦੀ ਚੋਟੀ ਦੀ ਟੀਮ ਨੂੰ ਗੋਲ ਮਾਰ ਕੇ ਹੈਰਾਨ ਕਰ ਦਿੱਤਾ।ਜਲੰਧਰ ਹਾਈਟਸ 3 ਅਤੇ ਮੈਕਸਿਮਾ ਵਿਚਕਾਰ ਚੌਥੇ ਗੇੜ ਦੇ ਪਹਿਲੇ ਮੈਚ ਵਿੱਚ, ਜਲੰਧਰ ਹਾਈਟਸ 3 ਦੇ ਸ਼੍ਰੀ ਰੁਹਾਨ ਨੇ ਹਮਲਾਵਰ ਫਾਰਵਰਡ ਨੇ ਖੇਡ ਦੇ ਪਹਿਲੇ ਮਿੰਟ ਵਿੱਚ ਆਪਣਾ ਪਹਿਲਾ ਗੋਲ ਕੀਤਾ, ਅਤੇ ਦੂਜੇ ਮਿੰਟ ਵਿੱਚ ਦੂਜਾ ਗੋਲ ਕੀਤਾ। ਮੈਕਸਿਮਾ ਫੁਟਸਲ ਦੀ ਟੀਮ ਨੇ ਖੇਡ ਦੇ ਦੂਜੇ ਹਾਫ ਵਿੱਚ ਆਰਵ ਪ੍ਰਤਾਪ ਦੀ ਮਦਦ ਨਾਲ ਸਕੋਰ ਬਰਾਬਰ ਕਰ ਦਿੱਤਾ ਜਿਸ ਨੇ ਕਿ ਦੂਜੇ ਹਾਫ ਦੇ 7ਵੇਂ ਮਿੰਟ ਅਤੇ 11ਵੇਂ ਮਿੰਟ ਵਿੱਚ ਆਪਣਾ ਪਹਿਲਾ ਤਾ ਦੂਜਾ ਗੋਲ ਕੀਤਾ।ਜਲੰਧਰ ਹਾਈਟਸ 2 ਅਤੇ ਸਕਾਈ ਗਾਰਡਨ ਫੁਟਸਲ ਦੀਆਂ ਟੀਮਾਂ ਵਿਚਕਾਰ ਹੋਏ ਦੂਜੇ ਮੈਚ ਵਿਚ ਜਲੰਧਰ ਹਾਈਟਸ 2 ਦੇ ਹਰਨਵ ਨੇ ਪਹਿਲੇ ਹਾਫ ਦੇ 14ਵੇਂ ਮਿੰਟ ਵਿਚ ਸਕਾਈ ਗਾਰਡਨ ਦੀ ਵਿਰੋਧੀ ਟੀਮ ਖਿਲਾਫ ਇਕੋ-ਇਕ ਗੋਲ ਕੀਤਾ।ਚਹੇਤੇ ਜਲੰਧਰ ਹਾਈਟਸ 1, ਫੁਟਸਾਲ ਟੀਮ ਅਤੇ ਜਲੰਧਰ ਹਾਈਟਸ 3 ਵਿਚਕਾਰ ਹੋਏ ਵਧੀਆ ਮੁਕਾਬਲੇ ਵਿੱਚ ਟੀਮ ਜੇ.ਐਚ.1 ਨੇ ਜੇ.ਐਚ.3 ਨੂੰ 2-1 ਨਾਲ ਹਰਾਇਆ। ਜਲੰਧਰ ਹਾਈਟਸ 3 ਦੇ ਮਿਸਟਰ ਰੁਹਾਨ ਨੇ ਪਹਿਲੇ ਹਾਫ ਦੇ ਦਸਵੇਂ ਮਿੰਟ 'ਤੇ ਜੇ ਐਚ 1, ਦੇ ਖਿਲਾਫ ਪਹਿਲਾ ਗੋਲ ਕੀਤਾ। ਜਵਾਬ ਵਿੱਚ J8 1 ਦੇ ਅਧੀਕਸ਼ਿਤ ਨੇ ਦੂਜੇ ਹਾਫ ਦੇ 7ਵੇਂ ਮਿੰਟ ਵਿੱਚ ਪਹਿਲਾ ਗੋਲ ਕੀਤਾ ਅਤੇ ਦੂਜੇ ਹਾਫ ਦੇ 10ਵੇਂ ਮਿੰਟ 'ਤੇ ਦੂਜਾ ਗੋਲ ਕੀਤਾ।ਏਜੀਆਈ ਗੋਲਡਨ ਫੁਟਸਲ ਲੀਗ ਚੈਂਪੀਅਨਸ਼ਿਪ ਦੇ ਚੌਥੇ ਦੌਰ ਤੋਂ ਬਾਅਦ, ਟੀਮਾਂ ਦੁਆਰਾ ਪ੍ਰਾਪਤ ਕੀਤੇ ਕੁੱਲ ਅੰਕ ਹੇਠਾਂ ਦਿੱਤੇ ਅਨੁਸਾਰ ਹਨ;-ਜਲੰਧਰ ਹਾਈਟਸ 1, ਜਲੰਧਰ ਹਾਈਟਸ 2 ਅਤੇ ਮੈਕਸਿਮਾ ਫੁਟਸਲ ਦੀਆਂ ਟੀਮਾਂ ਨੇ 7-7 ਅੰਕ ਹਾਸਲ ਕੀਤੇ।ਸਮਾਰਟ ਹੋਮ, ਸਕਾਈ ਗਾਰਡਨ ਅਤੇ ਜਲੰਧਰ ਹਾਈਟਸ 3, ਫੁਟਸਲ ਟੀਮਾਂ 1 ਪੁਆਇੰਟ 'ਤੇ ਹਨ।



# ਵਜੀਦੋਵਾਲ ਦੇ ਪੋਲਿੰਗ ਬੂਥ 'ਤੇ ਹੋਈ ਬੰਪਰ ਵੋਟਿੰਗ



ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)- ਪਿੰਡ ਵਜੀਦੋਵਾਲ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਬਣਾਏ ਗਏ ਪੋਲਿੰਗ ਬੂਥ ਨੰਬਰ 113 ਉੱਪਰ ਵੋਟਾਂ ਪਾਉਣ ਦਾ ਕੰਮ ਸਵੇਰੇ ਠੀਕ 7 ਵਜੇ ਸ਼ੁਰੂ ਹੋਇਆ ਅਤੇ ਭੱਖਦੀ ਗਰਮੀ ਦੇ ਬਾਵਜੂਦ ਵੋਟਰਾਂ ਵਿੱਚ ਵੋਟ ਪਾਉਣ ਨੂੰ ਲੈ ਕੇ ਭਾਰੀ ਉਤਸ਼ਾਹ ਸੀ। ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਵੋਟਰਾਂ ਦੀ ਸੁਵਿਧਾ ਲਈ ਟੈਂਟ, ਕੁਰਸੀਆਂ, ਪੱਖੇ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਬਿਮਾਰਾਂ, ਬਜ਼ੁਰਗਾਂ ਅਤੇ ਅੰਗਹੀਆਂ ਲਈ ਵਹੀਲ ਚੇਅਰ ਅਤੇ ਸਹਾਇਕਾਂ ਦਾ ਵੀ ਪ੍ਰਬੰਧ ਦੇਖਣ ਨੂੰ ਮਿਲਿਆ। ਪਹਿਲੇ, ਬਜ਼ੁਰਗ ਅਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰ ਨੂੰ ਪ੍ਰੀਜ਼ਾਈਡਿੰਗ ਅਫਸਰ ਰੰਜਨ ਕੁਮਾਰ ਅਤੇ ਬੀ.ਡੀ.ਪੀ.ਓ. ਰਾਮਪਾਲ ਸਿੰਘ ਰਾਣਾ ਵਲੋਂ ਸਰਟੀਫਿਕੇਟ ਭੇਂਟ ਕੀਤੇ ਗਏ। ਉਹਨਾਂ ਦੱਸਿਆ ਕਿ ਪਿੰਡ ਵਿਚ ਕੁੱਲ 356 ਵੋਟਾਂ ਹਨ। ਜਿਹਨਾਂ ਵਿਚੋਂ ਦੁਪਿਹਰ 2 ਵਜੇ ਤੱਕ 200 ਵੋਟਾਂ ਪੋਲ ਹੋ ਚੁੱਕੀਆਂ ਸੀ। ਉਹਨਾਂ ਦੱਸਿਆ ਕਿ 81 ਵੋਟਰ ਵਿਦੇਸ਼ ਵਿਚ ਗਏ ਹੋਏ ਹਨ ਜਦਕਿ 11 ਦੀ ਮੌਤ ਹੋ ਚੁੱਕੀ ਹੈ। ਸਰਪੰਚ ਓਮ ਪ੍ਰਕਾਸ਼ ਵਜੀਦੋਵਾਲ ਨੇ ਦੱਸਿਆ ਕਿ ਬੀ.ਐਲ.ਓ. ਮਲਕੀਅਤ ਚੰਦ ਸਕੱਤਰ ਵਲੋਂ ਸੁੱਚਜੇ ਢੰਗ ਨਾਲ ਘਰੋਂ-ਘਰੀਂ ਵੋਟਾਂ ਦੀਆਂ ਪਰਚੀਆਂ ਵੰਡਣ ਦਾ ਕੰਮ ਨੇਪਰੇ ਚਾੜ੍ਹਿਆ ਗਿਆ ਅਤੇ ਕਿਸੇ ਵੀ ਪਾਰਟੀ ਦਾ ਕੋਈ ਬੂਥ ਨਹੀਂ ਲਗਾਇਆ ਗਿਆ ਸੀ। ਸੂਝਵਾਨ ਵੋਟਰਾਂ ਨੇ ਬਿਨਾਂ ਕਿਸੇ ਦਬਾਅ ਤੋਂ ਆਪਣੇ ਮਨਪਸੰਦ ਉਮੀਦਵਾਰ ਨੂੰ ਵੋਟ ਪਾਈ ਹੈ। ਪ੍ਰਸ਼ਾਸਨ ਵਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਕਿਸੇ ਤਰ੍ਹਾਂ ਦੀ ਕੋਈ ਅਣਸੁਖਾਵੀਂ ਘਟਨਾ ਦਾ ਸਮਾਚਾਰ ਨਹੀਂ ਹੈ। ਇਸ ਮੌਕੇ ਪੰਕਜ ਸਿੰਘ ਰਾਵਤ ਸੈਕਟਰ ਅਫਸਰ-12, ਰਿਤੂ ਗੁਪਤਾ, ਸੁਖਜਿੰਦਰ ਰਾਣਾ ਅਤੇ ਸਰਬਜੀਤ ਕੌਰ, ਪੁਸ਼ਪਾ ਦੇਵੀ, ਸੋਹਨ ਲਾਲ ਵਜੀਦੋਵਾਲ, ਰਾਕੇਸ਼ ਕੁਮਾਰ, ਰਾਮ ਪਿਆਰੀ, ਜਸਵੰਤ ਰਾਏ, ਕਮਲ ਸ਼ਿਵਪੁਰੀ, ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਆਨਲਾਈਨ ਸਮਰ ਕੈਂਪ



ਸੁਲਤਾਨਪੁਰ ਲੋਧੀ, ( ਹਨੀ ) ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂ ਅਰੋੜਾ ਦੀ ਅਗਵਾਈ ਵਿਚ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਅਧਿਆਪਕਾਂ ਆਨਲਾਈਨ ਹੋ ਕੇ ਵਿਦਿਆਰਥੀਆਂ ਨੂੰ ਬਹੁਤ ਸਾਰੀਆਂ ਮਨੋਰੰਜਕ ਗਤੀਵਿਧੀਆਂ ਜਿਵੇਂ ਆਰਟ ਐਂਡ ਕਰਾਫਟ, ਕੁਕਿੰਗ ਵਿਦਆਊਟ ਫਾਇਰ, ਡਾਂਸ ਆਦਿ ਕਰਵਾਈਆਂ ਗਈਆਂ। ਵਿਦਿਆਰਥੀਆਂ ਦੁਆਰਾ ਵੀ ਬੜੇ ਹੀ ਉਤਸ਼ਾਹ ਦੇ ਨਾਲ ਇਹਨਾਂ ਆਨਲਾਈਨ ਗਤੀਵਿਧੀਆਂ ਦੇ ਵਿੱਚ ਹਿੱਸਾ ਲਿਆ ਗਿਆ। ਇਸ ਆਨਲਾਈਨ ਕੈਂਪ ਰਾਹੀਂ ਵਿਦਿਆਰਥੀਆਂ ਨੂੰ ਘਰ ਬੈਠਿਆਂ ਹੀ ਬਹੁਤ ਕੁਝ ਇੰਨੇ ਸੌਖੇ ਤੇ ਮਨੋਰੰਜਕ ਤਰੀਕੇ ਨਾਲ ਸਿੱਖਣ ਦਾ ਮੌਕਾ ਮਿਲਿਆ। ਵਿਦਿਆਰਥੀਆਂ ਦੇ ਨਾਲ ਨਾਲ ਉਹਨਾਂ ਦੇ ਮਾਪਿਆਂ ਨੇ ਵੀ ਬਹੁਤ ਦਿਲਚਸਪੀ ਦੇ ਨਾਲ ਇਹਨਾਂ ਕਲਾਸਾਂ ਰਾਹੀਂ ਬੱਚਿਆਂ ਨੂੰ ਗਤੀਵਿਧੀਆਂ ਕਰਦੇ ਹੋਏ ਦੇਖਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ ਨੂੰ ਛੁੱਟੀਆਂ ਵਿੱਚ ਮਿਹਨਤ ਕਰਨ ਦਾ ਅਤੇ ਗਰਮੀ ਵਿੱਚ ਆਪਣੀ ਸਿਹਤ ਦਾ ਧਿਆਨ ਰੱਖਣ ਦਾ ਸੁਨੇਹਾ ਦਿੱਤਾ।

# ਸੰਤ ਸਾਧੂ ਰਾਮ ਦੀ ਯਾਦ 'ਚ ਬਸੀ ਮਰੂਫ 'ਚ ਵਿਖੇ ਧਾਰਮਿਕ ਸਮਾਗਮ ਕਰਵਾਏ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, (ਬਲਵੀਰ ਸਿੰਘ ਸੈਣੀ)- ਬ੍ਰਹਮਲੀਨ ਸ੍ਰੀਮਾਨ 108 ਸੰਤ ਸਾਧੂ ਰਾਮ,ਸੰਤ ਸਵਰਨ ਦਾਸ ਦੀ ਯਾਦ ਵਿਚ ਸਾਲਾਨਾ ਸਮਾਗਮ ਡੇਰਾ ਸੱਚਖੰਡ ਬਸੀ ਮਰੂਫ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਅਤੇ ਡੇਰੇ ਦੇ ਸੰਚਾਲਕ ਸੰਤ ਕੁਲਦੀਪ ਦਾਸ ਦੀ ਦੇਖ ਰੇਖ ਹੇਠ ਬਹੁਤ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਖੁਲੇ ਦੀਵਾਨਾਂ ਵਿੱਚ ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ,ਢਾਡੀ, ਕਥਾ ਵਾਚਕ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.)ਪੰਜਾਬ ਦੇ ਸੰਤਾਂ, ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ।ਸਮਾਗਮ ਵਿਚ ਉਚੇਚੇ ਤੌਰ 'ਤੇ ਪਹੁੰਚੇ ਰਾਗੀ ਜਥੇ ਬਾਬਾ ਅਮਰਜੀਤ ਸਿੰਘ ਗਾਲਿਬ ਖੁਰਦ,ਭਾਈ ਪਰਮਜੀਤ ਸਿੰਘ ਲਾਂਬੜਾ,ਬਾਬਾ ਗੁਰਦੇਵ ਸਿੰਘ ਗੜ੍ਹਦੀਵਾਲਾ, ਭਾਈ ਅੰਮ੍ਰਿਤ ਪਾਲ ਸਿੰਘ ਅੰਬੋਟਾ ਦੇ ਜਥਿਆਂ ਨੇ ਗੁਰਬਾਣੀ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਸੀਨੀ.ਮੀਤ ਪ੍ਰਧਾਨ ਸੰਤ ਸਰਵਣ ਦਾਸ ਲੁਧਿਆਣਾ,ਸੰਤ ਧਰਮਪਾਲ ਸ਼ੇਰਗੜ, ਸੰਤ ਸਤਨਾਮ ਦਾਸ ਵਿਛੋਹੀ,ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਨਚਾਰਜ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਬੀਬੀ ਕੁਲਦੀਪ ਕੌਰ ਮਹਿਨਾ,ਪਵਨ ਕੁਮਾਰ ਤਾਜੇਵਾਲ,ਬਾਬਾ ਮਹਿੰਦਰ ਪਾਲ ਤੇਜੂ,ਬਾਬਾ ਗੁੱਝੇ ਪੀਰ ਵਾਲੇ ,ਬਾਬਾ ਗੁਰਦੇਵ ਸਿੰਘ ਗੜ੍ਹਦੀਵਾਲਾ ਨੇ ਕਥਾ ਕੀਰਤਨ ਗੁਰਮਤਿ ਵਿਚਾਰਾਂ ਰਾਹੀਂ ਸੰਤ ਸਾਧੂ ਰਾਮ, ਸੰਤ ਸਵਰਨ ਦਾਸ ਨੂੰ ਸ਼ਰਧਾ ਸੁਮਨ ਭੇਟ ਕੀਤੇ।ਇਸ ਮੌਕੇ ਡੇਰਾ ਸੰਚਾਲਕ ਸੰਤ ਕੁਲਦੀਪ ਦਾਸ ਵਲੋਂ ਆਏ ਹੋਏ ਸੰਤਾਂ, ਮਹਾਂਪੁਰਸ਼ਾਂ, ਰਾਗੀ ਜਥਿਆਂ ,ਸਮਾਜਿਕ ਤੇ ਰਾਜਨੀਤਿਕ ਸਖਸ਼ੀਅਤਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਡੇਰੇ ਦੇ ਸੇਵਾਦਾਰ ਬੀਬੀ ਸੁਖਵਿੰਦਰ ਕੌਰ,ਜਗਦੀਪ ਸਿੰਘ ਯੂ ਐਸ ਏ ਪਰਮਿੰਦਰ ਕੁਮਾਰੀ ,ਬਲਦੇਵ ਸਿੰਘ ਯੂ ਐਸ ਏ,ਕੁਲਵੀਰ ਸਿੰਘ ਯੂ ਐਸ ਏ, ਕਮਲਜੀਤ ਸਿੰਘ ਯੂ ਐਸ ਏ,ਨਸੀਬ ਸਿੰਘ ਯੂ ਕੇ, ਅਵਤਾਰ ਸਿੰਘ ਸਰਪੰਚ ਘਾਸੀ ਪੁਰ, ਸੰਤੋਖ ਸਿੰਘ, ਸਤਨਾਮ ਸਿੰਘ ਜਰਮਨੀ,ਸਰਪੰਚ ਰਜਿੰਦਰ ਸਿੰਘ, ਸਰਪੰਚ ਪਰਮਿੰਦਰ ਸਿੰਘ, ਚਰਨਦਾਸ ਬਜਰਾਵਰ ਵੀ ਹਾਜ਼ਰ ਸਨ। ਸੰਗਤਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਲੋਕ ਸਭਾ ਚੋਣ ਦੇ ਨਤੀਜੇ ਘਰ ਬੈਠੇ ਵੇਖੇ ਜਾ ਸਕਦੇ : ਚੋਣ ਕਮਿਸ਼ਨ

ਚੰਡੀਗੜ੍ਹ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)- ਵਧੇਰੀ ਗਰਮੀ ਦੇ ਚਲਦੇ ਲੋਕ ਸਭਾ ਚੋਣ ਦੇ ਨਤੀਜੇ ਘਰ ਬੈਠੇ ਆਸਾਨੀ ਨਾਲ ਵੇਖੇ ਜਾ ਸਕਦੇ ਹਨ। ਇਸ ਲਈ ਚੋਣ ਕਮਿਸ਼ਨ ਦੀ ਵੈਬਸਾਇਟ www.result.eic.in ਜਾਂ ਵੋਟਰ ਹੈਲਪਲਾਇਨ ਐਪ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੌਸਮ ਵਿਭਾਗ ਨੇ ਵੀ ਗਰਮੀ ਨੂੰ ਵੇਖਦੇ ਹੋਏ ਘਰਾਂ ਤੋਂ ਬਾਹਰ ਨਹੀਂ ਨਿਕਲਣ ਦੀ ਸਲਾਹ ਦਿੱਤੀ ਹੈ। ਭਾਰਤ ਚੋਣ ਕਮਿਸ਼ਨ ਅਨੁਸਾਰ ਚਾਰ ਜੂਨ ਨੂੰ ਲੋਕ ਸਭਾ ਚੋਣ ਲਈ ਗਿਣਤੀ ਦਾ ਕੰਮ ਸਵੇਰੇ 8:00 ਵਜੇ ਤੋਂ ਸ਼ੁਰੂ ਹੋ ਜਾਵੇਗਾ। ਇਸ ਦੌਰਾਨ ਗਿਣਤੀ ਕੇਂਦਰਾਂ ਵਿਚ ਹੋਰ ਉਸ ਦੇ ਨੇੜੇ ਸਿਰਫ ਅਥੋਰਾਇਜਡ ਵਿਅਕਤੀ, ਅਧਿਕੀ ਜਾਂ ਕਰਮਚਾਰੀ ਹੀ ਜਾ ਸਕੇਗਾ। ਅਜਿਹੇ ਵਿਚ ਚੋਣ ਦਾ ਨਤੀਜਾ ਜਾਣਨ ਲਈ ਲੋਕਾਂ ਨੂੰ ਕਾਫੀ ਦੂਰ ਧੁੱਪ ਵਿਚ ਖੜਾ ਰਹਿਣਾ ਪੈ ਸਕਦਾ ਹੈ। ਆਮ ਜਨਤਾ ਤੇ ਸਿਆਸੀ ਪਾਰਟੀਆਂ ਦੇ ਨੁਮਾਇੰਦੀਆਂ, ਕਾਰਕੁਨਾਂ ਨੂੰ ਗਿਣਤੀ ਕੇਂਦਰ ਦੇ ਨੇੜੇ ਭੀੜ ਕਰਨ ਦੀ ਲੋੜ ਨਹੀਂ ਹੈ, ਸਗੋਂ ਘਰ ਬੈਠੇ ਹੀ ਨਤੀਜਾ ਪਤਾ ਕੀਤਾ ਜਾ ਸਕਦਾ ਹੈ। ਇਸ ਲਈ ਉਨ੍ਹਾਂ ਨੂੰ ਭਾਰਤ ਚੋਣ ਕਮਿਸ਼ਨ ਦੀ ਵੈਬਸਾਇਟ www.result.eic.in 'ਤੇ ਜਾਣਾ ਹੋਵੇਗਾ। ਇਸ ਤੋਂ ਇਲਾਵਾ, ਵੋਟਰ ਹੈਲਪਲਾਇਨ ਐਪ 'ਤੇ ਵੀ ਇਹ ਸਹੂਲਤ ਮਹੁੱਇਆ ਰਹੇਗੀ।ਉਨ੍ਹਾਂ ਦਸਿਆ ਕਿ ਭਾਰਤ ਚੋਣ ਕਮਿਸ਼ਨ ਦੀ ਹਿਦਾਇਤਾਂ ਅਨੁਸਾਰ ਗਿਣਤੀ ਜ਼ਿਲ੍ਹਾ ਮੁੱਖ ਦਫਤਰ 'ਤੇ ਬਣਾਏ ਗਏ ਗਿਣਤੀ ਕੇਂਦਰਾਂ 'ਤੇ ਮੀਡਿਆ ਲਈ ਮੀਡਿਆ ਸੈਂਟਰ ਬਣਾਏ ਗਏ ਹਨ, ਤਾਂ ਜੋ ਉਹ ਉੱਥੇ ਤੋਂ ਨਤੀਜੇ ਦੀ ਨਵੀਂ ਜਾਣਕਾਰੀ ਹਾਸਲ ਕਰ ਸਕਣ। ਉਨ੍ਹਾਂ ਦਸਿਆ ਕਿ ਗਿਣਤੀ ਕੇਂਦਰ ਵਿਚ ਸਿਰਫ ਅਥੋਰਾਇਜਡ ਵਿਅਕਤੀ ਹੀ ਦਾਖਲਾ ਲੈ ਸਕਦਾ ਹੈ। ਗਿਣਤੀ ਕੇਂਦਰਾਂ ਨੇ ਨੇੜੇ ਧਾਰਾ 144 ਲਾਗੂ ਕੀਤੀ ਗਈ ਹੈ।

2-June-Sunday.qxd 6/1/2024 10:19 PM Page 5



# ਇਨ੍ਹਾਂ ਚੋਣਾਂ ਨੇ ਸਾਬਤ ਕਰ ਦਿੱਤੈ ਕਿ ਚੋਣ ਕਮਿਸ਼ਨ ਬਿਨਾਂ ਵੀ ਭਾਰਤ ਦਾ ਕੰਮ ਚੱਲ ਸਕਦੈ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਹਾਊਸ ਲੋਕ ਸਭਾ ਵਿੱਚ ਜਿਸ ਦੀ ਬਹੁ-ਗਿਣਤੀ ਹੋਵੇ, ਅਗਲੇ ਪੰਜ ਸਾਲ ਰਾਜ ਉਸ ਪਾਰਟੀ ਦਾ ਲੀਡਰ ਜਾਂ ਲੋੜ ਪਵੇ ਤਾਂ ਉਸ ਦੀ ਥਾਂ ਬਦਲਵਾਂ ਚੁਣਿਆ ਆਗੂ ਕਰ ਸਕਦਾ ਹੈ। ਜਿਹੜਾ ਕੋਈ ਇਸ ਨੂੰ ਚੁਣੌਤੀ ਦੇਣਾ ਚਾਹੇ, ਉਸ ਕੋਲ ਹੱਕ ਹੁੰਦਾ ਹੈ ਅਤੇ ਕਦੇ-ਕਦੇ ਇਹ ਚੁਣੌਤੀ ਸਰਕਾਰਾਂ ਬਦਲਣ ਜਾਂ ਜੇ ਏਦਾਂ ਨਾ ਸਰਦਾ ਹੋਵੇ ਤਾਂ ਨਵੀਂਆਂ ਚੋਣਾਂ ਕਰਵਾਉਣ ਦਾ ਸਬੱਬ ਪੈਦਾ ਕਰਨ ਤੱਕ ਲੈ ਜਾਂਦੀ ਹੈ। ਇਹ ਕੁਝ ਭਾਰਤ ਦੀ ਪਾਰਲੀਮੈਂਟ ਵਿੱਚ ਭਵਿੱਖ ਵਿੱਚ ਕਦੇ ਵੀ ਹੋ ਸਕਦਾ ਹੈ ਤੇ ਹੋਣ ਨੂੰ ਇਹ ਵੀ ਹੋ ਸਕਦਾ ਹੈ ਕਿ ਕੱਲ੍ਹ-ਕਲੋਤਰ ਨੂੰ ਏਦਾਂ ਦਾ ਕੁਝ ਹੋ ਜਾਵੇ ਕਿ ਭਵਿੱਖ ਵਿੱਚ ਏਦਾਂ ਚੁਣੌਤੀ ਪੇਸ਼ ਕਰਨ ਦੇ ਮੌਕੇ ਹੀ ਸੀਮਤ ਜਿਹੇ ਕਰ ਦਿੱਤੇ ਜਾਣ। ਇਸ ਵਾਰੀ ਵੋਟਾਂ ਪੈਣ ਤੇ ਭਵਿੱਖ ਦੀ ਰਾਜ ਕਰਦੀ ਧਿਰ ਦੀ ਚੋਣ ਹੋਣ ਪਿੱਛੋਂ ਸਾਡੇ ਕੋਲ ਚੋਖਾ ਮੌਕਾ ਹੋਵੇਗਾ, ਜਦੋਂ ਰਾਜਨੀਤਕ ਅਤੇ ਸੰਵਿਧਾਨਕ ਪੱਖਾਂ ਤੋਂ ਚੋਣਾਂ ਵਿੱਚ ਹੋਏ-ਬੀਤੇ ਦੀ ਚਰਚਾ ਅਤੇ ਚੀਰ-ਪਾੜ ਹੁੰਦੀ ਰਹੇਗੀ। ਇਹ ਕੰਮ ਉਸ ਵੇਲੇ ਕਰਾਂਗੇ, ਇਸ ਬਾਰੇ ਤੱਤੇ ਘਾਅ ਕਾਹਲੇ ਅੰਦਾਜ਼ੇ ਲਾਈ ਜਾਣ ਦੀ ਥਾਂ ਅਸੀਂ ਚਾਹਾਂਗੇ ਕਿ ਸਾਡੇ ਲੋਕ ਭਾਰਤ ਦੀ ਲੋਕਤੰਤਰ ਦੀ ਸਥਿਤੀ ਬਾਰੇ ਸੋਚਣ, ਜਿਸ ਵਿੱਚ ਲੋਕਤੰਤਰ ਹੀ ਅਸਲ ਵਿੱਚ ਮਨਫੀ ਹੁੰਦਾ ਜਾਂਦਾ ਅਤੇ ਏਹੋ ਜਿਹੇ ਰੁਝਾਨ ਭਾਰੂ ਹੋਈ ਜਾਂਦੇ ਹਨ, ਜਿਹੜੇ ਸਾਨੂੰ ਮਾਣ ਕਰਨ ਦਾ ਮੌਕਾ ਦੇਣ ਵਾਲੇ ਨਹੀਂ ਜਾਪਦੇ। ਭਾਰਤੀ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਇਸ ਵਾਰ ਜੋ ਕੁਝ ਹੋਇਆ ਤੇ ਅੱਤ ਦੇ ਨੀਵੇਂ ਪੱਧਰ ਤੱਕ ਪਹੁੰਚ ਕੇ ਹੁੰਦਾ ਅਸੀਂ ਵੇਖਿਆ ਹੈ, ਉਸ ਦੀ ਚਰਚਾ ਦੁਨੀਆ ਭਰ ਵਿੱਚ ਵੀ ਹੁੰਦੀ ਪਈ ਹੈ।

ਪਹਿਲਾ ਪੱਖ ਰਾਜਨੀਤਕ ਆਗੂਆਂ ਦੇ ਵਿਹਾਰ ਦਾ ਹੈ। ਉਨ੍ਹਾਂ ਨੇ ਮੁੱਦਿਆਂ ਦੀ ਚਰਚਾ ਘੱਟ ਕੀਤੀ ਤੇ ਇਸ ਦੀ ਥਾਂ ਉਹ ਮੁੱਦੇ ਵੱਧ ਚੁੱਕੇ, ਜਿਹੜੇ ਇੱਕ-ਦੂਸਰੇ ਦਾ ਮਜ਼ਾਕ ਬਣਾਉਣ, ਉਸ ਨੂੰ ਘਟੀਆ ਦੱਸਣ ਅਤੇ ਖੁਦ ਨੂੰ ਇਸ ਦੇਸ਼ ਦੇ ਲੋਕਾਂ ਦੀ ਅਸਲੀ ਆਵਾਜ਼ ਵਜੋਂ ਪੇਸ਼ ਕਰਨ ਵੱਲ ਸੇਧੇ ਹੁੰਦੇ ਸਨ। ਸਭ ਕੁਝ ਜਾਣਦੇ ਹੋਏ ਵੀ ਲੋਕ ਬੜੀ ਵਾਰ ਭੁੱਲ ਜਾਂਦੇ ਹਨ ਕਿ ਬੀਤੇ ਸਮੇਂ ਵਿੱਚ ਇਸ ਪਾਰਟੀ ਨੇ ਆਹ ਕੀਤਾ ਸੀ ਤੇ ਉਨ੍ਹਾਂ ਦੀ ਭੁੱਲਣ ਦੀ ਆਦਤ ਨੂੰ ਵਰਤ ਬਣਾ ਕੇ ਸਿਆਸੀ ਸਟੇਜਾਂ ਤੋਂ ਬੀਤੇ ਦੀਆਂ ਬਾਤਾਂ ਇੰਜ ਪਾਈਆਂ ਜਾਂਦੀਆਂ ਹਨ ਕਿ ਸਾਰੀ ਤਸਵੀਰ ਉਲਟਾ ਕੇ ਪੇਸ਼ ਕੀਤੀ ਗਈ ਹੁੰਦੀ ਹੈ, ਪਰ ਨਾ ਲੋਕ ਕਿੰਤੂ ਕਰਦੇ ਹਨ, ਨਾ ਇੰਜ ਕਰਨ ਵਾਲੇ ਨੂੰ ਆਪਣੇ ਆਪ ਉੱਤੇ ਸ਼ਰਮ ਆਉਂਦੀ ਹੈ। ਜਵਾਨ ਉਮਰ ਵਿੱਚ ਪ੍ਰੇਮਿਕਾਵਾਂ ਨੂੰ ਬੇਵਕੂਫ ਬਣਾਉਣ ਵਾਲੇ ਜਜ਼ਬਾਤੀ ਛੋਕਰਿਆਂ ਬਾਰੇ ਅਸੀਂ ਸੁਣਿਆ ਸੀ ਕਿ ਉਹ ਅਸਮਾਨ ਤੋਂ ਚੰਦ ਅਤੇ ਤਾਰੇ ਤੋੜ ਲਿਆਉਣ ਦੀਆਂ ਡੀਂਗਾਂ ਮਾਰਦੇ ਹਨ ਤੇ ਕਈ ਕਵੀਆਂ ਨੇ ਏਦਾਂ ਦੇ ਗੀਤ ਲਿਖੇ ਤੇ ਪੜ੍ਹੇ ਸਨ, ਪਰ ਆਮ ਲੋਕਾਂ ਅੱਗੇ ਏਦਾਂ ਗੱਪਾਂ ਪਰੋਸੀਆਂ ਜਾ ਸਕਦੀਆਂ ਹਨ, ਇਹ ਚੋਣਾਂ ਵਿੱਚ ਪਤਾ ਲੱਗਾ ਹੈ। ਜਿੱਡੀ ਚਾਹੇ ਗੱਪ ਮਾਰ ਕੇ ਕਹਿ ਦਿਓ ਕਿ ਇਹ ਸਾਡੀ ਗਾਰੰਟੀ ਹੈ, ਕੋਈ ਇਸ ਦਾ ਬੁਰਾ ਨਹੀਂ ਮਨਾਉਂਦਾ ਤੇ ਕਮਾਲ ਦੀ ਗੱਲ ਇਹ ਕਿ ਜਿਹੜੇ ਏਦਾਂ ਕਰਨ ਨੂੰ 'ਮੁਫਤ ਦੀਆਂ ਰਿਉੜੀਆਂ' ਵੰਡਣਾ ਕਹਿੰਦੇ ਹਨ, ਅਗਲੇ ਦਿਨ ਓਦੋਂ ਵੱਡੀ ਗੱਪ ਨੂੰ ਗਾਰੰਟੀ ਕਹਿ ਕੇ ਪਹਿਲਿਆਂ ਤੋਂ ਵੱਧ ਲੋਕਾਂ ਦੀ ਭੀੜ ਅੱਗੇ ਅਤੇ ਮੀਡੀਏ ਰਾਹੀਂ ਸਾਰੇ ਦੇਸ਼ ਅੱਗੇ ਪੇਸ਼ ਕਰੀ ਜਾਂਦੇ ਹਨ। ਪਹਿਲੇ ਆਗੂ ਵੀ ਸਾਨੂੰ ਗਲਤ ਨਹੀਂ ਜਾਪਦੇ ਅਤੇ ਉਨ੍ਹਾਂ ਦੀ ਗੱਲ ਕੱਟ ਕੇ ਖੁਦ ਓਦੋਂ ਵੱਡੀ ਗੱਪ ਨੂੰ ਗਾਰੰਟੀ ਕਹਿ ਕੇ ਪੇਸ਼ ਕਰਨ ਵਾਲੇ ਨੂੰ ਠੀਕ ਕਹਿ ਦੇਣ ਵਿੱਚ ਵੀ ਸਾਨੂੰ ਹਰਜ਼ ਨਹੀਂ। ਅਸਲ ਸਥਿਤੀ ਜਿੱਦਾਂ ਦੀ ਹੈ, ਉਸ ਬਾਰੇ ਲੋਕਤੰਤਰ ਨੂੰ ਹੰਢਾਉਣ ਵਾਲੇ ਲੋਕ ਹੋਣਗੇ।

ਦੂਸਰਾ ਪੱਖ ਸਿਰੇ ਦੀ ਘਟੀਆ ਗੱਲ ਕਹਿ ਕੇ ਇਹ ਪਰਖਣ ਦਾ ਹੈ ਕਿ ਲੋਕਾਂ ਦੇ ਮੋਢਿਆਂ ਉੱਤੇ ਲੱਗਾ ਸਿਰ ਕੁਝ ਕੰਮ ਵੀ ਕਰਦਾ ਹੈ ਜਾਂ ਸਿਰਫ ਰਸਮ ਪੂਰੀ ਕਰਨ ਲਈ ਮਨੁੱਖ ਨੂੰ ਸਿਆਸੀ ਹਨੇਰੀਆਂ ਦੌਰਾਨ ਹਵਾ ਵਿੱਚ ਉੱਡ ਜਾਣ ਤੋਂ ਬਚਾਉਣ ਲਈ ਕੁਦਰਤ ਵੱਲੋਂ ਰੱਖਿਆ ਪੇਪਰ-ਵੇਟ ਬਣ ਕੇ ਰਹਿ ਗਿਆ ਹੈ! ਕਿਸੇ ਔਖੇ ਇਮਤਿਹਾਨ ਵਾਸਤੇ ਪੇਸ਼ ਕੀਤੇ ਗਏ ਔਖੇ ਤੋਂ ਔਖੇ ਪ੍ਰਸ਼ਨਾਂ ਵਾਂਗ ਇਹ ਕੰਮ ਹਰ ਕਿਸੇ ਹੋਰ ਤੋਂ ਵੱਧ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰਦੇ ਹਨ। ਉਹ ਆਪਣੇ ਵਿਰੋਧੀਆਂ ਉੱਤੇ ਦੂਸ਼ਣਬਾਜ਼ੀ ਕਰਨ ਲਈ ਇਹ ਕਹਿਣ ਤੋਂ ਵੀ ਨਹੀਂ ਝਿਜਕੇ ਕਿ ਵਿਰੋਧੀ ਧਿਰ ਚੋਣ ਜਿੱਤ ਗਈ ਤਾਂ ਤੁਹਾਡੇ ਘਰ ਦੀਆਂ ਦੋ ਮੱਝਾਂ ਵਿੱਚੋਂ ਇੱਕ ਮੱਝ ਖੋਲ੍ਹ ਕੇ ਜਾਂ ਤੁਹਾਡੀ ਪਾਣੀ ਸਪਲਾਈ ਵਾਸਤੇ ਲੱਗੀ ਹੋਈ ਟੂਟੀ ਲਾਹ ਕੇ ਲੈ ਜਾਣਗੇ। ਭਾਰਤ ਦੇ ਲੋਕ ਏਨੇ ਸਿਆਣੇ ਹੋ ਚੁੱਕੇ ਹਨ ਕਿ ਏਦਾਂ ਦੀ ਗੱਪ ਸੁਣ ਕੇ ਵੀ ਇਹ ਨਹੀਂ ਕਹਿੰਦੇ ਕਿ ਏਦਾਂ ਨਹੀਂ ਹੋ ਸਕਦਾ, ਸਗੋਂ ਖੁਸ਼ ਹੋ ਕੇ ਤਾੜੀਆਂ ਮਾਰਦੇ ਹਨ ਕਿ ਇਸ ਆਗੂ ਦਾ ਭਲਾ ਹੋਵੇ, ਜਿਹੜਾ ਸਾਨੂੰ ਸੁਚੇਤ ਕਰ ਰਿਹਾ ਹੈ, ਵਰਨਾ ਸਾਡੀ ਟੂਟੀ ਵੀ ਜਾਂਦੀ ਰਹਿਣੀ ਸੀ ਅਤੇ ਮੱਝ ਵੀ। ਉਰਦੂ ਭਾਸ਼ਾ ਦੀ ਇੱਕ ਕਹਾਵਤ ਹੈ, 'ਬੜੇ ਮੀਆਂ ਤੋ ਬੜੇ ਮੀਆਂ, ਛੋਟੇ ਮੀਆਂ ਸੁਬਹਾਨ ਅੱਲ੍ਹਾ।' ਕਹਿਣ ਤੋਂ ਭਾਵ ਇਹ ਕਿ ਬੜੇ ਨੇਤਾ ਜਦੋਂ ਏਡੀ ਗੱਲ ਕਹਿ ਸਕਦੇ ਹਨ ਤਾਂ ਕਹਿ ਹੀ ਸਕਦੇ ਹਨ, ਕਮਾਲ ਦੀ ਗੱਲ ਇਹ ਸਮਝੋ ਕਿ ਛੋਟੇ ਮੀਆਂ, ਯਾਨੀ ਛੋਟੇ ਨੇਤਾ ਇਸ ਤੋਂ ਵੀ ਬਹੁਤ ਅੱਗੇ ਤੱਕ ਦੀ ਗੱਲ ਕਹਿ ਸਕਦੇ ਹਨ, ਜਿਹੜੀ ਕਿਸੇ ਦੇ ਮੰਨਣ ਵਿੱਚ ਨਾ ਆਉਂਦੀ ਹੋਵੇ, ਪਰ ਸੁਣਨੀ ਤੇ ਮੰਨਣੀ ਪੈਂਦੀ ਹੈ।

ਤੀਸਰਾ ਪੱਖ ਇਨ੍ਹਾਂ ਚੋਣਾਂ ਵਿੱਚ ਧਰਮ ਦੀ ਵਰਤੋਂ ਨਹੀਂ, ਸਿਖਰਾਂ ਛੋਂਹਦੀ ਦੁਰਵਰਤੋਂ ਦਾ ਹੈ। ਪੰਜਾਬ ਵਿੱਚ ਸਿੱਖੀ ਨੂੰ ਸਿਆਸੀ ਮੁੱਦਾ ਬਣਾ ਲੈਣਾ ਸਾਡੇ ਲੋਕ ਆਮ ਗੱਲ ਸਮਝਦੇ ਹਨ, ਜਦ ਕਿ ਚੋਣਾਂ ਵਿੱਚ ਏਦਾਂ ਨਹੀਂ ਹੋਣਾ ਚਾਹੀਦਾ, ਪਰ ਦੇਸ਼ ਪੱਧਰ ਉੱਤੇ ਇੱਕ ਧਿਰ ਸਭ ਤੋਂ ਵੱਡੀ ਬਹੁ-ਗਿਣਤੀ ਵਾਲੇ ਹਿੰਦੂ ਧਰਮ ਨੂੰ ਮੁੱਦਾ ਬਣਾ ਕੇ ਲੋਕਾਂ ਤੋਂ ਵੋਟਾਂ ਮੰਗਦੀ ਅਤੇ ਉਨ੍ਹਾਂ ਨੂੰ ਬੇਵਕੂਫ ਬਣਾਉਂਦੀ ਹੈ ਤੇ ਦੂਸਰੀ ਇੱਕੋ ਵਕਤ ਦੋ ਬੇੜੀਆਂ ਦੀ ਸਵਾਰ ਹੋਣਾ ਚਾਹੁੰਦੀ ਹੈ। ਛੋਟੇ ਧਰਮਾਂ ਦੇ ਨਾਂਅ ਉੱਤੇ ਵੀ ਏਦਾਂ ਕਰਨ ਵਾਲੇ ਕੁਝ ਥੋੜ੍ਹੇ ਨਹੀਂ, ਰਾਜਸੀ ਲੋੜਾਂ ਦੀ ਪੂਰਤੀ ਲਈ ਉਹ ਵੀ ਹੱਦਾਂ ਲੰਘ ਜਾਂਦੇ ਹਨ ਅਤੇ ਏਦਾਂ ਕਰ ਕੇ ਉਹ ਇਹ ਸੋਚਦੇ ਹਨ ਕਿ ਬਹੁ-ਗਿਣਤੀ ਧਰਮ ਵਾਲੀ ਧਿਰ ਨੂੰ ਠਿੱਠ ਕਰ ਛੱਡਿਆ ਹੈ। ਅਸਲ ਵਿੱਚ ਏਦਾਂ ਦੀ ਰਾਜਨੀਤੀ ਨਾਲ ਉਹ ਆਪਣੇ ਧਰਮ ਦੇ ਉਨ੍ਹਾਂ ਲੋਕਾਂ ਅੱਗੇ ਹੋਰ ਕੰਡੇ ਵਿਛਾਈ ਜਾਂਦੇ ਹਨ, ਜਿਹੜੇ ਪਹਿਲਾਂ ਹੀ ਇਨ੍ਹਾਂ ਕੰਡਿਆਂ ਤੋਂ ਸਤਾਏ ਹੋਏ ਹਨ। ਅਸੀਂ ਸੁਣ ਰੱਖਿਆ ਹੈ ਕਿ ਲੋਹੇ ਨੂੰ ਲੋਹਾ ਕੱਟਦਾ ਹੈ, ਪਰ ਧਰਮ ਨੂੰ ਫਿਰਕੂਪੁਣੇ ਲਈ ਵਰਤਿਆ ਜਾਵੇ ਤਾਂ ਦੂਸਰੀ ਫਿਰਕਾਪ੍ਰਸਤੀ ਨੂੰ ਕੱਟਦਾ ਨਹੀਂ, ਇੱਕ ਕਿਸਮ ਦੀ ਫਿਰਕਪ੍ਰਸਤੀ ਦੂਸਰੀ ਫਿਰਕਾਪ੍ਰਸਤੀ ਨੂੰ ਹੋਰ ਤਿੱਖਾ ਕਰਦੀ ਹੈ। ਇਹ ਕੰਮ ਉਹ ਲੋਕ ਸਹਿਜ ਸੁਭਾਅ ਨਹੀਂ ਕਰਦੇ, ਉਨ੍ਹਾਂ ਦੀ ਸੋਚ ਵਿੱਚ ਇਹ ਜ਼ਹਿਰੀਲਾ ਦਾਅ ਛਿਪਿਆ ਹੁੰਦਾ ਹੈ ਕਿ ਇਸ ਤਰ੍ਹਾਂ 'ਆਪਣੇ ਧਰਮ' ਦੇ ਲੋਕਾਂ ਦੀ ਹਮਾਇਤ ਖਿੱਚਣੀ ਸੌਖੀ ਹੋ ਜਾਂਦੀ ਹੈ। ਨਤੀਜੇ ਵਜੋਂ ਦੋਵਾਂ ਪਾਸਿਆਂ ਦੀ ਫਿਰਕਾਪ੍ਰਸਤੀ ਜਿਸ ਕਿਸਮ ਦੇ ਚੰਦ ਚਾੜ੍ਹ ਸਕਦੀ ਹੈ, ਉਹ ਚੜ੍ਹੀ ਜਾ ਰਹੀ ਹੈ।

ਅਗਲਾ ਪੱਖ ਇਹ ਹੈ ਕਿ ਪ੍ਰਮੁੱਖ ਧਰਮਾਂ ਦੀ ਗੱਲ ਤਾਂ ਪਾਸੇ ਰਹੀ, ਲੋਕਤੰਤਰ ਦੇ ਇਸ ਘਮਸਾਨ ਵਿੱਚ ਛੋਟੇ-ਛੋਟੇ ਡੇਰਿਆਂ ਦੀ ਲੋੜ ਵੀ ਮਹਿਸੂਸ ਕੀਤੀ ਜਾਂਦੀ ਹੈ ਤੇ ਅੱਗੋਂ ਉਨ੍ਹਾਂ ਡੇਰਿਆਂ ਦੇ ਮੁਖੀ ਵੀ ਚੋਣਾਂ ਦੇ ਦਿਨਾਂ ਵਿੱਚ ਆਪਣੇ ਡੇਰੇ ਨੂੰ ਡੇਰਾ ਨਹੀਂ ਰਹਿਣ ਦੇਂਦੇ, ਵੋਟਾਂ ਤੇ ਵੋਟਰਾਂ ਦੀ ਸੌਦੇਬਾਜ਼ੀ ਦਾ ਕਾਊਂਟਰ ਬਣਾ ਬੈਠਦੇ ਹਨ। ਇੱਕ ਲੀਡਰ ਸਵੇਰੇ ਆਣ ਕੇ ਉਨ੍ਹਾਂ ਕੋਲ ਤਰਲੇ ਮਾਰਦਾ ਅਤੇ ਦੂਸਰਾ ਦੁਪਹਿਰ ਤੱਕ ਗੇੜਾ ਲਾ ਕੇ ਮੁੜਦਾ ਹੈ ਕਿ ਸ਼ਾਮ ਨੂੰ ਤੀਸਰਾ ਅਤੇ ਅੱਧੀ ਰਾਤ ਚੌਥਾ ਸ਼ਰੀਕ ਵੀ ਆਣ ਵੜਦਾ ਹੈ। ਪੰਜਾਬੀ ਬੋਲੀ ਦਾ ਇੱਕ ਸ਼ਬਦ 'ਚੁੰਗਾਂ' ਅੱਜਕੱਲ੍ਹ ਬਹੁਤਾ ਵਰਤੋਂ ਵਿੱਚ ਨਹੀਂ ਰਹਿ ਗਿਆ, ਇਸ ਦਾ ਮਤਲਬ ਦੁਕਾਨ ਉੱਤੇ ਆਏ ਗਾਹਕ ਹੁੰਦਾ ਹੈ। ਧਰਮ ਦੇ ਜਿਹੜੇ ਕੇਂਦਰਾਂ ਉੱਤੇ ਚੋਣਾਂ ਵਿੱਚ ਏਦਾਂ ਚੌਵੀ ਘੰਟੇ ਰਾਜਸੀ 'ਚੁੰਗਾਂ' ਆਈ ਜਾਂਦੀਆਂ ਹਨ ਅਤੇ ਹਰ ਵੇਲੇ ਉਨ੍ਹਾਂ ਦੀ ਕਤਾਰ ਲੱਗੀ ਹੁੰਦੀ ਹੈ, ਉਨ੍ਹਾਂ ਦੀ ਆਮਦ ਦੀ ਏਨੀ ਬਹੁਤਾਤ ਵਾਲੇ ਡੇਰਿਆਂ ਦੇ ਮੁਖੀ ਭਜਨ-ਬੰਦਗੀ ਕਦੋਂ ਕਰਦੇ ਹੋਣਗੇ, ਸਾਡੀ ਸੋਚ ਤੋਂ ਪਰੇ ਹੈ। ਸ਼ਾਇਦ ਇਹ ਲੋਕ ਸੋਚਦੇ ਹੋਣਗੇ ਕਿ ਧਰਮ-ਕਰਮ ਤਾਂ ਅੱਗੋਂ-ਪਿੱਛੋਂ ਵੀ ਹੁੰਦਾ ਰਿਹਾ ਤੇ ਹੁੰਦਾ ਰਹਿਣਾ ਹੈ, ਵੋਟਾਂ ਦਾ ਸੀਜ਼ਨ ਕਾਹਨੂੰ ਖਰਾਬ ਕਰਨਾ ਹੈ, ਸਿਆਸਤ ਦੀ ਫਸਲ ਸੰਭਾਲਣ ਵਿੱਚ ਨਾ ਖੁੰਝ ਜਾਂਦੇ ਹੋਈਏ। ਆਮ ਲੋਕ ਵੀ ਵੇਖ ਕੇ ਚੁੱਪ ਰਹਿੰਦੇ ਹਨ।

ਆਖਰੀ ਪੱਖ ਚੋਣਾਂ ਵਿੱਚ ਚੋਣ ਕਮਿਸ਼ਨ ਦੀ ਭੂਮਿਕਾ ਦਾ ਹੈ, ਜਿਸ ਨੇ ਦੇਸ਼ ਦੇ ਲੋਕਾਂ ਦੀ ਵਫਾਦਾਰੀ ਨਿਭਾਉਣ ਦੀ ਥਾਂ ਆਪਣੇ ਰੁਜ਼ਗਾਰ-ਦਾਤਿਆਂ, ਅਰਥਾਤ ਚੋਣ ਕਮਿਸ਼ਨਰੀ ਦੇ ਮਾਣ-ਮੱਤੇ ਅਹੁਦੇ ਬਖਸ਼ਣ ਵਾਲਿਆਂ ਦੀ ਵਫਾ ਕਰਨ ਨੂੰ ਹਮੇਸ਼ਾ ਪਹਿਲ ਦਿੱਤੀ ਹੈ। ਥੋੜ੍ਹਾ ਜਿਹਾ ਸਮਾਂ ਇਸ ਤੋਂ ਵੱਖਰਾ ਸੀ, ਜਦੋਂ ਟੀ ਐੱਨ ਸੇਸ਼ਨ ਨਾਂਅ ਦਾ ਮੁੱਖ ਚੋਣ ਕਮਿਸ਼ਨਰ ਇਸ ਦੇਸ਼ ਨੂੰ ਮਿਲਿਆ ਸੀ, ਉਸ ਤੋਂ ਬਿਨਾਂ ਮੌਕੇ ਦੇ ਮਾਲਕਾਂ ਦੀ ਜੀ-ਹਜ਼ੂਰੀ ਕਰਨ ਵਾਲੇ ਚੋਣ ਕਮਿਸ਼ਨਰਾਂ ਦੇ ਕਿਰਦਾਰ ਦੀ ਚਰਚਾ ਹੀ ਹੁੰਦੀ ਰਹੀ ਹੈ। ਇਸ ਵਾਰ ਫਿਰ ਚੋਣ ਕਮਿਸ਼ਨਰਾਂ ਨੇ ਲੋਕਤੰਤਰੀ ਅਸੂਲ ਟੁੱਟਦੇ ਵੇਖ ਕੇ ਚੁੱਪ ਰਹਿਣ ਦਾ ਨਵਾਂ ਰਿਕਾਰਡ ਬਣਾਇਆ ਹੈ, ਕੋਈ ਏਦਾਂ ਦਾ ਪ੍ਰਭਾਵਸ਼ਾਲੀ ਕਦਮ ਕਦੇ ਨਹੀਂ ਉਠਾਇਆ, ਜਿਸ ਦੇ ਕਾਰਨ ਅਜੋਕੇ ਮੁੱਖ ਚੋਣ ਕਮਿਸ਼ਨਰ ਜਾਂ ਉਸ ਦੇ ਦੋਵਾਂ ਜੋੜੀਦਾਰਾਂ ਨੂੰ ਯਾਦ ਰੱਖਿਆ ਜਾਵੇ। ਚੋਣਾਂ ਦੀ ਘੜੀ ਜਦੋਂ ਸਿਰ ਉੱਤੇ ਸੀ, ਇੱਕ ਚੋਣ ਕਮਿਸ਼ਨਰ ਰਿਟਾਇਰ ਹੋ ਗਿਆ ਤੇ ਦੂਸਰਾ ਅਸਤੀਫਾ ਦੇ ਗਿਆ ਸੀ। ਉਨ੍ਹਾਂ ਦੋਵਾਂ ਦੀ ਥਾਂ 'ਬੂਹੇ ਖੜੋਤੀ ਜੰਞ, ਵਿੰਨ੍ਹੋਂ ਕੁੜੀ ਦੇ ਕੰਨ' ਵਾਲੀ ਹਾਲਤ ਵਿੱਚ ਨਵੇਂ ਨਿਯੁਕਤ ਕੀਤੇ ਸਨ ਤੇ ਨਵੇਂ ਦੋ ਚੋਣ ਕਮਿਸ਼ਨਰਾਂ ਤੋਂ ਇਹਦੀ ਆਸ ਰੱਖਣੀ ਹੀ ਫਜ਼ੂਲ ਸੀ ਕਿ ਉਹ ਚੋਣਾਂ ਦੌਰਾਨ ਕਾਨੂੰਨੀ ਕਿਤਾਬਾਂ ਵੇਖ ਕੇ ਕੁਝ ਕਰਨਗੇ। ਬਹੁਤ ਸਾਰੇ ਮੌਕੇ ਆਏ ਸਨ, ਜਦੋਂ ਪ੍ਰਧਾਨ ਮੰਤਰੀ ਤੱਕ ਨੇ ਰਾਜਨੀਤਕ ਤੇ ਸੰਵਿਧਾਨਕ ਹੱਦਾਂ ਤੋਂ ਅੱਗੇ ਲੰਘ ਕੇ ਉਹ ਗੱਲਾਂ ਕਹੀਆਂ, ਜਿਨ੍ਹਾਂ ਕਾਰਨ ਉਨ੍ਹਾਂ ਉੱਤੇ ਕਾਰਵਾਈ ਕਰਨੀ ਬਣਦੀ ਸੀ, ਪਰ ਚੋਣ ਕਮਿਸ਼ਨ ਇਸ ਬਾਰੇ ਚੁੱਪ ਰਿਹਾ ਜਾਂ ਕਾਰਵਾਈ ਕਰਨ ਤੋਂ ਟਲਦਾ ਰਿਹਾ ਅਤੇ ਉਹ ਆਗੂ ਇਸ ਤੋਂ ਵੀ ਅਗਲੀ ਹੱਦ ਉਲੰਘਦੇ ਰਹੇ। ਬਾਕੀ ਸਭ ਕੁਝ ਛੱਡੋ, ਚੋਣ ਪ੍ਰਚਾਰ ਬੰਦ ਹੋਣ ਮਗਰੋਂ ਜਿਹੜੀਆਂ ਗੱਲਾਂ ਵਾਸਤੇ ਪੱਕੀ ਮਨਾਹੀ ਦੱਸੀ ਗਈ ਸੀ, ਉਹ ਵੀ ਸ਼ਰੇਆਮ ਹੁੰਦੀਆਂ ਰਹੀਆਂ। ਪ੍ਰਚਾਰ ਰੋਕਣ ਦੇ ਦਿਨ ਅਸੀਂ ਖੁਦ ਪੁੱਛਿਆ ਸੀ ਕਿ ਫਲਾਣੀ ਕਿਸਮ ਦੀ ਸਮੱਗਰੀ ਵਰਤਣ ਦੀ ਆਗਿਆ ਹੈ ਜਾਂ ਮਨਾਹੀ ਹੈ ਤੇ ਸਾਨੂੰ ਚੋਣ ਅਫਸਰਾਂ ਨੇ ਦੱਸਿਆ ਸੀ ਕਿ ਇਸ ਦੀ ਸਖਤ ਮਨਾਹੀ ਹੈ। ਕਮਾਲ ਦੀ ਗੱਲ ਕਿ ਪ੍ਰਚਾਰ ਬੰਦ ਹੋਣ ਤੋਂ ਅਗਲੇ ਦਿਨ ਮਨਾਹੀ ਵਾਲਾ ਸਭ ਕੁਝ ਚੋਣ ਪ੍ਰਚਾਰ ਦੇ ਆਮ ਦਿਨਾਂ ਵਾਂਗ ਚੱਲਦਾ ਰਿਹਾ ਅਤੇ ਕਿਸੇ ਨੇ ਕਿਸੇ ਨੂੰ ਕਿਸੇ ਥਾਂ ਕਿਸੇ ਗੱਲ ਤੋਂ ਰੋਕਿਆ ਨਹੀਂ। ਪਾਰਟੀਆਂ ਤੇ ਆਗੂਆਂ ਦੇ ਇੰਟਰਵਿਊ ਵੀ ਛਪਦੇ ਅਤੇ ਪੇਸ਼ ਹੁੰਦੇ ਰਹੇ ਅਤੇ ਇਸ਼ਤਿਹਾਰ ਵੀ ਵੋਟਾਂ ਵਾਲੇ ਦਿਨ ਤੱਕ ਚੱਲਦੇ ਰਹੇ।

ਮੈਨੂੰ ਉਸ ਵਕਤ ਦਾ ਇੱਕ ਕਿੱਸਾ ਕਦੇ ਨਹੀਂ ਭੁੱਲ ਸਕਦਾ, ਜਦੋਂ ਡਾਕਟਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਹੁੰਦੇ ਸਨ। ਇੱਕ ਵਾਰੀ ਅਸੀਂ ਕਿਸੇ ਸਮਾਗਮ ਵਿੱਚ ਸਾਂ। ਇੱਕ ਸੀਨੀਅਰ ਪੱਤਰਕਾਰ ਤੇ ਇੱਕ ਸੀਨੀਅਰ ਸਿਵਲ ਅਫਸਰ ਚਾਹ ਪੀਂਦਿਆਂ ਚਰਚਾ ਕਰਦੇ ਪਏ ਸਨ ਕਿ ਮਨਮੋਹਨ ਸਿੰਘ ਦੇ ਰਾਜ ਵਿੱਚ ਬੜਾ ਕੁਝ ਗਲਤ ਹੁੰਦਾ ਹੈ। ਸਾਰੀ ਗੱਲ ਉਹ ਦੋਵੇਂ ਇੱਕੋ ਸੁਰ ਵਿੱਚ ਕਹਿੰਦੇ ਸਨ ਤੇ ਠੀਕ ਹੀ ਕਹਿੰਦੇ ਸਨ, ਇਸ ਵਿੱਚ ਮੋੜ ਓਦੋਂ ਆ ਗਿਆ, ਜਦੋਂ ਉਨ੍ਹਾਂ ਵਿੱਚੋਂ ਇੱਕ ਜਣੇ ਨੇ ਇਹ ਕਿਹਾ ਕਿ ਮਨਮੋਹਨ ਸਿੰਘ ਦਾ ਕੀ ਕਸੂਰ ਹੈ, ਸਰਕਾਰ ਤਾਂ ਸੋਨੀਆ ਗਾਂਧੀ ਦੇ ਘਰੋਂ ਚੱਲਦੀ ਪਈ ਹੈ, ਮਨਮੋਹਨ ਸਿੰਘ ਸਿਰਫ ਦਸਤਖਤ ਕਰਦਾ ਹੈ। ਪਹਿਲੇ ਨੇ ਪੁੱਛ ਲਿਆ ਕਿ ਫਿਰ ਏਦਾਂ ਪ੍ਰਧਾਨ ਮੰਤਰੀ ਬਣੇ ਰਹਿਣ ਦਾ ਫਾਇਦਾ ਕੀ ਹੈ ਅਤੇ ਦੂਸਰੇ ਨੇ ਝੱਟ ਆਖਿਆ ਕਿ ਬਹੁਤ ਫਾਇਦਾ ਹੈ, ਇਸ ਨਾਲ ਇਹ ਗੱਲ ਸਾਬਤ ਹੋ ਗਈ ਹੈ ਕਿ ਇਹ ਦੇਸ਼ ਪ੍ਰਧਾਨ ਮੰਤਰੀ ਦੇ ਬਗੈਰ ਵੀ ਚੱਲ ਸਕਦਾ ਜਾਂ ਚਲਾਇਆ ਜਾ ਸਕਦਾ ਹੈ। ਪਿਛਲੇ ਹਫਤੇ ਇਹ ਹੀ ਗੱਲ ਸਾਨੂੰ ਉਸ ਵੇਲੇ ਯਾਦ ਆਈ, ਜਦੋਂ ਪੱਤਰਕਾਰਾਂ ਦੇ ਇੱਕ ਗਰੁੱਪ ਵਿੱਚ ਬੈਠਿਆਂ ਇੱਕ ਸੱਜਣ ਨੇ ਕਿਹਾ ਕਿ ਕੁਝ ਕਰਨਾ ਨਹੀਂ ਤਾਂ ਏਦਾਂ ਦੇ ਚੋਣ ਕਮਿਸ਼ਨ ਹੋਣ ਦਾ ਫਾਇਦਾ ਕੀ ਹੈ! ਮੈਂ ਜਵਾਬ ਵਿੱਚ ਓਦੋਂ ਵਾਲੀ ਗੱਲ ਕਹਿ ਦਿੱਤੀ ਕਿ ਇਸ ਦਾ ਬੜਾ ਵੱਡਾ ਫਾਇਦਾ ਹੈ, ਇਸ ਸਾਲ ਦੀਆਂ ਚੋਣਾਂ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਵਿੱਚ ਕਿੰਨੇ ਸਾਰੇ ਬੇਲੋੜੇ ਕਾਨੂੰਨਾਂ ਅਤੇ ਬੇਲੋੜੇ ਅਹੁਦਿਆਂ ਵਾਂਗ ਇੱਕ ਬੇਲੋੜੀ ਚੀਜ਼ ਚੋਣ ਕਮਿਸ਼ਨ ਵੀ ਹੈ, ਇਹ ਨਾ ਵੀ ਹੋਵੇ ਤਾਂ ਭਾਰਤ ਦਾ ਲੋਕਤੰਤਰ, ਜਿੰਨਾ ਕੁ ਮਾੜਾ-ਮੋਟਿਆ ਬਚਿਆ ਨਜ਼ਰ ਆਉਂਦਾ ਹੈ, ਚੱਲਦਾ ਰਹਿ ਸਕਦਾ ਹੈ। ਉਂਜ ਇਹ ਲੋਕਤੰਤਰ ਚੱਲਦਾ ਕਿੱਥੇ ਹੈ, ਚੱਲਣ ਦਾ ਐਵੇਂ ਭਰਮ ਜਿਹਾ ਹੀ ਪਾਉਂਦਾ ਹੈ, ਚੋਣ ਕਮਿਸ਼ਨ ਵੀ ਨਾ ਹੋਵੇ ਤਾਂ ਕਿਹੜਾ ਲੋਕਤੰਤਰ ਉੱਤੇ ਪਹਾੜ ਡਿੱਗ ਪਵੇਗਾ!

ਮਿਰਜ਼ਾ ਗਾਲਿਬ ਨੇ ਲਿਖਿਆ ਸੀ, 'ਹਮ ਕੋ ਮਾਲੂਮ ਹੈ ਜੰਨਤ ਕੀ ਹਕੀਕਤ ਲੇਕਿਨ, ਦਿਲ ਕੇ ਖੁਸ਼ ਰਖਨੇ ਕੋ ਗਾਲਿਬ ਯੇ ਖਿਆਲ ਅੱਛਾ ਹੈ।' ਦਿਲ ਨੂੰ ਧਰਵਾਸ ਜੋਗਾ ਲੋਕਤੰਤਰ ਸਾਡੇ ਕੋਲ ਹੈ ਤਾਂ ਖਿਆਲ ਬੁਰਾ ਨਹੀਂ।

# ਭੱਟੀਆਂ ਦੇ ਹਾਂਸ ਨੇ ਬੰਨ੍ਹਿਆ ਸੀ ਪਿੰਡ 'ਹਾਂਸ'

ਪਿੰਡ ਵਸਿਆ

ਵਿਜੈ ਬੰਬੇਲੀ

1882 ਦੇ ਬੰਦੋਬਸਤ ਮੁਤਾਬਕ, ਢੇਰ ਸਮਾਂ ਪਹਿਲਾਂ ਇੱਕ ਕੁਨਬੇ ਨੇ ਜੰਮੂ ਖਿੱਤੇ ਵੱਲੋਂ ਆਪਣੀਆਂ ਸਥਿਤੀਆਂ-ਪ੍ਰਸਥਿਤੀਆਂ ਵੱਸ ਦਰਿਆ ਸਤਲੁਜ ਦੇ ਪਾਰਲੇ ਖੇਤਰ ਵੱਲ ਪ੍ਰਸਥਾਨ ਕੀਤਾ ਅਤੇ ਇੱਕ ਢੁੱਕਵਾਂ ਰਕਬਾ ਖਾਲੀ ਪਿਆ ਵੇਖ ਸਮੇਂ ਦੇ ਹਾਕਮ ਨੂੰ ਨਜ਼ਰਾਨਾ ਤਾਰ ਇੱਥੇ ਵਸਣ ਦੀ ਸਨਦ ਪ੍ਰਾਪਤ ਕਰ ਲਈ। ਇਸ ਜੁੱਟ ਦਾ ਆਗੂ 'ਭੱਟੀ' ਹਾਂਸ ਸੀ, ਮਗਰੋਂ 'ਹਾਂਸ' ਜੱਟ ਕੁਨਬੇ ਵਜੋਂ ਤਸਲੀਮ ਹੋਇਆ, ਲਿਹਾਜ਼ਾ ਉਸ ਦੇ ਨਾਂਅ 'ਤੇ ਇਸ ਖੇੜੇ ਦੀ ਅੱਲ 'ਹਾਂਸ' ਪੱਕ ਗਈ। ਸਮੇਂ ਮੁਜ਼ਬ ਹੋਰ ਜਾਤਾਂ-ਕੁਨਬੇ ਇੱਥੇ ਵਸਦੇ-ਰਸਦੇ ਰਹੇ। ਹੁਣ ਇਹ ਤਹਿਸੀਲ ਜਗਰਾਓਂ ਜ਼ਿਲ੍ਹਾ ਲੁਧਿਆਣਾ ਦਾ ਉੱਘਾ ਪਿੰਡ ਹੈ। ਬੰਦੋਬਸਤ ਤੋਂ ਪਹਿਲਾਂ ਇਹ ਪਿੰਡ ਪ੍ਰਬੰਧ (ਮਾਲਕੀ) ਵਜੋਂ ਠੁਲਿਆਂ ਵਿੱਚ ਤਕਸੀਮ ਸੀ। 'ਠੁਲਾ' ਦਾ ਸ਼ਬਦੀ ਅਰਥ ਹੈ: ਜ਼ਮੀਨੀ ਟੁਕੜਾ, ਭੋਇੰ ਤਰਫ (ਦਿਸ਼ਾ), ਜ਼ਮੀਨ ਦੀ ਵਿਸ਼ੇਸ਼ ਨਿਸ਼ਾਨਦੇਹੀ (ਮਾਲਕੀ)। ਕੁੱਲ ਅੱਠ ਠੁਲੇ ਸਨ: ਠੁਲਾ ਅਲਬੇਲਾ, ਠੁਲਾ ਕਬੀਰਾ, ਠੁਲਾ ਦੀਦਾਰਾ, ਠੁਲਾ ਨਿਹਾਲਾ, ਠੁਲਾ ਬੂਟਾ, ਠੁਲਾ ਭੋਲਾ, ਠੁਲਾ ਰੂਪਾ ਅਤੇ ਠੁਲਾ ਰੁਲਦੂ। ਸਮੇਂ-ਮੁਜ਼ਬ ਠੁਲਿਆ ਦੇ ਨਾਂਅ ਭੁੱਲ-ਵਿਸਰ ਗਏ। ਹੁਣ ਇਹ ਨਗਰ ਤਿੰਨ ਪੱਤੀਆਂ ਵਿੱਚ ਪ੍ਰਚਲਿਤ ਹੈ: ਪੱਤੀ ਪੱਕਾ ਪਾਸਾ, ਪੱਤੀ ਚਾਈਆਂ ਅਤੇ ਝਾੜੂ ਪੱਤੀ। 19ਵੀਂ ਸਦੀ ਦੇ ਸ਼ੁਰੂਆਤੀ ਵਰ੍ਹਿਆਂ 'ਚ ਹੀ ਇਸ ਪਿੰਡ ਵਿੱਚ ਵਾਕਿਆ ਕਰੀਬ ਡੇਢ ਦਰਜਨ ਸਿੰਚਾਈ ਖੂਹਾਂ (ਚਾਹ) ਦੀ ਮੌਜੂਦਗੀ ਇਸ ਦੇ ਵਿਕਾਸ ਪੱਖੋਂ ਸੁਲੱਖਣਾ ਪਿੰਡ ਹੋਣ ਦੀ ਗਵਾਹੀ ਹੈ। ਜ਼ਮੀਨ ਦੀ ਅੱਧੀ ਮਾਲਕੀ ਪੱਕਾ ਪਾਸਾ ਪੱਤੀ ਕੋਲ ਹੈ ਅਤੇ ਬਾਕੀ ਅੱਧ ਦੇ ਮਾਲਕ ਪੱਤੀ ਚਾਈਆ ਤੇ ਝਾੜੂ ਪੱਤੀ ਬਰੋ-ਬਰਾਬਰ ਹਨ। ਤਿੰਨਾਂ ਪੱਤੀਆਂ ਦੇ ਆਪੋ-ਆਪਣੇ ਦਰਵਾਜ਼ੇ ਸਨ, ਜਿਹਨਾਂ ਦੀ ਜੂਹ ਅੰਦਰ ਉਹ ਵੱਸਦੇ ਸਨ ਅਤੇ ਸਾਰਾ ਪਿੰਡ ਇਹਨਾਂ ਤਿੰਨਾਂ ਦਰਵਾਜ਼ਿਆਂ ਦੀ ਘੇਰਾ-ਬੰਦੀ ਕਰਦੇ ਇੱਕ ਵੱਡੇ ਪੈਹੇ ਅੰਦਰ ਜੁਗਲ-ਬੰਦ ਸੀ। ਹਾਂ; ਇਹਨਾਂ ਤਿੰਨ ਪੱਤੀਆਂ ਤੋਂ ਬਿਨਾਂ ਪਿੰਡ ਵਿੱਚ ਕਿਰਤੀਆਂ ਦੇ ਦੋ ਵਿਹੜੇ ਹਨ: ਵਿਹੜਾ ਮਜ਼ਬੀਆਂ ਅਤੇ ਵਿਹੜਾ ਰਮਦਾਸੀਆ ਸਿੱਖ।

ਆਜ਼ਾਦੀ-ਤਹਿਰੀਕ ਵਿੱਚ ਇਸ ਪਿੰਡ ਨੇ ਨਾਮਵਰ ਹਿੱਸਾ ਪਾਇਆ ਸਿਰਲੱਥ ਦੇਸ਼ ਭਗਤ ਸਨ: 1. ਗ਼ਦਰ ਲਹਿਰ: ਉੱਤਮ, ਨਰੈਣ, ਇੰਦਰ ਅਤੇ ਕਿਸ਼ਨ ਦੀ ਚੌਕੜੀ 2. ਗੁਰਦਵਾਰਾ ਸੁਧਾਰ ਲਹਿਰ: ਭਾਈ ਗੱਜਣ ਸਿੰਘ-ਬਖਤੌਰ ਸਿੰਘ-ਰਾਮ ਸਿੰਘ 3. ਕੌਮੀ ਲਹਿਰਾਂ: ਗੁਰਦੇਵ ਸਿੰਘ-ਨਰੈਣ ਸਿੰਘ-ਬਿਸ਼ਨ ਸਿੰਘ ਅਤੇ ਆਜ਼ਾਦ ਹਿੰਦ ਫੌਜ: ਕਿਰਪਾਲ ਸਿੰਘ-ਜਗੀਰ ਸਿੰਘ-ਪੂਰਨ ਸਿੰਘ-ਭਗਤ ਸਿੰਘ-ਭਾਨ ਸਿੰਘ-ਮਹਿੰਦਰ ਸਿੰਘ-ਮੇਹਰ ਸਿੰਘ-ਰਾਮ ਸਿੰਘ-ਸ਼ੇਰ ਸਿੰਘ। ਵਿਲੱਖਣ ਦਿੱਖ ਇੱਥੋਂ ਦੇ ਗ਼ਦਰੀ ਸਨ: ਗ਼ਦਰੀ ਉੱਤਮ ਸਿੰਘ, ਨਰਾਇਣ ਸਿੰਘ, ਇੰਦਰ ਸਿੰਘ ਅਤੇ ਗ਼ਦਰੀ ਕਿਸ਼ਨ ਸਿੰਘ, ਪਰ ਸ਼ਹੀਦ ਉੱਤਮ ਸਿੰਘ, ਜਿਹਨਾਂ ਨੂੰ ਦੂਸਰੇ ਲਾਹੌਰ ਸਾਜ਼ਿਸ਼ ਕੇਸ (ਪਹਿਲਾਂ ਸਪਲੀਮੈਂਟਰੀ) ਵਿੱਚ ਚਾਰ ਹੋਰ ਗ਼ਦਰੀਆਂ ਸਮੇਤ ਫਾਹੇ ਟੰਗ ਦਿੱਤਾ ਗਿਆ ਸੀ, ਬੜਾ ਉੱਘਾ ਹੋਇਆ, ਪਰ ਕਿਸੇ ਕਾਰਨ ਗ਼ਦਰੀ ਇਤਿਹਾਸ ਵਿੱਚ ਉੱਤਮ ਸਿੰਘ ਤੋਂ ਬਿਨਾਂ ਇਸ ਨਗਰ ਦੇ ਤਿੰਨ ਹੋਰ ਗ਼ਦਰੀਆਂ ਦੇ ਨਾਂਅ ਦਾ ਢੁੱਕਵਾਂ ਉਲੇਖ ਨਹੀਂ ਹੋਇਆ। ਹਾਲਾਂਕਿ ਸੰਨ 1914 ਦੀ ਗੁਪਤ ਮਿਸਲ ਨੰਬਰ 829 ਅਤੇ '15 ਦੀ ਮਿਸਲ 130 ਵਿੱਚ ਦਰਜ ਹੈ, "ਕਿਸ਼ਨ ਸਿੰਘ ਬਾਲਦੀਨ ਜਮੀਅਤ ਪਿੰਡ ਹਾਂਸ, ਥਾਣਾ ਜਗਰਾਓਂ, ਅਸਟਰੇਲੀਆ ਤੋਂ ਵਰਾਸਤਾ ਕਲੰਬੋ ਰਾਹੀਂ ਮੁੜਿਆ ਖ਼ਤਰਨਾਕ ਸ਼ਖਸ ਹੈ, ਜਿਸ ਤੋਂ 'ਖਾਲਸਾ ਅਖ਼ਬਾਰ', ਜਿਸ ਵਿੱਚ ਗ਼ਦਰ ਰਿਪੋਰਟਾਂ ਹਨ, ਦੀ ਇੱਕ ਜਿਲਦ, ਹੋਰ ਇਤਰਾਜ਼ਯੋਗ ਸਾਹਿਤ ਅਤੇ ਕਾਮਾਗਟੀਆਂ ਦਾ ਕੁੱਝ ਸਮਾਨ ਬਰਾਮਦ ਹੋਇਆ।" ਗ਼ਦਰੀ ਇੰਦਰ ਸਿੰਘ ਬਾਰੇ ਸੀ.ਆਈ.ਡੀ. ਦੀ ਰਿਪੋਰਟ ਕਹਿੰਦੀ ਹੈ, "ਇਸ ਨੇ ਫਿਰੋਜ਼ਪੁਰ ਛਾਉਣੀ ਦੇ ਅਸਫਲ ਹਮਲੇ ਵਿੱਚ ਹਿੱਸਾ ਲਿਆ। ਲਿਹਾਜ਼ਾ; ਇਸ ਨੂੰ ਪੂਰਕ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ।" ਬ੍ਰਿਟਿਸ਼ ਸਾਮਰਾਜ ਦੀ ਇੱਕ ਹੋਰ ਗੁਪਤ ਚਿੱਠੀ ਵਿੱਚ ਭਾਵੇਂ ਗ਼ਦਰੀ ਨਰੈਣ ਸਿੰਘ ਅਤੇ ਭਾਈ ਉੱਤਮ ਸਿੰਘ ਦੀ ਨਕਸ਼ਬੰਦੀ 'ਕੱਠੀ ਮਿਲਦੀ ਹੈ, ਪਰ ਇਸ ਵਿੱਚ ਨਰਾਇਣ ਪੁੱਤਰ ਰਾਘੋ ਭਰਾਤਾ ਉੱਤਮ ਸਾਕਨ ਹਾਂਸ ਬਾਰੇ ਕੁੱਝ ਵਧਵਾਂ ਲਿਖਿਆ ਗਿਆ ਹੈ, "ਇਹ ਖ਼ਤਰਨਾਕ ਮੁਜਰਮ ਹੈ, ਪਰ ਹਾਲਾਂ ਤੀਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਹ ਵਿਦੇਸ਼ੋਂ ਪਰਤਿਆ ਕਰਾਂਤੀਕਾਰੀ ਹੈ ਜਾਂ ਦੇਸ਼ੋ ਰਲਿਆ ਕਰਾਂਤੀਕਾਰੀ।" ਸੂਤਰ ਦੱਸਦੇ ਹਨ ਕਿ ਇਸ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਢੀ ਪਿੰਡ ਸਾਰੰਗਵਾਲ (ਮਾਹਿਲਪੁਰ) ਵਿੱਚ ਗ਼ਦਰੀ ਦਲੀਪ ਸਿੰਘ ਦੇ ਗੁਪਤ ਟਿਕਾਣੇ 'ਤੇ ਕੀਤੀ ਉਸ ਮੀਟਿੰਗ ਵਿੱਚ ਵੀ ਹਿੱਸਾ ਲਿਆ ਸੀ, ਜਿਸ ਵਿੱਚ ਵੱਡੇ ਨੰਗਲ ਦੇ ਜ਼ੈਲਦਾਰ ਚੰਦਾ ਸਿੰਘ ਨੂੰ ਕਤਲ ਕਰਨ ਦੀ ਮੁਕੰਮਲ ਵਿਉਂਤਬੰਦੀ ਕੀਤੀ ਗਈ ਸੀ।

ਇਤਿਹਾਸਕਾਰ ਜਰਨੈਲ ਸਿੰਘ ਅੱਚਰਵਾਲ ਮੁਤਾਬਿਕ ਇਸ ਲੇਖ ਵਿੱਚ ਸਦੀ ਨੂੰ ਢੁਕ ਚੁੱਕੇ, ਆਜ਼ਾਦ ਹਿੰਦੀਏ ਕਿਰਪਾਲ ਸਿੰਘ, ਜਿਹੜਾ ਮਗਰੋਂ ਬਹੁ-ਪਰਤੀ ਕਾਮਰੇਡ ਬਣਿਆ, ਦੇ ਕੁੱਝ ਮਾਰਮਿਕ ਝੋਰਿਆਂ ਦੀ ਬਾਤ ਪਾਉਣੀ ਬੜੀ ਸਾਰਥਿਕ ਰਹੇਗੀ। ਕਾ. ਕਿਰਪਾਲ ਸਿੰਘ, ਜਿਹੜਾ ਇਨਕਲਾਬੀ ਪੁੱਠ ਤਹਿਤ ਇੱਕ ਡੂੰਘਾ ਪਾਠਕ ਵੀ ਹੋ ਨਿਬੜਿਆ, ਅਕਸਰ ਚਿੰਤਕ ਹਲਕਿਆਂ ਵਿੱਚ ਆਪਣੀ ਤੇ ਪਿੰਡ ਦੀ ਸੰਘਰਸ਼ਮਈ ਗਾਥਾ ਅਤੇ ਕੁੱਝ ਯਥਾਰਥ ਫ਼ਿਕਰਮੰਦੀਆਂ ਜ਼ਾਹਰ ਕਰਦਾ ਹੈ। ਲੇਖ ਨਿਰਧਾਰਤ ਸੀਮਾ ਤੋਂ ਲੰਬਾ ਹੋ ਜਾਣ ਦੇ ਡਰੋਂ ਸਾਰਾ ਵਿਖਿਆਨ ਸੰਭਵ ਨ੍ਹੀਂ, ਪਰ ਤੁਸੀਂ ਮੈਨੂੰ ਦੋ ਹਰਫਾਂ ਵਿੱਚ ਉਸ ਦੀ ਇੱਕ ਕੌੜੀ ਸੱਚਾਈ ਪਾਠਕਾਂ ਨਾਲ ਸਾਂਝੀ ਕਰਨ ਦੀ ਆਗਿਆ ਦਿਓ, "...ਮੇਰੇ ਪਾਸ ਬੇਸ਼ਕੀਮਤੀ ਉਰਦੂ-ਅੰਗਰੇਜ਼ੀ-ਹਿੰਦੀ ਅਤੇ ਪੰਜਾਬੀ ਦਸਤਾਵੇਜ਼, ਫਾਇਲਾਂ ਅਤੇ ਪੁਸਤਕਾਂ ਹਨ। ਨਵੀਂ ਪੀੜ੍ਹੀ ਦਾ ਇਸ ਨਾਲ ਕੋਈ ਵਾਹ-ਵਾਸਤਾ ਨਹੀਂ।" ਉਹ ਹੌਕਾ ਭਰਦਾ, "ਜਗਆਸੂਓ! ਮੈਨੂੰ ਕੁੱਝ ਨਹੀਂ ਸੁੱਝ ਰਿਹਾ, ਮੇਰੇ ਮਗਰੋਂ ਇਹਨਾਂ ਅਮੁੱਲੇ ਅੱਖਰਾਂ ਦਾ ਕੀ ਬਣੇਗਾ?"

ਮੋਬਾ. 94634-39075

# ਬੁੱਧੀਜੀਵੀ ਵਰਗ ਸਰਗਰਮ ਭੂਮਿਕਾ ਨਿਭਾਉਣ ਲਈ ਅੱਗੇ ਆਵੇ

ਸੁਮੀਤ ਸਿੰਘ

ਇਕ ਸੱਭਿਅਕ ਅਤੇ ਵਿਕਸਤ ਸਮਾਜ ਦੀ ਉਸਾਰੀ ਵਿਚ ਸੁਹਿਰਦ ਅਤੇ ਅਗਾਂਹਵਧੂ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਸਿੱਖਿਆ ਸ਼ਾਸਤਰੀਆਂ, ਵਿਗਿਆਨੀਆਂ, ਅਧਿਆਪਕਾਂ, ਪ੍ਰੋਫੈਸਰਾਂ, ਵਕੀਲਾਂ, ਨਾਟਕਕਾਰਾਂ, ਸਾਹਿਤਕਾਰਾਂ, ਕਲਾਕਾਰਾਂ, ਕਾਨੂੰਨਦਾਨਾਂ ਅਤੇ ਸਮਾਜਿਕ ਕਾਰਕੁਨਾਂ ਦੀ ਇਕ ਵਿਸ਼ੇਸ਼ ਅਤੇ ਅਹਿਮ ਭੂਮਿਕਾ ਹੁੰਦੀ ਹੈ। ਉਨ੍ਹਾਂ ਦੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਜਿੱਥੇ ਸਮਾਜ ਵਿਚ ਵਿਗਿਆਨਕ ਚੇਤਨਾ, ਸਵੈ ਵਿਸ਼ਵਾਸ, ਸੰਘਰਸ਼, ਭਾਈਚਾਰਕ ਸਾਂਝ, ਧਰਮ ਨਿਰਪੱਖਤਾ, ਜਮਹੂਰੀਅਤ, ਆਪਸੀ ਪਿਆਰ, ਇਕਜੁੱਟਤਾ, ਇਮਾਨਦਾਰੀ, ਨਿਆਂ, ਸਚਾਈ, ਅਨੁਸ਼ਾਸਨ ਆਦਿ ਨੈਤਿਕ ਕਦਰਾਂ-ਕੀਮਤਾਂ ਦੀ ਭਾਵਨਾ ਪ੍ਰਫੁੱਲਿਤ ਕਰਨ ਲਈ ਲਗਾਤਾਰ ਸੇਧ ਅਤੇ ਅਗਵਾਈ ਦੇਣ, ਉੱਥੇ ਹੀ ਸਾਧਨ ਵਿਹੂਣੇ ਪੱਛੜੇ ਅਤੇ ਗਰੀਬ ਵਰਗ ਦੇ ਲੋਕਾਂ ਵਿਚ ਜਮਹੂਰੀ ਹੱਕਾਂ ਦੀ ਰਾਖੀ ਲਈ ਸਾਂਝੇ ਜਨਤਕ ਸੰਘਰਸ਼ ਕਰਨ ਦੀ ਸਮਾਜਿਕ ਚੇਤਨਾ ਵੀ ਵਿਕਸਤ ਕਰਨ। ਭਾਰਤ ਦੇ ਕੌਮਾਂਤਰੀ ਪ੍ਰਸਿੱਧ ਲੋਕ ਪੱਖੀ ਵਿਗਿਆਨੀਆਂ ਅਤੇ ਚਿੰਤਕਾਂ ਦੀਆਂ 40 ਵਿਗਿਆਨਕ ਸੰਸਥਾਵਾਂ 'ਤੇ ਅਧਾਰਤ ਇਕ ਵਿਗਿਆਨਕ ਸੰਸਥਾ ਆਲ ਇੰਡੀਆ ਪੀਪਲਜ਼ ਸਾਇੰਸ ਨੈੱਟਵਰਕ ਵੱਲੋਂ 7 ਨਵੰਬਰ 2023 ਤੋਂ 28 ਫਰਵਰੀ 2024 ਤੱਕ ਚਲਾਈ ਗਈ ਕੌਮੀ ਜਾਗਰੂਕਤਾ ਮੁਹਿੰਮ ਤਹਿਤ ਕੋਲਕਾਤਾ ਵਿਖੇ ਇਕ ਪ੍ਰਭਾਵਸ਼ਾਲੀ ਕੌਮੀ ਕਨਵੈਨਸ਼ਨ ਵਿਚ ਕੁਝ ਮਤੇ ਪਾਸ ਕਰਕੇ ਭਾਜਪਾ-ਸੰਘ ਅਤੇ ਮੋਦੀ ਸਰਕਾਰ ਵੱਲੋਂ ਦੇਸ਼ ਵਿਚ ਜਨਤਕ ਅਦਾਰਿਆਂ, ਵਿਗਿਆਨਕ ਸੋਚ, ਵਿਗਿਆਨਕ ਸਿੱਖਿਆ, ਧਰਮ ਨਿਰਪੱਖਤਾ, ਜਮਹੂਰੀਅਤ, ਫੈਡਰਲ ਢਾਂਚੇ ਅਤੇ ਆਜ਼ਾਦਾਨਾ ਬੋਲਣ, ਲਿਖਣ ਦੇ ਸੰਵਿਧਾਨਕ ਹੱਕਾਂ, ਸੰਵਿਧਾਨਕ ਸੰਸਥਾਵਾਂ ਅਤੇ ਮੌਲਿਕ ਅਧਿਕਾਰਾਂ ਉੱਤੇ ਕੀਤੇ ਜਾ ਰਹੇ ਫ਼ਿਰਕੂ ਫਾਸ਼ੀਵਾਦੀ ਹਮਲਿਆਂ ਦੇ ਖਿਲਾਫ ਕੇਂਦਰ ਸਰਕਾਰ ਦੇ ਜ਼ਿੰਮੇਵਾਰ ਉੱਚ ਅਧਿਕਾਰੀਆਂ, ਕਾਨੂੰਨਦਾਨਾਂ, ਸਿੱਖਿਆ ਸ਼ਾਸਤਰੀਆਂ ਅਤੇ ਸਮੂਹ ਰਾਜਸੀ ਪਾਰਟੀਆਂ ਨੂੰ ਪੱਤਰ ਲਿਖਿਆ ਹੈ, ਜਿਸ ਉੱਤੇ 109 ਵਿਗਿਆਨੀਆਂ ਅਤੇ ਬੁੱਧੀਜੀਵੀਆਂ ਵੱਲੋਂ ਦਸਤਖ਼ਤ ਕੀਤੇ ਗਏ ਹਨ। ਇਸ ਪੱਤਰ ਵਿਚ ਕੇਂਦਰ ਸਰਕਾਰ ਵੱਲੋਂ ਵਿਸ਼ਵ ਵਪਾਰ ਸੰਗਠਨ ਅਤੇ ਸੰਸਾਰ ਬੈਂਕ ਦੇ ਦਬਾਅ ਹੇਠ ਦੇਸ਼ ਵਿਚਲੇ ਜਨਤਕ ਅਦਾਰਿਆਂ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਵੇਚਣ, ਮੌਜੂਦਾ ਵਿਦਿਅਕ ਢਾਂਚੇ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਪੁਰਾਤਨ ਰੂੜੀਵਾਦੀ, ਅੰਧ-ਵਿਸ਼ਵਾਸੀ ਅਤੇ ਮਿਥਿਹਾਸਕ ਮਨੋਤਾਵਾਂ ਦੀ ਦਲਦਲ ਵਿੱਚ ਸੁੱਟਣ ਅਤੇ ਫਿਰਕਾਪ੍ਰਸਤੀ ਤੇ ਅੰਧ ਰਾਸ਼ਟਰਵਾਦ ਫੈਲਾਉਣ ਦਾ ਦੋਸ਼ ਲਾਉਂਦਿਆਂ ਸਾਮਰਾਜ ਪੱਖੀ ਨੀਤੀਆਂ ਰੱਦ ਕਰਨ, ਸੰਵਿਧਾਨ ਦੀ ਧਾਰਾ 51-ਏ (ਐੱਚ) ਅਨੁਸਾਰ ਵਿਗਿਆਨਕ ਸੋਚ ਦਾ ਪ੍ਰਚਾਰ-ਪ੍ਰਸਾਰ ਕਰਨ ਅਤੇ ਧਾਰਾ 19 ਤਹਿਤ ਸੁਤੰਤਰ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਯਕੀਨੀ ਬਣਾਉਣ ਉਤੇ ਜ਼ੋਰ ਦਿੱਤਾ ਗਿਆ ਹੈ।

ਪਿਛਲੇ ਕੁਝ ਸਾਲਾਂ ਤੋਂ ਹਕੂਮਤੀ ਸਰਪ੍ਰਸਤੀ ਹੇਠ ਦੇਸ਼ ਵਿਚ ਵਧ ਰਹੇ ਫ਼ਿਰਕੂ ਫਾਸ਼ੀਵਾਦ ਉੱਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਇਨ੍ਹਾਂ ਨਾਮਵਰ ਵਿਗਿਆਨੀਆਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਉੱਚ ਵਿਦਿਅਕ ਸੰਸਥਾਵਾਂ ਅਤੇ ਵਿਗਿਆਨ ਤੇ ਤਕਨਾਲੋਜੀ ਦੇ ਖੋਜ ਕਾਰਜਾਂ ਦੇ ਬੱਜਟ ਵਿੱਚ ਵੱਡੀ ਕਟੌਤੀ ਕਰਨ ਦੇ ਇਲਾਵਾ ਦੇਸ਼ ਦੇ ਭਖਵੇਂ ਲੋਕ ਪੱਖੀ ਮੁੱਦਿਆਂ, ਵਿਗਿਆਨਕ ਚੇਤਨਾ, ਜਮਹੂਰੀਅਤ, ਧਰਮ ਨਿਰਪੱਖਤਾ ਤੇ ਜਮਹੂਰੀ ਅਧਿਕਾਰਾਂ ਉਤੇ ਵਿਚਾਰ-ਵਟਾਂਦਰਾ ਕਰਨ ਉਤੇ ਅਣਐਲਾਨੀ ਪਾਬੰਦੀ ਲਗਾ ਦਿੱਤੀ ਗਈ ਹੈ ਅਤੇ ਇਨ੍ਹਾਂ ਅਦਾਰਿਆਂ ਵਿਚ ਵਿਗਿਆਨਕ ਚੇਤਨਾ ਪੱਖੀ ਅਧਿਆਪਕਾਂ ਅਤੇ ਅਧਿਕਾਰੀਆਂ ਦੀ ਬਜਾਏ ਭਾਜਪਾ-ਸੰਘ ਪੱਖੀ ਫ਼ਿਰਕੂ ਰਾਜਸੀ ਕਾਰਕੁਨਾਂ ਦੀ ਨਿਯੁਕਤੀ ਕਰਕੇ ਵਿਦਿਅਕ ਸੰਸਥਾਵਾਂ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ।

ਇਸ ਸੰਬੰਧੀ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਇਸ ਕੌਮੀ ਕਨਵੈਨਸ਼ਨ ਵਿੱਚ ਲੋਕਤੰਤਰ ਅਤੇ ਧਰਮ ਨਿਰਪੱਖਤਾ ਦੀ ਰਾਖੀ ਲਈ ਵਿਗਿਆਨ ਅਤੇ ਵਿਗਿਆਨਕ ਸੋਚ ਅਪਣਾਉਣ ਦਾ ਨਾਅਰਾ ਦਿੱਤਾ ਗਿਆ ਹੈ ਅਤੇ ਧਰਮ ਨੂੰ ਰਾਜਨੀਤੀ ਅਤੇ ਰਾਜ ਪ੍ਰਬੰਧ ਤੋਂ ਵੱਖ ਰੱਖਣ ਦੀ ਮੰਗ ਕੀਤੀ ਗਈ ਹੈ।ਇਸ ਦੇ ਇਲਾਵਾ ਸਿੱਖਿਆ ਪਾਠਕ੍ਰਮਾਂ ਵਿਚ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਸਮੇਤ ਕੁਦਰਤੀ ਸਾਧਨਾਂ, ਜੰਗਲ ਅਤੇ ਵਾਤਾਵਰਨ ਦੀ ਸੰਭਾਲ, ਜਮਹੂਰੀਅਤ, ਫੈਡਰਲ ਢਾਂਚੇ ਆਦਿ ਨੂੰ ਮੁੜ ਸ਼ਾਮਲ ਕਰਨ ਅਤੇ ਪੁਰਾਤਨ ਮੱਧਯੁਗੀ ਅਤੇ ਮਿਥਿਹਾਸਕ ਰੂੜੀਵਾਦੀ ਪਾਠਕ੍ਰਮਾਂ ਨੂੰ ਬਾਹਰ ਕੱਢਣ ਦੀ ਮੰਗ ਵੀ ਕੀਤੀ ਗਈ।ਇਸ ਦੇ ਨਾਲ ਹੀ ਉੱਚ ਵਿਦਿਅਕ ਅਦਾਰਿਆਂ ਵਿਚ ਵਿਗਿਆਨਕ ਖੋਜ ਕਾਰਜਾਂ ਅਤੇ ਸੁਤੰਤਰ ਵਿਚਾਰ ਚਰਚਾਵਾਂ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੇ ਵਿਕਾਸ ਲਈ ਵੱਧ ਤੋਂ ਵੱਧ ਫੰਡ ਜਾਰੀ ਕੀਤੇ ਜਾਣ ਦੀ ਵੀ ਮੰਗ ਕੀਤੀ ਗਈ। ਵਿਦਿਅਕ ਸੰਸਥਾਵਾਂ ਅਤੇ ਰਾਜ ਪ੍ਰਬੰਧ 'ਚੋਂ ਅੰਧ-ਵਿਸ਼ਵਾਸ ਅਤੇ ਫਿਰਕਾਪ੍ਰਸਤੀ ਫੈਲਾਉਣ ਵਾਲੀਆਂ ਰੂੜੀਵਾਦੀ ਕਾਰਵਾਈਆਂ ਬੰਦ ਕਰਨ ਉਤੇ ਜ਼ੋਰ ਦਿੱਤਾ ਗਿਆ। ਇਨ੍ਹਾਂ ਸਭ ਤੋਂ ਉਪਰ ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਆਰਥਿਕ ਨੀਤੀਆਂ ਰੱਦ ਕਰਨ ਅਤੇ ਪਾਣੀ, ਸਿੱਖਿਆ, ਸਿਹਤ, ਖੇਤੀ, ਅੰਨ, ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਦੇ ਜਮਹੂਰੀ ਤੇ ਬੁਨਿਆਦੀ ਹੱਕਾਂ ਦੀ ਰਾਖੀ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਗਈ। ਉਨ੍ਹਾਂ ਸਮੂਹ ਰਾਜਸੀ ਪਾਰਟੀਆਂ ਨੂੰ ਇਨ੍ਹਾਂ ਸਾਰੇ ਲੋਕ ਪੱਖੀ ਮੁੱਦਿਆਂ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨ ਦੀ ਵੀ ਮੰਗ ਕੀਤੀ ਹੈ।

ਬੀਤੇ ਸਾਲਾਂ ਵਿੱਚ ਵੀ ਦੇਸ਼ ਦੇ ਮਾਹਿਰ ਕਾਨੂੰਨਦਾਨਾਂ, ਬੁੱਧੀਜੀਵੀਆਂ, ਸਿੱਖਿਆ ਸ਼ਾਸਤਰੀਆਂ, ਸੁਪਰੀਮ ਕੋਰਟ ਦੇ ਵਕੀਲਾਂ ਅਤੇ ਸੇਵਾ-ਮੁਕਤ ਜੱਜਾਂ ਵੱਲੋਂ ਚਿੰਤਾ ਜ਼ਾਹਿਰ ਕਰਦਿਆਂ ਉਪਰੋਕਤ ਮੁੱਦਿਆਂ ਸੰਬੰਧੀ ਮੋਦੀ ਸਰਕਾਰ ਅਤੇ ਸੁਪਰੀਮ ਕੋਰਟ ਦੇ ਚੀਫ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

ਡਾ. ਸ਼ਿਆਮ ਸੁੰਦਰ ਦੀਪਤੀ

# ਕਲਾਕਾਰ ਹੋਣਾ ਮਨੁੱਖ ਦੀ ਤੀਸਰੀ ਅੱਖ ਵਿਚ ਹੈ

ਮੈਂ ਲਿਖਦਾ ਹਾਂ ਤੇ ਲੇਖਕ ਹੋਣ ਨਾਤੇ, ਮੈਂ ਕਲਾਕਾਰ ਹਾਂ। ਇਹ ਉਦੋਂ ਦੀ ਗੱਲ ਹੈ, ਜਦੋਂ ਮੈਂ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ ਤੇ ਤਹਿਸੀਲ ਪੱਧਰੀ ਖੁਸ਼-ਖ਼ੱਤ ਲਿਖਾਈ ਮੁਕਾਬਲਿਆਂ ਵਿਚ ਹਿੱਸਾ ਲੈਣ, ਲਿਜਾਇਆ ਗਿਆ ਸੀ ਤੇ ਦੂਸਰੀ ਥਾਂ 'ਤੇ ਰਿਹਾ ਸੀ। ਹਿੰਦੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਦੇ ਮੁਕਾਬਲੇ ਸੀ ਤੇ ਮੈਂ ਤੀਸਰੀ ਜਾਂ ਚੌਥੀ ਕਲਾਸ ਵਿਚ ਸੀ।

ਛੇਵੀਂ ਵਿਚ ਪਹਿਲੀ ਵਾਰ ਵਿਸ਼ੇ ਮੁਤਾਬਕ ਪੀਰੀਅਡ ਲੱਗਦੇ। ਮੇਰੇ ਹਿੰਦੀ ਦੇ ਅਧਿਆਪਕ ਨੇ ਮੈਨੂੰ ਸੰਸਕ੍ਰਿਤ ਵਿਚ ਦਾਖਲ ਕਰ ਲਿਆ। ਨਾਲ ਬਦਲਵਾਂ ਵਿਸ਼ਾ ਸੀ ਡਰਾਇੰਗ। ਮੇਰਾ ਮਨ ਡਰਾਇੰਗ ਵਿਚ ਸੀ। ਜ਼ਿਆਦਾ ਨੰਬਰ ਆਉਣਗੇ ਕਹਿ ਕੇ, ਸੰਸਕ੍ਰਿਤ ਰਖਵਾ ਦਿੱਤਾ। ਉਹ ਕੀ ਕਹਿੰਦੇ ਨੇ, 'ਨਾ ਮਾਇਆ ਮਿਲੀ ਨਾ ਰਾਮ', ਨਾ ਲਕੀਰਾਂ ਨਾਲ ਪਿਆਰ ਪੈ ਸਕਿਆ ਨਾ ਸੰਸਕ੍ਰਿਤ ਦੀ ਵਿਦਵਤਾ ਨਾਲ। ਉਸ ਤੋਂ ਬਾਅਦ ਨੌਂਵੀਂ ਵਿਚ ਵਿਗਿਆਨ ਪੜ੍ਹਦਿਆਂ, ਵਿਗਿਆਨ ਦੇ ਅਧਿਆਪਕ ਨੇ ਕਿਹਾ, 'ਵਿਗਿਆਨ ਅਤੇ ਕਲਾ ਦਾ ਮੇਲ ਨਹੀਂ।' ਮੈਂ ਪ੍ਰੈਕਟੀਕਲ ਦੀ ਕਾਪੀ 'ਤੇ ਕੁਝ ਡਿਜ਼ਾਇਨ ਬਣਾ ਕੇ ਹਾਸ਼ੀਏ ਬਣਾ ਦਿੰਦਾ। ਭਾਵੇਂ ਵਿਗਿਆਨ ਵਿਚ ਪੌਦਿਆਂ ਦੀ, ਜਾਨਵਰਾਂ ਦੇ ਸ਼ਰੀਰਾਂ ਦੀਆਂ ਫੋਟੂਆਂ ਬਣਾਉਣੀਆਂ ਪੈਂਦੀਆਂ ਅਤੇ ਪਰ ਡਰਾਇੰਗ-ਡਿਜ਼ਾਈਨ ਤੋਂ ਦੂਰ ਕਰ ਦਿੱਤਾ ਗਿਆ। ਨਹੀਂ ਤਾਂ ਪੱਕਾ ਹੈ, ਜਿਸ ਤਰ੍ਹਾਂ ਲਿਖਾਈ ਸੀ, ਮੈਂ ਪੇਂਟਰ ਵੀ ਬਣ ਸਕਦਾ ਸੀ, ਵਧੀਆ ਕਲਾਕਾਰ ਵੀ। ਠੀਕ ਹੈ ਗਰੀਬੀ ਕਰਕੇ ਰੰਗਾਂ ਦੇ ਸ਼ੌਕ ਪੂਰੇ ਨਹੀਂ ਸੀ ਕੀਤੇ ਜਾ ਸਕਦੇ, ਖੈਰ ਜੋ ਵੀ ਹੈ, ਮੈਂ ਨੌਂਵੀਂ ਵਿਚ ਕਵਿਤਾ ਲਿਖਣ ਲੱਗਭੱਗ ਲੱਗ ਗਿਆ, ਗੀਤ-ਕਵਿਤਾ ਸੁਣਦਾ, ਕਲਾਕਾਰੀ ਨੇ ਰਾਹ ਬਣਾ ਲਿਆ।

ਕਵਿਤਾ ਤਾਂ ਲਿਖਣ ਲੱਗਿਆ, ਪਰ ਗੱਲ ਹੋ ਰਹੀ ਹੈ, ਕਲਾਕਾਰ ਹੋਣ ਦੀ। ਆਮ ਤੌਰ 'ਤੇ ਸੁਣਿਆ ਹੈ ਕਲਾਕਾਰੀ ਪਰਵਾਰਾਂ ਵਿਚ ਦੀ ਹੁੰਦੀ ਹੈ। ਕਲਾਕਾਰ ਵਰਗੀ ਕੋਈ ਤੰਦ ਪਰਵਾਰ ਦੇ ਕਿਸੇ ਮੈਂਬਰ ਵਿਚ, ਕਿਸੇ ਵੱਡੇ-ਵਡੇਰੇ ਵਿਚ ਪਈ ਹੋਵੇ, ਮੇਰੇ ਤਾਂ ਚਿੱਤ-ਚੇਤੇ ਨਹੀਂ ਹੈ। ਜ਼ਿੰਦਗੀ ਜਿਉਣ ਦੇ ਸੰਘਰਸ਼ ਵਿਚ ਮਾਤਾ-ਪਿਤਾ ਨਾਲ ਬੈਠਣ ਦਾ ਉਸ ਤਰ੍ਹਾਂ ਦਾ ਮੌਕਾ ਵੀ ਨਹੀਂ ਮਿਲਿਆ, ਪਰ ਇਕ ਗੱਲ ਪਤਾ ਹੈ ਕਿ ਪਿਤਾ ਜੀ ਅਤੇ ਮੇਰੇ ਫੁੱਫੜ ਘੁੰਮਣ-ਫਿਰਨ ਵਾਸਤੇ ਕੇਦਾਰਨਾਥ ਤੱਕ ਨਿਕਲ ਜਾਂਦੇ, ਇਹ ਵੀ ਪਤਾ ਹੈ ਕਿ ਹਰ ਸਾਲ ਹਰਿਦਵਾਰ ਸਾਰਾ ਪਰਵਾਰ ਜਾਂਦਾ। ਖਾਣ-ਪੀਣ ਦਾ ਸਾਮਾਨ ਨਾਲ ਰੱਖਿਆ ਹੁੰਦਾ ਤੇ ਕਿਸੇ ਧਰਮਸ਼ਾਲਾ ਵਿਚ ਰਹਿ ਕੇ ਤਕਰੀਬਨ ਇਕ ਮਹੀਨਾ ਬੇਫ਼ਿਕਰੀ ਨਾਲ ਬਿਤਾਉਂਦੇ, ਪਿਤਾ ਜੀ ਦੀ ਇਹ ਬੇਫ਼ਿਕਰੀ ਨੂੰ ਵੀ ਕਲਾਕਾਰ ਦਾ ਗੁਣ ਮੰਨ ਸਕਦੇ ਹਾਂ। ਜੇ ਮੈਂ ਆਪਣੇ ਵੱਲ ਝਾਤੀ ਮਾਰਾਂ ਤਾਂ ਮੇਰਾ ਦਿਲ ਵੀ ਕਿਸੇ ਇਕ ਥਾਂ 'ਤੇ ਟਿਕ ਕੇ ਰਹਿਣ ਦੀ ਬਜਾਏ ਸੜਕਾਂ 'ਤੇ ਰਹਿਣ ਨੂੰ ਵੱਧ ਤਰਜੀਹ ਦਿੰਦਾ ਹੈ। ਆਪਣੀਆਂ ਖੁਦ ਦੀਆਂ ਤੇ ਕੁਝ ਕੁ ਪਰਵਾਰਕ ਬੰਦਸ਼ਾਂ ਦੇ ਬਾਵਜੂਦ ਮੈਂ ਤਕਰੀਬਨ ਸਾਲ ਵਿਚੋਂ ਪੰਜਾਹ ਐਤਵਾਰ ਘਰੋਂ ਬਾਹਰ ਹੁੰਦਾ ਹਾਂ। ਇਕ ਗੱਲ ਤਸੱਲੀ ਦੇਣ ਵਾਲੀ ਹੈ ਕਿ ਮੇਰੀ ਪਤਨੀ ਊਸ਼ਾ ਵਧ-ਚੜ੍ਹ ਕੇ ਹਰ ਇਸ ਤਰ੍ਹਾਂ ਦੇ ਉੱਦਮ ਵਿਚ, ਮੇਰਾ ਸਾਥ ਦਿੰਦੀ ਹੈ।

ਪੜ੍ਹਨ ਦੀ ਆਦਤ ਨੇ ਕਈ ਪੱਖ ਸਪੱਸ਼ਟ ਕੀਤੇ ਹਨ। ਇਕ ਗੱਲ ਜੋ ਮੈਂ ਜਾਣੀ ਹੈ ਕਿ ਯੂਨੀਵਰਸਿਟੀ ਦੇ ਵਿਦਵਾਨ ਅਤੇ ਕਲਾਕਾਰ ਵਿਚ ਇਕ ਫ਼ਰਕ ਹੈ ਕਿ ਯੂਨੀਵਰਸਿਟੀ ਦਾ ਵਿਦਵਾਨ, ਆਪਣੀ ਗੱਲ ਰੱਖਣ ਦੇ ਲਈ ਆਪਣੀ ਵਿਦਵਤਾ ਦਿਖਾਉਣ ਲਈ ਗੱਲਾਂ ਨੂੰ ਔਖਾ ਬਣਾ ਕੇ ਪੇਸ਼ ਕਰਦਾ ਹੈ ਤੇ ਕਲਾਕਾਰ ਆਪਣੀ ਗੱਲ ਨੂੰ ਸਧਾਰਨ ਤੋਂ ਸਧਾਰਨ ਪੇਸ਼ਕਾਰੀ ਰਾਹੀਂ ਲੋਕਾਂ ਦੇ ਪੱਧਰ 'ਤੇ ਆ ਕੇ ਗੱਲ ਕਰਦਾ ਹੈ।

ਮੈਨੂੰ ਇਹ ਮੰਨਣ ਵਿਚ ਕੋਈ ਹਰਜ਼ ਨਹੀਂ, ਤੁਸੀਂ ਭਾਵੇਂ ਕਿਸੇ ਮਰਜ਼ੀ ਲਹਿਜ਼ੇ ਵਿਚ ਲਵੋ, ਮੈਨੂੰ ਮੇਰੇ ਪਾਠਕ ਅਕਸਰ ਇਹ ਕਹਿੰਦੇ ਹਨ ਕਿ ਤੁਸੀਂ ਗੱਲ ਨੂੰ ਬਹੁਤ ਸੌਖੇ ਤਰੀਕੇ ਨਾਲ ਲੋਕਾਂ ਸਾਹਮਣੇ ਰੱਖਦੇ ਹੋ। ਯੂਨੀਵਰਸਿਟੀ ਦੇ ਮਾਹਿਰ ਇਸ ਨੂੰ ਨਿਮਨ ਪੱਧਰ ਦੀ ਪੇਸ਼ਕਾਰੀ ਵੀ ਕਹਿ ਸਕਦੇ ਹਨ। ਮੈਂ ਕਿਸੇ ਇਸ ਤਰ੍ਹਾਂ ਦੇ ਵਿਦਿਅਕ ਅਦਾਰੇ ਨਾਲ ਕਦੇ ਨਹੀਂ ਜੁੜਿਆ, ਭਾਵੇਂ ਮੈਂ ਐੱਮ.ਏ. (ਸਮਾਜ ਸ਼ਾਸਤਰ), ਐੱਮ.ਏ. (ਪੰਜਾਬੀ) ਅਤੇ ਇਸੇ ਤਰ੍ਹਾਂ ਇਕ ਸਾਲ ਮਨੋਵਿਗਿਆਨ ਵੀ ਪੜ੍ਹਿਆ ਹੈ। ਇਹ ਗੱਲਾਂ ਕਿਸੇ 'ਤੇ ਰੋਹਬ ਪਾਉਣ ਲਈ ਨਹੀਂ ਹਨ। ਇਸ ਤਰ੍ਹਾਂ ਪੜ੍ਹਨਾ ਮੈਨੂੰ ਆਪਣੇ ਗਿਆਨ ਵਿਚ ਵਾਧਾ ਕਰਨਾ, ਇਕ ਵਧੀਆ ਜ਼ਰੀਆ ਲੱਗਿਆ ਹੈ ਤੇ ਨਾਲੇ ਇਸ ਗਿਆਨ ਨੂੰ ਮੈਂ ਆਪਣੇ ਲਿਖਣ ਵਿਚ ਵਰਤਿਆ ਵੀ ਹੈ।

ਲਿਖਣਾ ਮੇਰੇ ਵਾਸਤੇ ਇਕ ਮਕਸਦ ਲੈ ਕੇ ਆਇਆ ਹੈ। ਸਾਹਿਤ ਜਾਂ ਸਿਹਤ, ਮੈਨੂੰ ਕਦੇ ਦੋ ਵੱਖਰੇ ਨਹੀਂ ਲੱਗੇ। ਸਾਹਿਤ ਤੋਂ ਮੈਂ ਜੋ ਇਕ ਗੱਲ ਸਿੱਖੀ ਅਤੇ ਅਪਨਾਈ ਹੈ ਕਿ ਸਾਹਿਤ ਦਾ ਭਾਰਤੀ ਪਰਿਪੇਖ ਵਿਚ ਮੂਲ-ਮੰਤਰ ਦੱਸਿਆ ਜਾਂਦਾ ਹੈ ਕਿ ਇਹ ਸਤਯਮ, ਸ਼ਿਵਮ, ਸੁੰਦਰਮ ਦੀ ਕਸੌਟੀ 'ਤੇ ਪੂਰਾ ਉੱਤਰੇ। ਪੱਛਮੀ ਸਾਹਿਤ ਦਾ ਤਜਰਬਾ ਹੋਰ ਹੈ, ਉਹ ਭਾਰਤੀ ਮੂਲ ਦੇ ਸਿਧਾਂਤ ਮੁਤਾਬਿਕ ਕਲਿਆਣਕਾਰੀ ਨਹੀਂ ਹੈ। ਸਾਡੇ ਲੇਖਣ ਦਾ ਮੰਤਵ ਸਾਹਿਤ ਸ਼ਬਦ ਵਿਚ ਹੀ ਲੁਕਿਆ ਹੋਇਆ ਹੈ, ਉਸ ਮੁਤਾਬਕ ਸਾਹਿਤ ਹੈ, ਸਾ ਅਤੇ ਹਿੱਤ, ਮਤਲਬ ਕਲਿਆਣ ਲਈ।

ਮੈਂ ਚਾਹੇ ਸਾਹਿਤ ਦੇ ਕਿਸੇ ਵਿਸ਼ੇ 'ਤੇ ਗੱਲ ਕੀਤੀ ਹੈ ਜਾਂ ਸਿਹਤ ਦੇ ਕਿਸੇ ਪੱਖ 'ਤੇ ਗੱਲ ਉਭਾਰੀ ਹੈ, ਉਹਦਾ ਅੰਤਿਮ ਮਕਸਦ ਹਮੇਸ਼ਾ ਕਲਿਆਣਕਾਰੀ ਰਿਹਾ ਹੈ। ਕਿਸੇ ਵੀ ਲੇਖਕ ਵਿਚ ਸੱਚ ਪਹਿਲੀ ਲੋੜ ਹੈ। ਪੱਤਰਕਾਰੀ ਕਾਲਮ ਕਰਦਿਆਂ, ਲਿਖਦਿਆਂ, ਜਿਸ ਬਾਰੇ ਜਾਣਿਆ ਕਿ ਇਸ ਦਾ ਪਹਿਲਾ ਮੁੱਢਲਾ ਕਾਰਕ ਹੈ, ਸੱਚ ਨੂੰ ਪੇਸ਼ ਕਰਨਾ ਤੇ ਦੂਸਰਾ ਹੈ ਕੋਈ ਵੀ ਖ਼ਬਰ ਤਿਆਰ ਕਰਨ ਲੱਗਿਆਂ ਆਪਣੇ ਆਪ ਨੂੰ ਇਹ ਸਵਾਲ ਕਰਨਾ ਕਿ ਇਹ ਖ਼ਬਰ ਲੋਕਾਂ ਨਾਲ ਸਾਂਝੀ ਕਰਨੀ ਜ਼ਰੂਰੀ ਹੈ ਜਾਂ ਦੂਸਰੇ ਸ਼ਬਦਾਂ ਵਿਚ ਜੇ ਇਹ ਖ਼ਬਰ ਨਾ ਪਹੁੰਚੀ ਤਾਂ ਕਿ ਨੁਕਸਾਨ ਹੋ ਜਾਵੇਗਾ ਇਨ੍ਹਾਂ ਦੋਵੇਂ ਗੁਣਾ ਨੂੰ ਮੈਂ ਸਾਹਿਤ 'ਤੇ ਲਾਗੂ ਕਰਕੇ ਲਿਖਿਆ।

ਵੈਸੇ ਤਾਂ ਡਾਕਟਰ ਹੋਣਾ ਵੀ ਇਕ ਕਲਾਕਾਰ ਹੋਣਾ ਹੈ। ਭਾਵੇਂ ਕਿ ਪਲਾਸਟਿਕ ਸਰਜਰੀ ਜਾਂ ਹੋਰ ਕਿੰਨੇ ਹੀ ਵਿਸ਼ੇ ਹਨ, ਜੋ ਮਨੁੱਖ ਦੀ ਸਰੀਰਕ ਦਿੱਖ ਅਤੇ ਚਾਲ ਬਿਲਕੁਲ ਹੀ ਬਦਲ ਦਿੰਦੇ ਹਨ। ਇੱਥੋਂ ਤੱਕ ਕਿ ਦਿਲ ਦਾ ਸਟੰਟ ਵੀ ਵਿਅਕਤੀ ਨੂੰ ਇਕ ਤਰ੍ਹਾਂ ਦਾ ਨਵਾਂ-ਨਰੋਆ ਬਣਾ ਦਿੰਦਾ ਹੈ, ਪਰ ਮੇਰਾ ਵਿਸ਼ਾ, ਜਿਸ ਨੂੰ ਸਮਾਜਿਕ ਅਰਥਾਂ ਵਿਚ ਸਮਾਜ ਨੂੰ ਬਦਲਣ ਦਾ ਵਿਸ਼ਾ ਕਹਿ ਸਕਦੇ ਹਾਂ. ਸਿਹਤ ਵਿਗਿਆਨ ਵਿਚ ਦਵਾਈਆਂ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੈ। ਉਹ ਵਿਅਕਤੀ ਨੂੰ ਮੌਤ ਦੇ ਮੂੰਹ ਵਿੱਚੋਂ ਕੱਢ ਸਕਦੀਆਂ ਹਨ। ਇਹ ਸਭ ਕੁਝ ਹੁੰਦੇ-ਜਾਣਦੇ ਹੋਏ ਵੀ ਮੇਰੀ ਕਿਤਾਬ ਹੈ, 'ਦਵਾਈਆਂ ਨੂੰ ਹਾਰ', ਇਸੇ ਤਰ੍ਹਾਂ ਹੀ ਇਕ ਹੋਰ ਕਿਤਾਬ ਹੈ, 'ਮਨ, ਮਾਹੌਲ ਮਨੋਰੋਗ', ਇਨ੍ਹਾਂ ਦੋਨੋਂ ਕਿਤਾਬਾਂ ਦਾ ਮਕਸਦ ਸਮਾਜਿਕ ਵਾਤਾਵਰਨ ਨੂੰ ਦਰੁਸਤ ਕਰਨਾ ਹੈ, ਜੋ ਕਿ ਮੇਰੇ ਵਿਸ਼ੇ ਦਾ ਕੇਂਦਰ ਬਿੰਦੂ ਹੈ। ਮਤਲਬ ਅਜਿਹੀ ਵਿਵਸਥਾ ਬਣਾਈ ਜਾਵੇ, ਅਜਿਹਾ ਵਾਤਾਵਰਨ ਉਸਾਰਿਆ ਜਾਵੇ ਕਿ ਲੋਕ ਬਿਮਾਰ ਹੀ ਨਾ ਪੈਣ।

ਸਮਾਜ ਵਿਚ ਕੋਈ ਕਲਾਕਾਰ, ਜਿਸ ਵੀ ਰੂਪ ਵਿਚ ਆਪਣੀ ਭੂਮਿਕਾ ਨਿਭਾਉਂਦਾ ਹੈ। ਉਸ ਦਾ ਮਕਸਦ ਇਕ ਸਿਹਤਮੰਦ ਆਲਾ-ਦੁਆਲਾ ਉਸਾਰਨਾ ਹੀ ਹੁੰਦਾ ਹੈ। ਚਾਹੇ ਕੋਈ ਕਲਾਕਾਰ ਨਾਟਕਾਂ ਰਾਹੀਂ ਕਰੇ ਜਾਂ ਕਿਸੇ ਕਵੀ ਦਰਬਾਰ ਵਿਚ। ਦੱਸਿਆ ਨਾ ਕਿ ਸਕੂਲ ਵਿਚ ਡਰਾਇੰਗ ਵਿਸ਼ਾ ਰੱਖਣਾ ਚਾਹਿਆ। ਮਨ ਵਿਚ ਕਿਤੇ ਸ਼ਿਵ ਦੀ ਉਹ ਤਸਵੀਰ ਸੀ, ਜਿਸ ਵਿਚ ਕਲਾਕਾਰ ਨੇ ਉਸ ਦੇ ਮੱਥੇ ਵਿਚ ਤੀਸਰੀ ਅੱਖ ਬਣਾਈ ਗਈ ਹੈ।

ਮੱਥੇ ਵਿਚ ਤੀਸਰੀ ਅੱਖ, ਇਸ ਦੇ ਅਰਥ ਹਨ, ਇਹ ਮੱਥੇ ਵਿਚ ਹੀ ਕਿਉਂ ਹੈ। ਕੀ ਉਥੇ ਹੀ ਸੀ। ਨਹੀਂ, ਪਤਾ ਨਹੀਂ ਸਬੱਬ ਹੀ ਹੋਵੇਗਾ। ਮੇਰੇ ਡਾਕਟਰੀ ਗਿਆਨ ਨੇ ਮੈਨੂੰ ਦੱਸਿਆ ਕਿ ਦਿਮਾਗ ਹੀ ਸਰੀਰ ਦਾ ਕੰਟਰੋਲ ਸੈਂਟਰ, ਤੇ ਉਹ ਖੋਪੜੀ ਵਿਚ ਹੈ। ਵਿਵੇਕ ਅਤੇ ਆਲੋਚਨਾ ਦਾ ਗੁਣ ਦਿਮਾਗ ਕੋਲ ਹੈ।

ਤੀਸਰੀ ਅੱਖ ਤੋਂ ਭਾਵ ਹੈ ਆਲੋਚਨਾ ਦੀ। ਦੋ ਹੋਰ ਅੱਖਾਂ ਸਿਰਫ਼ ਦੇਖਦੀਆਂ ਨੇ, ਉਹ ਦੇਖਦੀਆਂ ਹਨ ਤੇ ਤੀਸਰੀ ਅੱਖ ਵਰਤਾਰੇ ਦੇ ਪਿਛੇ ਲੁਕੇ ਸੱਚ ਨੂੰ ਪਾਠਕਾਂ ਦੇ ਸਾਹਮਣੇ ਪੇਸ਼ ਕਰਦੀ ਹੈ। ਕਲਾਕਾਰ ਦੀ ਖਾਸੀਅਤ ਇਹ ਤੀਸਰੀ ਅੱਖ ਹੈ। ਤੀਸਰੀ ਅੱਖ ਦਾ ਹੋਣਾ ਹੀ ਕਿਸੇ ਵਿਅਕਤੀ ਨੂੰ ਕਲਾਕਾਰ ਦਾ ਦਰਜਾ ਦਿੰਦਾ ਹੈ। ਇਸੇ ਸੰਦਰਭ ਵਿਚ ਬਾਬਾ ਨਾਨਕ ਜਿਹੇ ਦਰਵੇਸ਼ੀ ਪੁਰਸ਼ ਨੇ ਵੀ, ਲਿਖਾਰੀਆਂ ਨੂੰ ਧੰਨ-ਧੰਨ ਕਿਹਾ ਹੈ।

ਕਲਾਕਾਰ ਵਰਤਾਰਿਆਂ ਨੂੰ ਚਾਹੇ ਪੱਥਰਾਂ ਰਾਹੀਂ ਆਪਣੀ ਛੈਣੀ-ਹਥੌੜੀ ਰਾਹੀਂ ਪੱਥਰਾਂ ਨੂੰ ਬੋਲਣ ਲਾ ਦਿੰਦਾ ਹੈ। ਉਹ ਕਾਰਜ ਸ਼ਬਦ ਕਰਦੇ ਹਨ ਤੇ ਉਹਦੇ ਸ਼ਬਦਾਂ ਵਿਚ ਜਾਨ ਧੜਕਦੀ ਹੈ ਤਾਂ ਹੀ ਤਾਂ ਸ਼ਬਦਾਂ ਨੂੰ ਤਲਵਾਰ ਦੇ ਤੁਲ ਕਿਹਾ ਗਿਆ ਹੈ। ਮੈਂ ਇਨ੍ਹਾਂ ਸ਼ਬਦਾਂ ਰਾਹੀਂ ਕਲਾਕਾਰਾਂ ਦੀ ਦੁਨੀਆ ਦਾ ਹਿੱਸਾ ਹਾਂ। ਭਾਵੇਂ ਨਾ ਮੈਂ ਕਿਸੇ ਚਾਹਤ ਰਾਹੀਂ ਜਾਂ ਪਰਵਾਰ ਦੀ ਵਿਉਂਤਬੰਦੀ ਰਾਹੀਂ ਡਾਕਟਰ ਬਣਿਆ ਹਾਂ ਤੇ ਨਾ ਹੀ ਮੈਂ ਕਵਿਤਾ-ਕਹਾਣੀ ਦੇ ਖੇਤਰ ਵਿਚ ਉਚੇਚੇ ਤੌਰ 'ਤੇ ਸੋਚ-ਸਮਝ ਕੇ ਪ੍ਰਵੇਸ਼ ਕੀਤਾ ਹੈ। ਮੇਰਾ ਹਰ ਕਾਰਜ, ਜਦੋਂ ਤੋਂ ਮੈਂ ਸੋਚਣ-ਸਮਝਣ ਦੇ ਪ੍ਰਭਾਵ ਵਿਚ ਪੈਰ ਰੱਖੇ ਹਨ, ਮੇਰੇ ਨਾਲ ਰਿਹਾ ਹੈ। ਸਮਾਜ ਵਿਚ ਸੋਚ ਨੂੰ ਅਤੇ ਵਿਚਾਰਾਂ ਨੂੰ ਭਟਕਾਇਆ-ਬਹਿਕਾਇਆ ਵੀ ਜਾਂਦਾ ਹੈ। ਇਹ ਮੇਰਾ ਸਬੱਬ ਹੈ ਕਿ ਮੈਂ ਇਸ ਤੋਂ ਬਚਿਆ ਰਿਹਾ ਹਾਂ, ਪਰ ਮੈਂ ਆਪਣੇ-ਆਪ ਨੂੰ ਕਲਾਕਾਰ ਬਣਾ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਸਾਰੀਆਂ ਅੜਚਨਾਂ-ਉਲਝਣਾਂ ਦੇ ਬਾਵਜੂਦ ਮੈਂ ਆਪਣੇ ਕਲਾਕਾਰ ਨੂੰ ਬਚਾ ਕੇ ਰੱਖਿਆ ਹੈ। ਇਹ ਗੱਲ ਇਕ ਵਧੀਆ ਸਬੱਬ ਹੈ ਕਿ ਮੈਂ ਡਾਕਟਰ ਹੋਣ ਦੇ ਬਾਵਜੂਦ ਕਿਸੇ ਤਰ੍ਹਾਂ ਦੀ ਬਿਮਾਰੀ ਅਤੇ ਦਵਾਈਆਂ ਦੀ ਖੇਡ ਵਿਚ ਨਹੀਂ ਪਿਆ ਹਾਂ, ਜਿਵੇਂ ਕਿ ਅੱਜਕੱਲ੍ਹ ਦੇਖਣ ਨੂੰ ਮਿਲ ਰਿਹਾ ਕਿ ਲੋਕਾਂ ਨੂੰ ਸਿਹਤ ਬਖਸ਼ਣ ਦੇ ਨਾਂਅ 'ਤੇ ਵਿਗਿਆਨ ਦੀ ਇਸ ਖੂਬਸੂਰਤ ਸਮਝ ਨੂੰ ਮੌਤ ਨਾਲ ਜੋੜਿਆ ਜਾ ਰਿਹਾ ਹੈ। ਉਦਾਹਰਣ ਦੇਣ ਦੀ ਲੋੜ ਨਹੀਂ ਹੈ ਕਿ ਜਾਨ ਬਚਾਓ ਮਸ਼ੀਨ, ਜਿਵੇਂ ਵੈਂਟੀਲੇਟਰ ਰਾਹੀਂ ਮੁਰਦਿਆਂ ਨੂੰ ਵੀ ਜ਼ਿੰਦਾ ਰੱਖਣ ਦੇ ਬਹਾਨੇ, ਵੱਧ ਸਮਾਂ ਲਮਕਾਇਆ ਜਾ ਰਿਹਾ ਹੈ। ਮਕਸਦ ਵਾਧੂ ਪੈਸੇ ਬਟੋਰਨਾ ਹੈ।

ਗੱਲ ਚੱਲ ਰਹੀ ਹੈ ਕਿ ਕਲਾਕਾਰ ਦੀਆਂ ਖੂਬੀਆਂ ਦੀ। ਸਮਾਜ ਵਿਚ ਕਲਾਕਾਰ ਦੀ ਲੋੜ ਦੀ। ਕਲਾਕਾਰ ਜੋ ਕਿ ਜ਼ਿੰਦਗੀ ਨੂੰ ਰੰਗਦਾਰ ਅਤੇ ਖੁਸ਼ਬੂ ਭਰਿਆ ਬਣਾਈ ਰੱਖਣ ਬਾਰੇ ਹਰਦਮ ਸੋਚਦਾ ਰਹਿੰਦਾ ਹੈ। ਉਹ ਚਾਹੇ ਰੰਗ ਹੋਣ, ਚਾਹੇ ਪੱਥਰ ਤੇ ਚਾਹੇ ਸ਼ਬਦ ਤੇ ਕਾਗਜ਼, ਪਰ ਸੋਚ ਹਮੇਸ਼ਾ ਜਿਊਣ ਜੋਗਾ ਸਮਾਜ ਸਿਰਜਣ ਦੀ ਰਹਿੰਦੀ ਹੈ।

ਜਿਵੇਂ ਮੈਂ ਦੱਸਿਆ, ਇਸ ਵਿਚ ਕੋਈ ਫ਼ਰਕ ਨਹੀਂ ਪੈਂਦਾ ਕਿ ਮੈਂ ਬਚਪਨ ਵਿਚ ਸਕੂਲੀ ਵਿਸ਼ੇ ਵਜੋਂ ਲਕੀਰਾਂ ਦਾ ਮਾਹਰ ਹੋਣ ਲਈ ਡਰਾਇੰਗ ਨਹੀਂ ਰੱਖ ਸਕਿਆ, ਜਿਸ ਦੀ ਮਨਸ਼ਾ ਸੀ, ਕਿਉਂਕਿ ਸ਼ਿਵ ਜੀ ਦੀ ਤਸਵੀਰ ਵਾਂਗ ਉਹ ਉਹਦੇ ਮੱਥੇ ਵਿਚ ਅੱਖ ਨਹੀਂ ਬਣਾ ਸਕਿਆ, ਪਰ ਮੈਨੂੰ ਪੈਨਸਲ ਅਤੇ ਰੰਗ ਬੁਰਸ਼ ਦੀ ਥਾਂ ਸ਼ਬਦ ਮਿਲ ਪਏ ਤੇ ਜੋ ਵੀ ਬਣਾ ਸਕਿਆ, ਮੈਂ ਸ਼ਬਦਾਂ ਦਾ ਰਾਹੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਸ਼ਬਦਾਂ ਨੇ ਸਮੇਂ-ਸਮੇਂ 'ਤੇ ਤੁਹਾਡੇ ਨਾਲ ਮੁਲਾਕਾਤ ਕੀਤੀ ਹੈ। ਇਹ ਹੁਣ ਤੁਸੀਂ ਦੱਸੋ ਕਿ ਮੇਰਾ ਉਹਨਾਂ ਸ਼ਬਦਾਂ ਨੇ, ਮੇਰੇ ਮੰਤਵ ਨੂੰ ਕਿੱਥੋਂ ਤੱਕ ਪੂਰਾ ਕੀਤਾ।

ਸਮਾਜ ਵਿਚ ਕਲਾਕਾਰ ਬਣਨ ਦੀ ਹੋੜ ਵੀ ਹੈ, ਕਿਉਂਕਿ ਉਸ ਦੀ ਇਕ ਦਿੱਖ, ਮਹੱਤਵ ਹੈ, ਪਰ ਇਹ ਵਰਗ ਸਟੇਜੀ ਹੈ, ਗਾਇਨ ਹੈ ਜਾਂ ਕਲਾਕਾਰੀ ਦਿਖਾਉਣ ਦਾ। ਪ੍ਰਦਰਸ਼ਨ ਕਰਨ ਦਾ ਇਕ ਖਤਰਾ ਹੈ, ਲੋਕਾਂ ਨੂੰ ਸਿੱਧੇ ਤੌਰ 'ਤੇ ਨਹੀਂ, ਸਮਾਜ ਨੂੰ ਜੋ ਦਿਖਾਵਾ ਕਰਦੇ-ਕਰਦੇ ਕਲਾਕਾਰ ਕਲਾ ਦੀਆਂ ਮਰਿਆਦਾਵਾਂ ਦੇ ਹੱਦ ਬੰਨੇ ਲੰਘ ਜਾਂਦਾ ਹੈ, ਅਜਿਹੇ ਕਿੱਸੇ ਭਾਵੇਂ ਘੱਟ ਹਨ, ਪਰ ਉਨ੍ਹਾਂ ਦੀ ਲੋੜ ਵਧਦੀ ਜਾਂਦੀ ਹੈ। ਦੂਹਰੇ ਅਰਥਾਂ ਵਾਲੇ ਵਾਕ ਜਾਂ ਸੀਨ ਵਿਚ ਅਸ਼ਲੀਲਤਾ ਚਾਹੇ ਉਹ ਸੈਕਸ ਨੂੰ ਲੈ ਕੇ ਤੇ ਚਾਹੇ ਹਿੰਸਾ ਦਾ ਪ੍ਰਦਰਸ਼ਨ, ਇੱਥੋਂ ਤੱਕ ਕਿ ਬੱਚਿਆਂ ਦੇ ਕਾਰਟੂਨ, ਸੀਰੀਅਲ ਹਿੰਸਾ ਨਾਲ ਭਰੇ ਪਏ ਹਨ। ਸਮਾਜ ਨੂੰ ਲੋੜ ਪਿਆਰ ਅਤੇ ਸਹਿਯੋਗ ਦੀ ਹੈ। ਜ਼ਿੰਦਗੀ ਨੂੰ ਲੋੜ ਹੈ ਤੇ ਮੇਰੀ ਪੁਸਤਕ, 'ਜ਼ਿੰਦਗੀ ਦੀ ਖੁਸ਼ਬੂ' ਵਿਚ ਦਰਜ ਕਰਨ ਦੀ ਕੋਸ਼ਿਸ਼ ਹੈ ਤੇ ਜੋ ਤੁਹਾਡੇ ਘਰਾਂ ਤੱਕ ਪਹੁੰਚੇਗੀ। ਕੁਝ ਸਮਾਂ ਇੰਤਜ਼ਾਰ ਕਰਨਾ ਪਊ। ਖੁਸ਼ਬੂ ਚਾਹੀਦੀ ਹੈ, ਇੰਤਜ਼ਾਰ ਤਾਂ ਕਰਨੀ ਪਵੇਗੀ।

ਮੋਬਾ. 98158-08506

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸਮਾਜਿਕ ਵਲਗਣਾਂ ਉਲੰਘਦੀ ਨਾਰੀ ਦਾ ਕਥਾ ਬਿਰਤਾਂਤ

ਫੋਕਸ

ਚਰਚਾ ਇਕ ਪੁਸਤਕ ਦੀ

ਹਰਜਿੰਦਰ ਸਿੰਘ ਅਟਵਾਲ (ਡਾ.)





## ਸੇਫ਼ਟੀ ਕਿੱਟ

**ਜਿੰਦਰ**
**(ਕਹਾਣੀ ਸੰਗ੍ਰਹਿ)**
**ਪੰਨੇ : 148, ਮੁੱਲ : 250 ਰੁਪਏ**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**

ਜਿੰਦਰ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਕਹਾਣੀ ਲਿਖਦਾ ਆ ਰਿਹਾ ਹੈ, ਜੀਵਨੀ, ਸਵੈ-ਜੀਵਨੀ, ਯਾਤਰਾ ਬਿਰਤਾਂਤ ਵੀ ਵਿੱਚ ਵਿਚਾਲੇ ਲਿਖਦਾ ਰਹਿੰਦਾ ਹੈ। ਉਸ ਦੀਆਂ ਕਿਤਾਬਾਂ ਦੀ ਗਿਣਤੀ ਵੀ ਚੋਖੀ ਹੈ, ਉਹ ਹਿੰਦੀ ਅਤੇ ਸ਼ਾਹਮੁਖੀ (ਪੰਜਾਬੀ) ਪਾਠਕਾਂ ਤੱਕ ਵੀ ਪਹੁੰਚਿਆ ਹੈ। ਉਸ ਦੀ ਕਹਾਣੀ ਦੀ ਇੱਕ ਵਿਲੱਖਣ ਸੁਰ ਹੈ, ਜੋ ਉਸ ਦੀ ਪਛਾਣ ਬਣਦੀ ਹੈ। ਉਸ ਦੀ ਕਹਾਣੀ ਦੀ ਇਹੋ ਸੁਰ ਹੀ ਉਸ ਨੂੰ ਪਾਠਕਾਂ ਦੇ ਵੱਖੋ-ਵੱਖਰੇ ਵਰਗ ਦੀ ਪਸੰਦ ਅਤੇ ਨਾ-ਪਸੰਦ ਵੀ ਬਣਾਉਂਦੀ ਆ ਰਹੀ ਹੈ, ਪਰ ਜਿੰਦਰ ਆਪਣੀ ਧੁਨ ਵਿੱਚ ਮਸਤ ਆਪਣੀ ਕਹਾਣੀ ਦੀ ਸਿਰਜਣ ਪ੍ਰਕਿਰਿਆ ਨੂੰ ਅੱਗੇ ਤੋਰੀ ਜਾ ਰਿਹਾ ਹੈ। 'ਸੇਫ਼ਟੀ ਕਿੱਟ' ਉਸ ਦੀ ਪਿਛਲੇ ਸਾਲ ਪ੍ਰਕਾਸ਼ਤ ਹੋਈ ਕਿਤਾਬ ਹੈ, ਜਿਸ ਵਿੱਚ ਦਸ ਕਹਾਣੀਆਂ ਸ਼ਾਮਲ ਹਨ। ਕਿਤਾਬ ਵਿੱਚ ਇਨ੍ਹਾਂ ਕਹਾਣੀਆਂ ਤੋਂ ਪਹਿਲਾਂ 'ਖੁਦ ਦੀ ਭਾਲ' ਸਿਰਲੇਖ ਹੇਠ ਉਹ ਆਪਣੀ ਕਹਾਣੀ ਦੇ ਸਿਰਜਣਾਤਮਕ ਅਮਲ, ਦੂਜਿਆਂ ਨਾਲੋਂ ਆਪਣੀ ਵੱਖਰਤਾ, ਸੰਸਾਰ ਸਾਹਿਤ ਬਾਰੇ ਪੜਚੋਲਵਾਂ ਨਜ਼ਰੀਆ, ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਆਪਣਾ ਸਥਾਨ ਨਿਸ਼ਚਿਤ ਕਰਨ ਆਦਿ ਸਰੋਕਾਰਾਂ ਬਾਰੇ ਖੁੱਲ੍ਹ ਕੇ ਗੱਲ ਕਰਦਾ ਹੈ। ਕਹਾਣੀ ਦੇ ਮਕਸਦ, ਸੀਮਾਵਾਂ, ਸਮਾਜਿਕ ਪ੍ਰਸੰਗਕਤਾ ਆਦਿ ਬਾਰੇ ਵੀ ਉਹ ਆਪਣੀ ਰਾਇ ਪੇਸ਼ ਕਰਦਾ ਹੈ। ਉਸ ਦਾ ਇਹ ਸਵੈ-ਕਥਨ ਜਿੱਥੇ ਉਸ ਦੀ ਕਹਾਣੀ ਨੂੰ ਸਮਝਣ ਵਿੱਚ ਸਹਾਈ ਹੋ ਸਕਦਾ ਹੈ, ਉਥੇ ਉਸ ਦੇ ਇਸ ਸਵੈ-ਕਥਨ ਵਿੱਚ ਕੁਝ ਨੁਕਤੇ ਅਜਿਹੇ ਵੀ ਉੱਭਰਦੇ ਨਜ਼ਰ ਆਉਂਦੇ ਹਨ, ਜੋ ਕੁਝ ਸੁਆਲ ਪਾਠਕ ਦੇ ਮਨ ਵਿੱਚ ਖੜੇ ਕਰਦੇ ਹਨ।

ਜਿੰਦਰ ਦਾ ਮੰਨਣਾ ਹੈ ਕਿ ਲੇਖਕ ਸਮਾਜ ਵਿੱਚ ਵਿਚਰਦਿਆਂ ਜੋ ਕੁਝ ਦੇਖਦਾ ਹੈ, ਗ੍ਰਹਿਣ ਕਰਦਾ ਹੈ, ਮਹਿਸੂਸ ਕਰਦਾ ਹੈ, ਉਸ ਸਾਰੇ ਕੁਝ ਨੂੰ ਆਤਮਸਾਤ ਕਰਕੇ ਇੱਕ ਅਜਿਹੀ ਸਿਰਜਣਾ (ਕ੍ਰੀਏਸ਼ਨ) ਕਰਦਾ ਹੈ, ਜਿਸ 'ਚੋਂ ਪਾਠਕ ਸੱਚ ਦੇਖਦਾ ਹੈ, ਇੱਥੇ ਅਸਲ ਵਿੱਚ ਉਹ ਸਮਾਜਿਕ ਯਥਾਰਥ ਅਤੇ ਗ਼ਲਪੀ ਯਥਾਰਥ ਬਾਰੇ ਹੀ ਗੱਲ ਕਰਨ ਦਾ ਯਤਨ ਕਰਦਾ ਹੈ। ਜਿੰਦਰ ਨੇ ਅੰਗਰੇਜ਼ੀ ਦੀ ਐੱਮ ਏ ਤੱਕ ਦੀ ਪੜ੍ਹਾਈ ਕੀਤੀ ਹੋਈ ਹੈ, ਇਸ ਕਰਕੇ ਜਦੋਂ ਉਹ ਆਪਣੀ ਕਹਾਣੀ ਦੇ ਆਰੰਭ ਬਾਰੇ ਗੱਲ ਕਰਦਾ ਹੈ ਤਾਂ ਉਹ ਹੈਮਿੰਗਵੇ ਦੇ ਕਥਨ ਨੂੰ ਕੱਟਦਾ ਹੈ, ਜਿੱਥੇ ਉਹ ਕਹਿੰਦਾ ਹੈ ਕਿ ਕਹਾਣੀ ਦੀ ਸ਼ੁਰੂਆਤ ਸਰਲ ਹੋਣੀ ਚਾਹੀਦੀ ਹੈ, ਪਰ ਜਿੰਦਰ ਕਹਿੰਦਾ ਹੈ ਕਿ ਜਿੱਥੇ ਮੇਰੇ ਸੀਨੀਅਰ ਕਹਾਣੀਕਾਰ ਖ਼ਤਮ ਕਰਦੇ ਹਨ, ਮੈਂ ਉਥੋਂ ਸ਼ੁਰੂ ਕਰਦਾ ਹਾਂ। ਬਹੁਤੀ ਪੰਜਾਬੀ ਕਹਾਣੀ ਦੀ ਸਿਰਜਣ ਪ੍ਰਕਿਰਿਆ ਸਾਡੀਆਂ ਬਾਤਾਂ, ਜਨਮਸਾਖੀਆਂ ਜਾਂ ਹੋਰ ਲੋਕ ਕਥਾਵਾਂ ਨਾਲ ਹੀ ਰਲਦੀ-ਮਿਲਦੀ ਹੈ, ਪਰ ਵੀਹਵੀਂ ਸਦੀ ਛੇਵੇਂ-ਸੱਤਵੇਂ ਦਹਾਕੇ ਵਿੱਚ ਕਹਾਣੀ ਦਾ ਅੰਤਲਾ ਵਾਕ ਕਿਤੇ-ਕਿਤੇ ਕਹਾਣੀ ਦਾ ਆਰੰਭਲਾ ਵਾਕ ਵੀ ਬਣ ਜਾਂਦਾ ਰਿਹਾ। ਇੱਥੇ ਅਸੀਂ ਉਦਾਹਰਣ ਸਾਡੇ ਸਰਬਾਂਗੀ ਅਤੇ ਕੁਲਵਕਤੀ ਸਾਹਿਤਕਾਰ ਸੰਤੋਖ ਸਿੰਘ ਧੀਰ ਦੀ ਕਹਾਣੀ 'ਇਕ ਸਾਧਾਰਨ ਆਦਮੀ' ਦੀ ਪੇਸ਼ ਕਰ ਸਕਦੇ ਹਾਂ, ਜਿੱਥੇ ਕਹਾਣੀ ਦਾ ਪਹਿਲਾ ਵਾਕ ਹੀ ਇਹ ਹੈ ਕਿ "ਜੀਊਣੇ ਨੇ ਕਦੇ ਕੁੱਤੇ ਦੇ ਵੀ ਸੋਟਾ ਨਹੀਂ ਸੀ ਮਾਰਿਆ, ਪਰ ਅੱਜ ਉਸ ਦੇ ਹੱਥੋਂ ਕਤਲ ਹੋ ਗਿਆ।" ਇਹ ਵਾਕ ਹੀ ਸਾਰੀ ਕਹਾਣੀ ਦੇ ਆਰ-ਪਾਰ ਫੈਲਿਆ ਹੋਇਆ ਹੈ, ਕਹਾਣੀ ਦਾ ਸਾਰਾ ਬਿਰਤਾਂਤ ਹੀ ਇਸ ਵਾਕ ਦੁਆਲੇ ਉਸਾਰਿਆ ਗਿਆ ਹੈ ਅਤੇ ਧੀਰ ਆਪਣੇ ਪਾਠਕ ਦੇ ਉਹ ਸ਼ੰਕੇ ਜੋ ਇਸ ਵਾਕ ਪੜ੍ਹਨ ਨਾਲ ਉਪਜੇ ਸਨ, ਨੂੰ ਇੱਕ-ਇੱਕ ਕਰਕੇ ਕਹਾਣੀ ਦੀ ਟੈਕਸਟ ਵਿੱਚ ਦੂਰ ਕਰਦਾ ਜਾਂਦਾ ਹੈ। ਕਹਾਣੀ ਸਿਰਜਣ ਦਾ ਇਹ ਉੱਤਮ ਨਮੂਨਾ ਅਸਲ ਵਿੱਚ ਜਿੰਦਰ ਤੋਂ ਪਹਿਲਾਂ ਸੰਤੋਖ ਸਿੰਘ ਧੀਰ ਆਰੰਭ ਕਰ ਚੁੱਕਾ ਸੀ, ਜਿਸ ਨੂੰ ਜਿੰਦਰ ਅਤੇ ਇਸ ਦੇ ਸਮਕਾਲੀ ਅੱਗੇ ਤੋਰਦੇ ਹਨ। ਕਹਾਣੀ ਦੇ ਅੰਤ ਬਾਰੇ ਗੱਲ ਕਰਦਿਆਂ ਉਹ ਕਹਿੰਦਾ ਹੈ ਕਿ ਮੈਂ (ਜਿੰਦਰ) ਖੁੱਲ੍ਹੇ ਅੰਤ ਵਾਲੀ ਕਹਾਣੀ ਲਿਖਦਾ ਹਾਂ। ਸਾਡੀ ਪਹਿਲੀ ਕਹਾਣੀ ਬਹੁਤੀ ਵਾਰ ਅੰਤ 'ਤੇ ਸਿੱਟਾ ਜਾਂ ਉਪਦੇਸ਼ ਵਰਗੀ ਕਿਸੇ ਸਥਿਤੀ ਦੇ ਪ੍ਰਭਾਵ ਹੇਠ ਦੱਬੀ ਰਹੀ, ਇਕ ਕਾਰਨ ਉਸ ਸਮੇਂ ਪ੍ਰਗਤੀਵਾਦੀ ਧਾਰਾ ਦਾ ਬੋਲ-ਬਾਲਾ ਸੀ। ਦੂਜਾ ਕਾਰਨ ਬਾਤਾਂ-ਸਾਖੀਆਂ ਆਦਿ ਦਾ ਪਿਛੋਕੜ ਹੋਣ ਕਰਕੇ ਪਾਠਕੀ ਰੁਚੀ ਵੀ ਕਿਸੇ ਨਤੀਜੇ 'ਤੇ ਆਪ ਸੋਚਣ/ਪਹੁੰਚਣ ਦੀ ਬਜਾਏ ਲੇਖਕ ਦੀ ਸਲਾਹ ਦੀ ਹੀ ਉਡੀਕ ਕਰਨ ਦੀ ਆਦੀ ਹੋ ਗਈ ਸੀ। ਜਿੰਦਰ ਆਪਣੀ ਕਹਾਣੀ ਦਾ ਅੰਤ ਬਹੁਤੀ ਵਾਰ ਪਾਠਕ ਦੀ ਸੂਝ-ਸਿਆਣਪ, ਸਮਝ 'ਤੇ ਛੱਡ ਦਿੰਦਾ ਹੈ ਪਰ ਇਹ ਨਵੀਂ ਕਹਾਣੀ ਦਾ ਆਮ ਵਰਤਾਰਾ ਬਣਦਾ ਜਾ ਰਿਹਾ ਹੈ।

ਜਿੰਦਰ ਦੀ ਕਹਾਣੀ ਸਿਰਜਣਾ ਵਧੇਰੇ ਕਰਕੇ ਉਸ ਔਰਤ ਵਰਗ ਉਪਰ ਕੇਂਦਰਤ ਰਹੀ, ਜੋ ਆਪਣੀ ਨਿੱਜੀ ਆਜ਼ਾਦੀ 'ਤੇ ਹੋ ਰਹੇ ਦਬਾਅ ਤੋਂ ਬਗ਼ਾਵਤ ਕਰਦੀ ਆ ਰਹੀ ਹੈ। ਇਸ ਤੱਥ ਵਿੱਚ ਪੂਰੀ ਸੱਚਾਈ ਹੈ ਕਿ ਅੱਜ ਤੱਕ ਔਰਤ ਨੂੰ ਇਕ 'ਜੀਵ' ਵਜੋਂ ਬਰਾਬਰੀ ਦਾ ਹੱਕ ਨਹੀਂ ਮਿਲ ਸਕਿਆ, ਕਦੇ ਉਸ ਨੂੰ ਪੂਜਿਆ ਜਾਂਦਾ ਹੈ, ਕਦੇ ਉਸ ਨੂੰ ਇਸ ਪੱਧਰ ਤੱਕ ਦੁਰਕਾਰਿਆ ਜਾਂਦਾ ਹੈ ਕਿ ਉਸ ਦੀ ਹੋਂਦ ਮਰਦ ਦੇ ਪੈਰ ਦੀ ਜੁੱਤੀ ਸਮਾਨ ਹੋ ਜਾਂਦੀ ਹੈ, ਕਦੇ ਔਰਤਾਂ ਦੇ ਰਾਖਵੇਂਕਰਨ ਦੇ ਨਾਂਅ 'ਤੇ ਮਰਦ ਆਪਣੀ ਮਨ-ਮਰਜ਼ੀ ਦੀਆਂ ਘੜੀਆਂ ਔਰਤਾਂ ਨੂੰ ਅੱਗੇ ਲਿਆ ਕੇ ਜਾਂ ਅੱਗੇ ਲਾ ਕੇ ਆਪਣਾ ਸੁਆਰਥ ਸਿਧ ਕਰ ਰਿਹਾ ਨਜ਼ਰ ਆਉਂਦਾ ਹੈ, ਪਰ ਔਰਤ ਨੂੰ ਅੱਜ ਤੱਕ ਵੀ ਸਮੁੱਚੇ ਸਮਾਜ ਵਿੱਚ ਸੰਤ ਕਬੀਰ, ਗੁਰੂ ਨਾਨਕ ਵੱਲੋਂ ਕਿਆਸੀ ਸਮਾਜਿਕ ਬਰਾਬਰੀ ਨਹੀਂ ਮਿਲ ਸਕੀ। ਸਮੇਂ-ਸਮੇਂ ਕੁਝ ਵਿਕੋਲਿਤਰੇ ਯਤਨ ਜ਼ਰੂਰ ਹੋਏ ਹਨ, ਪਰ ਬੱਝਵੇਂ ਰੂਪ ਵਿੱਚ ਕੁਝ ਹੋਇਆ ਹੈ, ਉਹ ਨਜ਼ਰ ਨਹੀਂ ਆਉਂਦਾ। ਵਿਡੰਬਨਾ ਇਹ ਵੀ ਹੈ ਕਿ ਇਸ ਪਾਸੇ ਸਾਡੀ ਭਾਸ਼ਾ ਦੇ ਸਾਹਿਤ ਵਿੱਚ ਕੋਈ ਏਡੀ ਮਾਅਰਕੇ ਵਾਲੀ ਸਿਰਜਣਾ ਵੀ ਨਹੀਂ ਹੋ ਸਕੀ, ਜੋ ਇਸ ਸਾਰੀ ਸਥਿਤੀ ਨੂੰ ਉਸ ਦੇ ਸਹੀ ਪ੍ਰਸੰਗ ਵਿੱਚ ਰੱਖ ਕੇ, ਸਹੀ ਦਿਸ਼ਾ ਵਿੱਚ ਸਮਝ ਕੇ ਪੇਸ਼ ਕਰ ਰਹੀ ਹੋਵੇ। ਕਹਾਣੀ, ਨਾਵਲ ਜਾਂ ਹੋਰ ਸਾਹਿਤ ਰੂਪਾਂ ਵਿੱਚ ਇੱਕਾ-ਦੁੱਕਾ ਯਤਨ ਹੋਏ ਹਨ, ਜਿੰਦਰ ਦੀਆਂ ਕਹਾਣੀਆਂ ਵੀ ਉਸੇ ਵਰਗ ਵਿੱਚ ਰੱਖੀਆਂ ਜਾ ਸਕਦੀਆਂ ਹਨ।

'ਸੇਫ਼ਟੀ ਕਿੱਟ' ਵਿਚਲੀਆਂ ਉਹ ਔਰਤਾਂ ਜੋ ਘਰਾਂ 'ਚ, ਪਰਵਾਰਾਂ 'ਚ ਰਹਿੰਦਿਆਂ ਘੁਟਣ ਮਹਿਸੂਸ ਕਰਦੀਆਂ ਹਨ ਜਾਂ ਜਿਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਸਾਡੀ ਜ਼ਿੰਦਗੀ ਉਪਰ ਕਿਸੇ ਹੋਰ ਦਾ ਕੋਈ ਹੱਕ ਨਹੀਂ ਜਾਂ ਅਜਿਹੀ ਹੀ ਕਿਸੇ ਤਰ੍ਹਾਂ ਦੀ ਹੋਰ ਸੋਚ ਦੇ ਦਾਇਰੇ ਵਿਚਲੀਆਂ ਨਾਰੀਆਂ ਅਕਸਰ ਜਦੋਂ ਇਸ ਜਾਲ ਨੂੰ ਤੋੜਨ ਦਾ ਯਤਨ ਕਰਦੀਆਂ ਹਨ ਤਾਂ ਉਹ ਨਿੱਜੀ ਜਿਹੇ ਯਤਨ ਹੀ ਬਣ ਕੇ ਰਹਿ ਜਾਂਦੇ ਹਨ। ਕਹਾਣੀਆਂ ਦੇ ਬਿਰਤਾਂਤ ਇਸ ਢੰਗ ਨਾਲ ਉਸਾਰੇ ਜਾਂਦੇ ਹਨ ਕਿ ਉਸ ਵਿਸ਼ੇਸ਼ ਸਥਿਤੀ ਵਿੱਚ ਔਰਤ ਕੋਲ ਕੋਈ ਰਾਹ ਨਹੀਂ ਰਹਿ ਜਾਂਦਾ। ਇਸ ਸੰਗ੍ਰਹਿ ਦੀਆਂ 'ਮੇਰਾ ਕੋਈ ਕਸੂਰ ਨਹੀਂ', 'ਬੰਦੇ ਬਿਨਾਂ', 'ਚੀਕਾਂ', 'ਕੁੜਿੱਕੀ', 'ਸਕੈੱਚ', 'ਚਿਰਾਗ' ਜਾਂ ਕੁਝ ਹੱਦ ਤੱਕ ਸੇਫਟੀ ਕਿੱਟ ਇਸੇ ਵਰਗ ਵਿੱਚ ਰੱਖੀਆਂ ਜਾ ਸਕਦੀਆਂ ਹਨ।

'ਮੇਰਾ ਕੋਈ ਕਸੂਰ ਨਹੀਂ' ਦੀ ਲਵਜੀਤ ਆਪਣੇ ਮਾਪਿਆਂ ਦੇ ਘਰ ਦੀ ਗ਼ਰੀਬੀ ਦੂਰ ਕਰਦੀ ਜਾਂ ਉਨ੍ਹਾਂ ਲਈ ਖ਼ੁਸ਼ਹਾਲੀ ਦੇ ਸਾਧਨ ਮੁਹੱਈਆ ਕਰਵਾਉਂਦੀ-ਕਰਵਾਉਂਦੀ ਕੈਨੇਡਾ ਵਿਖੇ ਦੇਹ-ਵਪਾਰ ਦੇ ਧੰਦੇ ਵਿੱਚ ਪੈ ਜਾਂਦੀ ਹੈ। 'ਬੰਦੇ ਬਿਨਾਂ' ਦੀ ਸਿੰਮੀ ਘਰ ਦੇ ਨੌਕਰ ਰਾਮੂ ਨਾਲ ਆਪਣੀਆਂ ਨਫਸੀ ਖਾਹਿਸ਼ਾਂ ਦੀ ਪੂਰਤੀ ਕਰਦੀ ਹੈ, 'ਚੀਕਾਂ' ਦੀ ਨਾਇਕਾ ਆਪਣੇ ਪਤੀ (ਜਿਸ ਦੇ ਵਿਆਹ ਬਾਹਰੇ ਸੰਬੰਧ ਹਨ) ਤੋਂ ਬਦਲਾ ਲੈਣ ਲਈ ਆਪਣੇ ਪੁੱਤਰ ਵਰਗੇ 'ਰਾਕੇਸ਼' ਨਾਲ ਦੇਹ-ਪੂਰਤੀ ਦੀ ਫੀਲਿੰਗ ਲੈ ਰਹੀ ਹੈ, 'ਕੁੜਿੱਕੀ' ਦੀ ਪਾਤਰ ਵੀ ਆਪਣੇ ਉਸ ਪਤੀ ਤੋਂ ਬਦਲਾ ਲੈਣ ਬਾਰੇ ਵਿਉਂਤ ਬਣਾ ਰਹੀ ਹੈ, ਜੋ ਵਿਆਹ ਬਾਹਰੇ ਸੰਬੰਧ ਹੋਣ ਕਰਕੇ ਉਸ ਵੱਲ ਧਿਆਨ ਨਹੀਂ ਦਿੰਦਾ, 'ਚਿਰਾਗ' ਦੀ ਮੈਂ ਪਾਤਰ ਵੀ ਪਤੀ ਅਜੀਤ ਦੇ ਹਿਨਾ ਨਾਲ ਸੰਬੰਧਾਂ ਦਾ ਪਤਾ ਲੱਗਣ 'ਤੇ ਆਪਣੀ ਪੂਰਤੀ ਲਈ ਮਰਦ ਦੀ ਤਲਾਸ਼ ਵਿੱਚ ਪਈ ਨਜ਼ਰ ਆਉਂਦੀ, ਇਸੇ ਤਰ੍ਹਾਂ ਹੀ 'ਸਕੈੱਚ' ਕਹਾਣੀ ਵਿੱਚ ਔਰਤ ਦੇਹੀ ਕੇਂਦਰ ਵਿੱਚ ਰਹਿੰਦੀ ਹੈ। ਇਨ੍ਹਾਂ ਕਹਾਣੀਆਂ ਦੀਆਂ ਇਸਤਰੀ ਪਾਤਰ ਔਰਤਾ ਇੱਕ ਅਜਿਹਾ ਬਿੰਬ ਸਿਰਜਦੀਆਂ ਨਜ਼ਰ ਆ ਰਹੀਆਂ ਹਨ, ਜੋ ਸਮਾਜਿਕ ਬੰਧਨਾਂ ਨੂੰ ਉਲੰਘ ਕੇ, ਤੋੜ ਕੇ ਆਪਣੀ ਮਰਜ਼ੀ ਅਨੁਸਾਰ ਜੀਊਣ ਦੀ ਹੱਕਦਾਰੀ ਦੇ ਰਾਹ ਤੁਰੀਆਂ ਨਜ਼ਰ ਆਉਂਦੀਆਂ ਹਨ। ਸਮਕਾਲੀ ਪੰਜਾਬੀ ਕਹਾਣੀ ਵਿੱਚ ਕੁਝ ਕਹਾਣੀਕਾਰਾਂ ਵੱਲੋਂ ਅਜਿਹੇ ਹੋਰ ਵੀ ਯਤਨ ਹੋ ਰਹੇ ਹਨ, ਜਿੰਦਰ ਦੀਆਂ ਇਹ ਕਹਾਣੀਆਂ ਉਸੇ ਵਰਗ ਵਿੱਚ ਹੀ ਰੱਖ ਕੇ ਦੇਖੀਆਂ ਜਾਣਗੀਆਂ। ਇੱਥੇ ਜਿੰਦਰ ਦੀਆਂ ਕਹਾਣੀਆਂ 'ਚ ਅਜਿਹੇ ਵਾਕ ਮਿਲ ਜਾਣਗੇ, ਜੋ ਉਸ ਦੀਆਂ ਇਨ੍ਹਾਂ ਕਹਾਣੀਆਂ ਦੇ ਕੇਂਦਰੀ ਧੁਰੇ ਦੀ ਨਿਸ਼ਾਨਦੇਹੀ ਕਰਨਗੇ, ਜਿਵੇਂ "ਕੁੜੀ ਨੂੰ ਬੰਦੇ ਦਾ ਭੁਸ ਪੈ ਗਿਆ...ਹੁਣ ਉਸ ਨੇ ਕਿਸੇ ਵੀ ਸੂਰਤ 'ਚ ਨ੍ਹੀਂ ਹਟਣਾ" (ਬੰਦੇ ਬਿਨਾਂ) ਅਤੇ "ਵਿਆਹ ਤੋਂ ਮਗਰੋਂ ਨਾ ਤਾਂ ਕੁੜੀ ਮੁੰਡੇ ਬਿਨਾਂ ਰਹਿ ਸਕਦੀ ਆ, ਨਾ ਹੀ ਮੁੰਡਾ।" (ਚੀਕਾਂ) ਕਹਾਣੀ ਦਾ ਬਿਰਤਾਂਤ ਅਤੇ ਪਾਤਰ ਉਸਾਰੀ ਉਸ ਸਮਾਜਿਕ ਚੌਖਟੇ ਵਿੱਚ ਹੀ ਰਹਿ ਕੇ ਕੀਤੀ ਹੋਵੇ ਤਾਂ ਵਧੇਰੇ ਅਸਰਦਾਰ ਹੁੰਦੀ ਹੈ, ਜਿਸ ਸਮਾਜਿਕ ਚੌਖਟੇ ਵਿੱਚ ਇਹ ਪਾਤਰ ਵਿਚਰ ਰਹੇ ਹੋਣ, ਕਿਸੇ ਅਪਵਾਦ ਨੂੰ ਪੇਸ਼ ਕਰਕੇ ਰਚਨਾ ਦੀ ਮੰਨਣਯੋਗਤਾ ਭੰਗ ਹੁੰਦੀ ਹੈ।

ਉਂਜ ਇਨ੍ਹਾਂ ਕਹਾਣੀਆਂ ਵਿੱਚ ਪੰਜਾਬ ਦੇ ਪਰਵਾਸ ਦੀ ਸਥਿਤੀ ਬਾਰੇ ਵੀ ਸੰਕੇਤਕ ਗੱਲ ਜਿੰਦਰ ਕਰਦਾ ਹੈ, ਪਰ 'ਲਵਜੀਤ' ਪਾਤਰ ਉਨ੍ਹਾਂ ਸਾਰੀਆਂ ਪੜ੍ਹਾਕੂ ਪਰਵਾਸੀ ਕੁੜੀਆਂ ਦੀ ਪ੍ਰਤੀਨਿਧਤਾ ਕਰਦੀ ਨਜ਼ਰ ਨਹੀਂ ਆਉਂਦੀ। ਇਸ ਤਰ੍ਹਾਂ ਕੁੜਿੱਕੀ ਕਹਾਣੀ ਵਿੱਚ ਵੀ ਜਿੰਦਰ ਨੇ ਰੋਟੀ ਦੀ ਬੁਰਕੀ ਖਾਤਰ ਕੁੜਿੱਕੀ ਵਿੱਚ ਫਸੀ ਚੂਹੀ ਵੱਲ ਵੇਖ ਕੇ ਘਰ ਵਿੱਚ ਕੈਦ ਔਰਤ ਨੂੰ ਆਪਣੀ ਹੋਂਦ ਵੀ ਉਸ ਚੂਹੀ ਵਰਗੀ ਮਹਿਸੂਸ ਹੁੰਦੀ ਦਿਖਾ ਕੇ ਆਪਣੇ ਕਹਾਣੀ ਲਿਖਣ ਦੇ ਹੁਨਰ ਦੀ ਕਮਾਲ ਦਿਖਾਉਣ ਦਾ ਯਤਨ ਕੀਤਾ ਹੈ। ਚੂਹੀ ਦੇ ਰੋਟੀ ਦੇ ਟੁਕੜੇ ਵਰਗੇ ਲਾਲਚ ਉਸ ਔਰਤ ਨੂੰ ਰਹਿਣ ਲਈ ਚੰਗਾ ਘਰ, ਵਧੀਆ ਕਾਰ, ਲੀੜੇ ਲੱਤੇ, ਗਹਿਣੇ ਆਦਿ ਦੀਆਂ ਸਹੂਲਤਾਂ ਉਸ ਰੋਟੀ ਦੇ ਟੁਕੜੇ ਵਰਗੀਆਂ ਹੀ ਲਗਦੀਆਂ ਹਨ, ਜਿਨ੍ਹਾਂ ਦੇ ਲਾਲਚਵਸ ਉਹ ਪਰਵਾਰ ਰੂਪੀ ਕੁੜਿੱਕੀ ਵਿੱਚ ਫਸੀ ਬੈਠੀ ਹੈ। ਇੱਥੇ ਜਿੰਦਰ ਬੇਵੱਸੀ ਦੇ ਆਲਮ ਵਿੱਚ ਬੈਠੀ ਔਰਤ ਦੀ ਮਨੋਸਥਿਤੀ ਬਾਕਮਾਲ ਦੇ ਢੰਗ ਪੇਸ਼ ਕਰਦਾ ਹੈ, ਪਰ ਬੰਦੇ ਬਿਨਾਂ, ਵਿਚਲੀ ਸਿੰਮੀ ਦੇ ਬਾਪ ਅਤੇ ਦਾਦੇ ਦਾ ਇਹ ਫੈਸਲਾ ਕਿ ਉਸ ਨੂੰ ਰਾਮੂ ਨਾਲ ਆਪਣੇ ਸੰਬੰਧ ਜਾਰੀ ਰੱਖਣ ਦੀ ਸਹਿਮਤੀ ਦੇਣਾ, ਉਨ੍ਹਾਂ ਸਥਿਤੀਆਂ ਵਿੱਚ ਓਪਰਾ-ਓਪਰਾ ਲਗਦਾ ਹੈ, ਜਿਨ੍ਹਾਂ ਵਿੱਚ ਉਹ ਵਿਚਰ ਰਹੇ ਹਨ।

ਇਸ ਸੰਗ੍ਰਹਿ ਵਿੱਚ 'ਸ਼ਰਤ' ਅਜਿਹੀ ਕਹਾਣੀ ਹੈ ਜੋ ਆਲਮੀ ਪੱਧਰ 'ਤੇ ਛਿੜੀਆਂ ਲੜਾਈਆਂ ਦੇ ਖੌਫ਼ਨਾਕ ਮੰਜ਼ਰਾਂ ਨੂੰ ਪੇਸ਼ ਕਰਦੀ ਹੈ। ਕਹਾਣੀ ਦਾ ਬਿਰਤਾਂਤ ਇਰਾਕ ਉਪਰ ਕੀਤੇ ਅਮਰੀਕੀ ਹਮਲੇ ਦੇ ਸਮੇਂ ਦਾ ਉਸਾਰਿਆ ਗਿਆ ਹੈ। ਇਕ ਬੱਚੀ ਯਤੀਮ ਹੋ ਜਾਂਦੀ ਹੈ ਪਰ ਉਸ ਦੀ ਦਾਦੀ ਉਸ ਨੂੰ ਬਰਤਾਨੀਆ ਦੀ ਪੱਤਰਕਾਰ ਨੂੰ ਇਸ ਕਰਕੇ ਦੇਣ ਤੋਂ ਇਨਕਾਰ ਕਰਦੀ ਹੈ ਕਿ ਉਸ ਦੇ ਪਰਵਾਰ ਦਾ ਨਾਂਅ ਹੀ ਮਿਟ ਜਾਵੇਗਾ, ਪਰ ਇਸ ਸ਼ਰਤ 'ਤੇ ਆਪਣੀ ਪੋਤੀ ਜੰਨਾ ਨੂੰ ਦੇਣ ਲਈ ਤਿਆਰ ਹੁੰਦੀ ਹੈ ਕਿ ਜਿੱਥੇ ਵੀ ਇਸ ਦੇ ਬਾਪ ਦੇ ਨਾਂਅ ਦੀ ਲੋੜ ਹੋਵੇ ਤਾਂ ਉਥੇ 'ਫੈਸਲ' ਦਾ ਹੀ ਨਾਂਅ ਆਵੇ। ਇਹ ਸ਼ਰਤ ਭਾਵਨਾਤਮਕ ਵੀ ਹੈ ਅਤੇ ਭਾਵੁਕ ਵੀ। ਜੰਗਾਂ ਦੇ ਮਾਰੂ ਅਸਰਾਂ ਬਾਰੇ ਵੀ ਭਾਵਪੂਰਤ ਟਿੱਪਣੀਆਂ ਜਿੰਦਰ ਕਰਦਾ ਹੈ।

ਇਸੇ ਤਰ੍ਹਾਂ ਦੀ ਇਕ ਹੋਰ ਕਹਾਣੀ ਹੈ ਇਸ ਸੰਗ੍ਰਹਿ ਵਿੱਚ 'ਦੂਰੀਆਂ'। ਸਮਾਂ ਬੀਤਣ ਨਾਲ ਰਿਸ਼ਤੇ ਬਦਲ ਰਹੇ ਹਨ। ਬੀਰੋ ਦੀ ਮਾਂ ਦੇ ਮਰਨ ਉਪਰੰਤ ਆਪਣਾ ਪੇਕਾ ਘਰ ਵੀ ਉਸ ਨੂੰ ਓਪਰਾ-ਓਪਰਾ ਲਗਦਾ, ਜਦ ਕਿ ਸਹੁਰੇ ਘਰ ਵਿੱਚ ਨੂੰਹ ਆਉਣ ਨਾਲ ਉਹ ਘਰ ਵੀ ਉਸ ਨੂੰ ਆਪਣਾ-ਆਪਣਾ ਨਹੀਂ ਲਗਦਾ। ਪੀੜ੍ਹੀਆਂ ਬਦਲਣ ਨਾਲ ਇਹ ਦੂਰੀਆਂ ਇਸ ਹੱਦ ਤੱਕ ਵਧ ਰਹੀਆਂ ਹਨ ਕਿ 'ਬੀਰੋ' ਨੂੰ ਆਪਣੀ ਹੋਂਦ ਹੀ ਨਿਗੂਣੀ ਜਾਪਣ ਲੱਗਦੀ ਹੈ। ਬੀਰੋ ਇਸ ਸੰਗ੍ਰਹਿ ਦੀ ਇਕਲੌਤੀ ਪਾਤਰ ਹੈ, ਜੋ ਆਪਣੇ ਵਰਗ ਦੀ ਸਹੀ ਰੂਪ ਵਿੱਚ ਪ੍ਰਤੀਨਿਧਤਾ ਕਰ ਰਹੀ ਪ੍ਰਤੀਤ ਹੁੰਦੀ ਹੈ।

ਭਾਅ ਜੀ ਉਰਫ਼ ਕਾਮਰੇਡ ਇਸ ਸੰਗ੍ਰਹਿ ਦੀ ਅਜਿਹੀ ਕਹਾਣੀ ਹੈ, ਜਿਸ ਦਾ ਪਾਤਰ ਆਪਣੇ ਸਿਰਜੇ ਹੋਏ ਜਾਂ ਕਿਸੇ ਵਿਸ਼ੇਸ਼ ਧਿਰ ਦੇ ਸਿਰਜੇ ਹੋਏ ਸੱਚ ਨੂੰ ਹੀ ਅੰਤਮ ਸੱਚ ਮੰਨ ਰਿਹਾ ਹੈ। ਇਹ ਸੱਚ ਕਿਸੇ ਵਿਅਕਤੀ ਵਿਸ਼ੇਸ਼ ਬਾਰੇ ਵੀ ਹੋ ਸਕਦਾ ਹੈ, ਕਿਸੇ ਸਿਧਾਂਤ ਬਾਰੇ ਵੀ। ਇਸ ਵਿਚਲਾ ਕਾਮਰੇਡ ਪਾਤਰ ਆਪਣੇ-ਆਪ ਨੂੰ ਕਾਮਰੇਡ ਕਹਾ ਕੇ ਬਹੁਤ ਖੁਸ਼ ਹੁੰਦਾ ਹੈ, ਪਰ ਅਸਲੀਅਤ ਵਿੱਚ ਉਹ ਸਿਧਾਂਤਕ ਕਿਸਮ ਦੇ ਗਿਆਨ ਤੋਂ ਕੋਰਾ ਹੈ, ਕੇਵਲ ਰਵਾਇਤ ਜਾਂ ਸੁਣੀਆਂ-ਸੁਣਾਈਆਂ ਗੱਲਾਂ 'ਤੇ ਹੀ ਅਮਲ ਕਰਨ ਦਾ ਯਤਨ ਕਰਦਾ ਰਹਿੰਦਾ ਹੈ। ਅਸਲ ਵਿੱਚ ਉਹ ਕਿਸੇ ਵਿਅਕਤੀ ਜਾਂ ਸਿਧਾਂਤ ਨੂੰ ਉਸ ਦੇ ਸਮੁੱਚ ਵਿੱਚ ਸਮਝਣ ਦੀ ਬਜਾਏ ਉਸ ਨੂੰ ਨਤਮਸਤਕ ਹੀ ਹੋ ਰਿਹਾ ਹੈ। ਇਹ ਪਾਤਰ ਸਾਡੇ ਸਮਿਆਂ ਦਾ ਸੱਚ ਹੈ।

*ਸੰਪਰਕ : 98721-73475*

# ਅੰਦਰੂਨੀ ਤੇ ਬਾਹਰੀ ਯਥਾਰਥ ਦਾ ਕਾਵਿਕ ਚਿਤਰਨ

ਅਰਵਿੰਦਰ ਕਾਕੜਾ

## ਚਸ਼ਮਦੀਦ ਚੁੱਪ ਹੈ

**(ਕਾਵਿ ਪੁਸਤਕ)**
**ਕੁਲਵਿੰਦਰ ਚਾਵਲਾ**
**ਮੁੱਲ : 225 ਰੁਪਏ, ਪੰਨੇ :96**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਕੁਲਵਿੰਦਰ ਚਾਵਲਾ ਪੰਜਾਬੀ ਕਵਿਤਾ ਦੇ ਵਿੱਚ ਆਪਣਾ ਮੁਕਾਮ ਹਾਸਿਲ ਕਰ ਰਹੀ ਉਹ ਨਾਰੀ ਕਵੀ ਹੈ, ਜਿਸ ਦੀਆਂ ਕਵਿਤਾਵਾਂ ਅਕਸਰ ਹੀ ਸੋਸ਼ਲ ਮੀਡੀਆ 'ਤੇ ਪੜ੍ਹੀਆਂ ਜਾ ਸਕਦੀਆਂ ਹਨ। ਉਸ ਦੀ ਕਵਿਤਾ ਸਵੈ ਤੋਂ ਮੁਕਤ ਹੋ ਕੇ ਸਮਾਜਿਕਤਾ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੋਈ ਇਸ ਸਮੇਂ ਦੇ ਵਿਭਿੰਨ ਅੰਸ਼ਾਂ ਦੀ ਨਿਸ਼ਾਨਦੇਹੀ ਕਰਦੀ ਹੈ। ਅੱਜ ਜਦੋਂ ਪੰਜਾਬੀ ਕਵਿਤਾ ਵਿੱਚ ਨਾਰੀ ਰਚਿਤ ਕਵਿਤਾ ਆਪਣਾ ਖਾਸ ਮੁਕਾਮ ਹਾਸਲ ਕਰ ਰਹੀ ਹੈ, ਇਸ ਵਿੱਚ ਇਹ ਵੇਖਣਾ ਜ਼ਰੂਰੀ ਹੋ ਜਾਂਦਾ ਹੈ ਕਿ ਜੋ ਕਵੀ ਕਵਿਤਾ ਲਿਖ ਰਹੀ ਹੈ, ਉਸ ਦੀ ਕਵਿਤਾ ਦੀ ਵਿਸ਼ੇਸ਼ ਵਿਲੱਖਣਤਾ ਕੀ ਹੈ, ਜੋ ਉਸ ਨੂੰ ਦੂਸਰਿਆਂ ਤੋਂ ਅਲੱਗ ਕਰਦੀ ਹੈ।ਬਹੁਤੀ ਵਾਰੀ ਨਾਰੀ ਰਚਿਤ ਪੰਜਾਬੀ ਕਵਿਤਾ ਰੁਟੀਨਵਾਦ ਦਾ ਸ਼ਿਕਾਰ ਹੋਕੇ ਇੱਕ ਦਾਇਰੇ ਵਿੱਚ ਘੁੰਮਦੀ ਰਹਿ ਜਾਂਦੀ ਹੈ ਤੇ ਚਲੰਤ ਸਰੋਕਾਰਾਂ ਨੂੰ ਚਿਤਰਮਾਨ ਕਰਦੀ ਸਮੇਂ ਦੇ ਵਿਸ਼ਾਲ ਕੈਨਵਸ਼ ਦੀ ਰਮਜ਼ ਸਮਝਣ ਤੋਂ ਥਿੜਕ ਜਾਂਦੀ ਹੈ।ਨਾਰੀ ਕਾਵਿ ਵਹਾਅ ਸਿਰਜਣਾ ਨਾਲ ਕੀ ਨਿਆਂ ਕਰਦਾ ਹੈ ਕਿ ਕਵਿਤਾ ਦੀ ਅੰਦਰਲੀ ਤੇ ਬਾਹਰਲੀ ਖੂਬਸੂਰਤੀ ਆਪਣਾ ਪ੍ਰਭਾਵ ਹਾਸਲ ਕਰ ਸਕੇ।ਇਸ ਸੁਆਲ ਦੇ ਸਨਮੁੱਖ 'ਚਸ਼ਮਦੀਦ ਚੁੱਪ ਹੈ' ਕਾਵਿ ਪੁਸਤਕ ਵੀ ਹੈ।ਇਸ ਕਵਿਤਾ ਵਿੱਚੋਂ ਗੁਜ਼ਰਦਿਆਂ ਕੁਲਵਿੰਦਰ ਚਾਵਲਾ ਦੀ ਸਿਰਜਣ ਪ੍ਰਕ੍ਰਿਆ ਦਾ ਮੁਹਾਂਦਰਾ ਸਾਹਮਣੇ ਆਉਂਦਾ ਹੈ।ਉਹ ਅਨੁਭਵੀ ਦ੍ਰਿਸ਼ਟੀ ਨਾਲ ਸਮਕਾਲ ਤੇ ਤਤਕਾਲ ਨੂੰ ਵਾਚਦੀ ਹੋਈ ਕੁਝ ਅਜਿਹੇ ਅੰਸ਼ਾਂ ਨਾਲ ਗੁਫਤਗੂ ਹੁੰਦੀ ਹੈ, ਜੋ ਮਨੁੱਖ ਨੂੰ ਅੰਦਰੋਂ ਤੇ ਬਾਹਰੋਂ ਬੇਚੈਨ ਕਰ ਰਹੇ ਹਨ।ਇਸ ਪੁਸਤਕ ਦੀਆਂ 40 ਦੇ ਕਰੀਬ ਕਵਿਤਾਵਾਂ ਹਨ, ਜਿਸ ਵਿਚਲੇ ਪਾਸਾਰ ਚਾਵਲਾ ਦੀ ਕਵਿਤਾ ਦੀ ਹੋਂਦ ਨਿਰਧਾਰਤ ਕਰ ਜਾਂਦੇ ਹਨ। ਕਵੀ ਦਾ ਮੰਨਣਾ ਹੈ ਕਿ ਕਵਿਤਾ ਵਿੱਚ ਸਮੇਂ ਦੀ ਕੋਈ ਹੱਦ ਨਹੀਂ ਹੁੰਦੀ ਇਹ ਮਾਨਵੀ ਭਾਵਨਾਵਾਂ ਦਾ ਇਜ਼ਹਾਰ ਸਦੀਵੀ ਕਰਦੀ ਹੈ।ਉਹ ਸਹਿਮਤ ਹੁੰਦੀ ਹੈ ਕਿ ਜਦ ਕਵੀ ਆਪਣੀ ਪੀੜ ਨੂੰ ਮਾਨਵੀ ਪੀੜ ਨਾਲ ਇੱਕਸੁਰ ਕਰਦਾ ਹੈ ਜਾਂ ਮਾਨਵੀ ਦਰਦ ਦਾ ਅਨੁਭਵ ਕਰਦਾ ਹੋਇਆ ਸ਼ਬਦਾਂ ਵਿੱਚ ਵਹਿਣ ਲੱਗਦਾ ਤਾਂ ਕਵਿਤਾ ਜਨਮਦੀ ਹੈ।ਕੁਲਵਿੰਦਰ ਚਾਵਲਾ ਦੇ ਅਜਿਹੇ ਅਹਿਸਾਸ ਕਵਿਤਾ ਦੀ ਆਮਦ ਦਾ ਆਧਾਰ ਬਣਦੇ ਹਨ।

ਮਨ ਮੇਰੇ ਦੀ ਧਰਤ 'ਤੇ
ਦੱਬੀ ਹੈ ਗਹਿਰੀ ਕਿਤੇ
ਇੱਕ ਜੜ੍ਹ ਕਵਿਤਾ ਦੀ
ਜੜ੍ਹ ਜ਼ਰੂਰ ਪੁੰਗਰੇਗੀ
ਫਲੇਗੀ-ਫੁੱਲੇਗੀ
ਬਣੇਗੀ ਰੁੱਖ
ਦੇਵੇਗੀ ਭਰਪੂਰ ਝਾੜ
ਨਿੱਕੀਆਂ, ਵੱਡੀਆਂ ਨਜ਼ਮਾਂ ਦਾ
ਇਹ ਬੂਟਾ ਹੋਵੇਗਾ ਸਦਾਬਹਾਰ

ਕਵਿਤਾ ਦਾ ਕੋਈ ਮਿੱਥਿਆ ਮੌਸਮ ਥੋੜ੍ਹੀ ਹੁੰਦੈ!

ਇਸ ਕਵਿਤਾ ਦੀ ਸੰਬੋਧਨੀ ਸੁਰ ਅਜੋਕੇ ਵਰਤਾਰੇ ਦੇ ਅਲੁਕਵੇਂ ਪੱਖਾਂ ਨੂੰ ਮੁਖਾਤਬ ਹੁੰਦੀ ਹੈ। ਨਾਰੀ ਕਵੀ ਸਵੈ-ਇੱਛਤ ਯਥਾਰਥ ਚਾਹੁੰਦੀ ਹੋਈ ਯਥਾਰਥ ਦੀਆਂ ਤਲਖ਼-ਹਕੀਕਤਾਂ ਪ੍ਰਤੀ ਰੋਸ ਉਜਾਗਰ ਕਰਦੀ ਹੈ। ਕੁਲਵਿੰਦਰ ਚਾਵਲਾ ਕੋਲ ਜਿੰਨੀ ਕੁ ਸੋਚ ਦੀ ਗਹਿਰਾਈ ਹੈ, ਜਿਸ ਤਹਿਤ ਉਹ ਕੁਝ ਮਸਲਿਆਂ ਪ੍ਰਤੀ ਨੋਟਿਸ ਲੈਂਦੀ ਹੋਈ ਅਜੋਕੀ ਸਥਿਤੀ ਨੂੰ ਸਮਝਣ ਲਈ ਯਤਨਸ਼ੀਲ ਹੈ।ਇਸ ਕਵਿਤਾ ਦੀ ਇਮਾਨਦਾਰੀ ਇਹ ਹੈ ਕਿ ਨਾਰੀ ਕਵੀ ਆਲੇ-ਦੁਆਲੇ ਦਾ ਮੁਲਾਂਕਣ ਕਰਦਿਆਂ ਕਈ ਪਸਾਰਾਂ ਨੂੰ ਨਾਲ ਲੈ ਤੁਰਦੀ ਹੈ। ਕਵਿਤਾ ਵਿਚਲੀ ਪਾਤਰ ਕਿਤੇ ਵਰਤਮਾਨੀ ਸਥਿਤੀ ਨੂੰ ਸਹਿਜਤਾ ਨਾਲ ਪੇਸ਼ ਕਰਦੀ ਤੇ ਕਿਤੇ ਕਾਹਲੇਪਣ ਵਿੱਚ ਪ੍ਰਤੀਕਰਮ ਵੀ ਦਿੰਦੀ ਹੈ। ਸਦੀਆਂ ਤੋਂ ਦੱਬੀ ਔਰਤ ਦੀ ਅਵਚੇਤਨਾ ਵਿੱਚ ਪਈ ਪਿੱਤਰਕੀ ਸੋਚ ਦੀ ਬਾਹਰੀ ਤੇ ਅੰਦਰੂਨੀ ਘੁਟਣ ਇਸ ਕਾਵਿ ਪਾਤਰ ਅੰਦਰ ਹਲਚਲ ਮਚਾਉਂਦੀ ਹੈ।ਉਹ ਸ਼ਾਬਦਿਕ ਤੌਰ 'ਤੇ ਦਸਤਪੰਜਾ ਲੈਣ ਲਈ ਕੁਝ ਆਵਾਜ਼ ਬਣਦੀ ਹੈ, ਪਰ ਧਰਾਤਲੀ ਪੱਧਰ 'ਤੇ ਮਰਦਾਵੀਂ ਸੱਤਾ ਨਾਲ ਟਕਰਾਉਣ ਤੋਂ ਕਿਤੇ-ਕਿਤੇ ਕਤਰੌਣ ਲੱਗ ਜਾਂਦੀ ਹੈ। ਕੁਲਵਿੰਦਰ ਇਸ ਪੱਖੋਂ ਤਾਂ ਪੂਰੀ ਤਰ੍ਹਾਂ ਸੁਚੇਤ ਹੈ ਕਿ ਨਾਰੀ ਦੀ ਜ਼ਹਿਨੀਅਤ ਵਿੱਚ ਪਏ ਪਿਤਰੀ/ਰੂੜ੍ਹੀਵਾਦੀ ਸੰਸਕਾਰਾਂ ਨੂੰ ਖਤਮ ਕਰਨ ਦੀ ਲੋੜ ਹੈ। ਪਿੱਤਰਕੀ ਵਧੀਕੀਆਂ ਨੂੰ ਸਹਿਣ ਕਰਦੀ ਹੋਈ ਔਰਤ ਕਈ ਤਰ੍ਹਾਂ ਦੀ ਹਿੰਸਾ ਦਾ ਸ਼ਿਕਾਰ ਹੋ ਜਾਂਦੀ ਹੈ, ਇਸ ਪ੍ਰਤੀ ਵੀ ਨਾਰੀ ਕਵੀ ਦੀ ਫਿਕਰਮੰਦੀ ਜਾਪਦੀ ਹੈ। 'ਸੁੰਦਰ ਔਰਤਾਂ' ਕਵਿਤਾ ਵਿੱਚ ਔਰਤ ਦਾ ਅਰਥ ਦੱਸਦੀ ਇਹ ਕਵਿਤਾ ਕਿਤੇ ਦਵੰਦ ਦਾ ਸ਼ਿਕਾਰ ਵੀ ਹੋ ਜਾਂਦੀ ਹੈ ਤੇ ਉਸ ਦੀ ਸੁੰਦਰਤਾ ਦਾ ਅਰਥ ਕਿਸੇ ਲਾਚਾਰੀ, ਮਜਬੂਰੀ 'ਤੇ ਸਿਮਟ ਕੇ ਰਹਿ ਜਾਂਦਾ ਹੈ। ਉਂਝ ਇਹ ਕਵਿਤਾ ਨਾਰੀ ਸ਼ਕਤੀ ਦਾ ਪੂਰਾ ਮਾਣ ਕਰਦੀ ਹੈ ਕਿ ਸਮਾਜ ਦੇ ਵਿਕਾਸਕ ਰੋਲ ਵਿੱਚ ਔਰਤ-ਮਰਦ ਦੀ ਬਰਾਬਰ ਦੀ ਹਿੱਸੇਦਾਰੀ ਹੈ। ਇਸ ਮਾਨਵੀ ਵਿਕਾਸ ਵਿੱਚ ਔਰਤ ਦੀ ਕਾਰਗੁਜ਼ਾਰੀ ਤੋਂ ਕਿਸੇ ਕਿਸਮ ਦਾ ਭੁਲੇਖਾ ਨਹੀਂ ਰਹਿਣਾ ਚਾਹੀਦਾ। ਇਹ ਸਾਡੇ ਸਮਾਜ ਦੇ ਉੱਪਰ ਇੱਕ ਅਹਿਮ ਸਵਾਲ ਹੈ ਕਿ ਔਰਤ ਦੀ ਦਸ਼ਾ ਕੀ ਹੈ। ਉਸ ਨੂੰ ਮਨੁੱਖ ਦਾ ਦਰਜਾ ਨਾ ਦੇ ਕੇ ਅਧੀਨਗੀ ਵਾਲੀ ਸਥਿਤੀ ਤਹਿਤ ਜੀਵਨ ਬਸ਼ਰ ਕਰਨ ਲਈ ਮਜਬੂਰ ਕੀਤਾ ਗਿਆ ਹੈ। ਨਾਰੀ ਕਵੀ ਦਾ ਮੰਨਣਾ ਹੈ ਕਿ ਔਰਤ ਦੇ ਅਸਲ ਅਰਥਾਂ ਤੱਕ ਪਹੁੰਚਣਾ ਇਸ ਸਮਾਜਿਕ ਪ੍ਰਬੰਧ ਦੇ ਵਸ ਵਿੱਚ ਨਹੀਂ, ਉਹ ਲਿਖਦੀ ਹੈ:

ਔਰਤ ਜ਼ੋਰਾਵਰ ਹੈ; ਜ਼ਹੀਨ ਹੈ
ਪ੍ਰਵੀਨ ਹੈ; ਪ੍ਰਚੰਡ ਹੈ
ਕੀ ਕਰਨੇ ਉਸ ਨੇ ਚੰਨ-ਤਾਰੇ
ਉਹ ਤਾਂ ਆਪ ਹੀ ਬ੍ਰਹਿਮੰਡ ਹੈ।

'ਬਾਈਪਾਸ', 'ਇਹ ਔਰਤਾਂ', 'ਰੂਪਾਂਤਰਣ' ਆਦਿ ਕਵਿਤਾਵਾਂ ਔਰਤ ਦੇ ਵੱਖੋ-ਵੱਖਰੇ ਰੂਪਾਂ ਨੂੰ ਬਿਆਨ ਕਰਦੀਆਂ ਮਹੱਤਵਪੂਰਨ ਕਵਿਤਾਵਾਂ ਹਨ। ਇਸ ਕਵਿਤਾ ਵਿਚਲੀ ਨਾਰੀ ਪਾਤਰ ਕੁਝ ਸੁਚੇਤਨਾ ਦੀ ਪੈੜ ਪਕੜਦੀ ਆਪਣੀ ਸਥਿਤੀ ਬਾਰੇ ਮੁਲਾਂਕਣ ਕਰਦੀ ਹੈ।ਇਸ ਦਾ ਦਾਇਰਾ ਭਾਵੇਂ ਕੁਲਵਿੰਦਰ ਦੀ ਮੱਧ ਵਰਗੀ ਜੀਵਨ ਸ਼ੈਲੀ ਬਣਦਾ ਹੈ।

ਕੁਲਵਿੰਦਰ ਦੀ ਕਵਿਤਾ ਦਾ ਦੂਜਾ ਪਸਾਰ ਕੁਦਰਤ ਪ੍ਰਤੀ ਮੋਹ ਦਾ ਅਹਿਸਾਸ ਵੀ ਕਰਵਾਉਂਦਾ ਹੈ। ਵਾਤਾਵਰਨ ਪ੍ਰਤੀ ਸੁਚੇਤਨਾ ਦਾ ਅਹਿਸਾਸ ਇਨ੍ਹਾਂ ਕਵਿਤਾਵਾਂ ਵਿੱਚੋਂ ਝਲਕਦਾ ਹੈ। ਨਾਰੀ ਕਵੀ ਦਾ ਮੋਹ ਨਦੀਆਂ, ਜੰਗਲਾਂ, ਸਾਗਰਾਂ ਨਾਲ ਕਈ ਪੱਖਾਂ ਤੋਂ ਪ੍ਰਗਟਦਾ ਹੈ। ਕਾਰਪੋਰੇਟ ਦੀ ਰੁੱਖਾਂ, ਪੰਛੀਆਂ, ਜਾਨਵਰਾਂ, ਦਰਿਆਵਾਂ ਪ੍ਰਤੀ ਬੇਰੁਖੀ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀ ਹੈ। 'ਖੁੱਸਿਆ ਸੁਰਗ' ਅਤੇ 'ਉਜੜ ਜਾਣ ਦਿਓ ਜੰਗਲ' ਕਵਿਤਾਵਾਂ ਵਿੱਚਲੀ ਸੁਰ ਮਨੁੱਖ ਸਾਹਵੇਂ ਸੁਆਲ ਖੜਾ ਕਰਦੀ ਹੈ ਕਿ ਕੁਦਰਤ ਦੀ ਹੋ ਰਹੀ ਅੰਨ੍ਹੀ ਲੁੱਟ ਮਨੁੱਖ ਲਈ ਕਿਵੇਂ ਘਾਤਕ ਹੈ।ਨਾਰੀ ਕਵੀ ਜੰਗਲ ਦੇ ਖਾਤਮੇ ਨੂੰ ਮਨੁੱਖ ਅਤੇ ਜੀਵ ਦਾ ਖਾਤਮਾ ਦੱਸਦੀ ਹੈ। ਇਹ ਫਿਕਰਮੰਦੀ ਹਰ ਮਨੁੱਖ ਦੀ ਹੋਣੀ ਚਾਹੀਦੀ ਹੈ ਕਿ ਕੁਦਰਤ ਤੇ ਮਨੁੱਖ ਦੇ ਵਿਗੜ ਰਹੇ ਰਿਸ਼ਤੇ ਵਿੱਚ ਸੰਤੁਲਨ ਪੈਦਾ ਕੀਤਾ ਜਾਵੇ। ਅਜਿਹੀ ਸਥਿਤੀ ਪੈਦਾ ਕਰਨ ਵਾਲੀਆਂ ਸ਼ਕਤੀਆਂ ਨਾਲ ਕਿਵੇਂ ਸਿੱਝਣਾ ਹੈ, ਇਸ ਬਾਰੇ ਇਸ ਕਵਿਤਾ ਨੇ ਸਫ਼ਰ ਅਜੇ ਤਹਿ ਕਰਨਾ ਹੈ। ਕਿਸੇ ਦਾ ਵਿਕਾਸ ਤੇ ਕਿਸੇ ਦਾ ਵਿਨਾਸ਼ ਇਹ ਸਵਾਲ ਇਸ ਕਵਿਤਾ ਨੂੰ ਸਤਾਉਂਦਾ ਜ਼ਰੂਰ ਹੈ।

ਛੇਤੀ ਕਰੋ!!
ਉਜਾੜ ਦਿਓ ਜੰਗਲ
ਭਾਵੁਕ ਹੋਣਾ
ਮਨੁੱਖੀ ਵਰਤਾਰਾ ਨਹੀਂ
ਇਸ ਤੋਂ ਪਹਿਲਾਂ
ਕਿ ਕਿਸੇ ਦੇ ਉੱਜੜ ਜਾਣ ਦਾ ਦੁੱਖ
ਲੱਗੇ ਸਤਾਉਣ ਦਿਲ ਨੂੰ ਤੁਹਾਡੇ
ਉਜਾੜ ਲਉ ਜੰਗਲ
ਉਸਾਰ ਲਉ ਫੈਕਟਰੀਆਂ
ਆਖ਼ਰ ਉੱਨਤੀ ਨਾਮ ਦੀ ਵੀ
ਕੋਈ ਸ਼ੈਅ ਹੁੰਦੀ ਏ ਕਿ ਨਹੀਂ?

ਕਵਿਤਾ ਦਾ ਤੀਜਾ ਪਾਸਾਰ ਮਨੁੱਖ ਦੀ ਅੰਦਰਲੀ ਤੇ ਬਾਹਰਲੀ ਲੁੱਟ ਬਾਰੇ ਚਿੰਤਿਤ ਹੈ।ਇਸ ਅਸਾਵੇਂ ਵਿਕਾਸ ਵਾਲੇ ਸਮਾਜ ਵਿੱਚ ਬਹੁਤ ਸਾਰੀਆਂ ਵੰਡੀਆਂ ਹਨ।ਜਾਤੀ ਸਰੰਚਨਾ ਤੇ ਧਰਮ ਦੀ ਜਕੜ ਦੀ ਘੁੰਮਣਘੇਰੀ ਨੇ ਲੁੱਟ ਦੀਆਂ ਅਨੇਕਾਂ ਪਰਤਾਂ ਪੈਦਾ ਕੀਤੀਆਂ ਹਨ। ਕੁਲਵਿੰਦਰ ਦੀ ਵਿਸ਼ਲੇਸ਼ਣੀ ਨੀਝ ਕਾਰਪੋਰੇਟੀ ਜਗਤ ਦੀਆਂ ਲੋਕ-ਮਾਰੂ ਨੀਤੀਆਂ ਦੇ ਅਨੇਕਾਂ ਅੰਸ਼ਾਂ ਨੂੰ ਵਾਚਦੀ ਹੈ। ਕਵੀ ਇਸ ਤਰਾਂ ਮਹਿਸੂਸਦੀ ਹੈ ਕਿ ਇਸ ਭੱਜ-ਦੌੜ ਦੇ ਵਕਤ ਸੰਤੁਸ਼ਟੀ ਦੀ ਪ੍ਰਾਪਤੀ ਹੀ ਮਨੁੱਖ ਦੀ ਮੁਕਤੀ ਹੈ।ਉਹ ਰਿਕਸ਼ੇ ਵਾਲਾ ਤੇ ਸਬਜ਼ੀ ਵਾਲੇ ਦੀ ਸੰਤੁਸ਼ਟੀ ਦੀ ਰਮਜ਼ ਸਮਝਦੀ ਹੋਈ ਗਰੀਬੀ ਦੀ ਪ੍ਰਭਾਸ਼ਾ ਤਾਂ ਪੁੱਛਦੀ, ਪਰ ਇਸ ਪਿਛਲੇ ਤੱਤਾਂ ਨੂੰ ਅਣਗੌਲਿਆ ਕਰ ਜਾਂਦੀ ਹੈ।ਇਹ ਕਵਿਤਾ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਪ੍ਰਤੀ ਹਮਦਰਦੀ ਦਾ ਝਲਕਾਰਾ ਦਿੰਦੀ ਹੈ, ਪਰ ਆਰਥਿਕ-ਸਮਾਜਿਕ ਕਾਣੀਵੰਡ ਦੇ ਖਾਤਮੇ ਦਾ ਸਵਾਲ ਇਸ ਕਵਿਤਾ ਵਿੱਚ ਮਨਫੀ ਹੋ ਜਾਂਦਾ ਹੈ। ਇਹ ਕਵਿਤਾ ਕਿਤੇ ਸਿਆਸੀ ਫੁਰਮਾਨਾਂ ਉੱਪਰ ਵੀ ਚੋਟ ਲਾਉਂਦੀ ਹੋਈ ਸੰਵਾਦ ਰਚਾਉਂਦੀ ਹੈ—

ਝੰਡੇ ਦੇਸ਼ ਦਾ ਹੋਰ ਅਖਵਾਉਂਦੇ ਨੇ
ਪਰ ਅਸਲੀ ਅਜ਼ਾਦੀ ਝੰਡੇ ਨਹੀਂ
ਦੇਸ਼ ਦੇ ਨਾਗਰਿਕ ਦਰਸਾਉਂਦੇ ਨੇ।

'ਕਿਵੇਂ ਪੁੱਛੇਗੀ ਉਹ' ਕਵਿਤਾ ਰਾਹੀਂ ਉਹ ਜੰਗ ਦੇ ਵਿਰੋਧ ਦੇ ਵਿੱਚ ਖੜਦੀ ਹੋਈ ਵਿਸ਼ਵ ਭਾਈਚਾਰਕ ਸਾਂਝ ਅਤੇ ਸ਼ਾਂਤੀ ਲਈ ਦੁਆ ਕਰਦੀ ਹੈ।ਮਨੁੱਖ ਦੀ ਬਰਬਾਦੀ, ਹੌਕੇ, ਹਾਵੇ ਤੇ ਨਫਰਤੀ ਰਾਹਵਾਂ ਅੰਦਰ ਵੀ ਮੁਹੱਬਤ ਦੀਵੇ ਬਾਲਦੀ ਹੈ।ਅੱਜ ਸਾਮਰਾਜੀ ਕੈਂਪਾਂ ਵਿੱਚ ਵੱਧ ਤੋਂ ਵੱਧ ਲੁੱਟ ਦੀ ਹਿੱਸੇਦਾਰੀ ਲੈਣ ਲਈ ਚੱਲ ਰਹੀ ਖਹਿਬਾਜ਼ੀ ਪ੍ਰਤਖ ਪ੍ਰਗਟ ਹੋ ਰਹੀ ਹੈ।ਜੰਗਬਾਜ਼ੀ ਸਿਆਸਤ ਨੇ ਵਿਸ਼ਵ ਵਿਚ ਤਬਾਹੀ ਮਚਾਈ ਹੋਈ ਹੈ। ਸਾਮਰਾਜੀ ਮੁਲਕਾਂ ਅੰਦਰਲੀਆਂ ਵਿਰੋਧਤਾਈਆਂ ਕਿਸ ਤਰ੍ਹਾਂ ਜੰਗਾਂ ਰਾਹੀ ਉਜਾਗਰ ਹੋ ਰਹੀਆਂ ਹਨ। ਆਪਣੇ ਹਿੱਤਾਂ ਦੀ ਪੂਰਤੀ ਲਈ ਸਾਮਰਾਜੀ ਦੇਸ਼ਾਂ ਨੇ ਤੀਜੀ ਦੁਨੀਆਂ ਦੇ ਮੁਲਕਾਂ ਵਿੱਚ ਕਿਵੇਂ ਲੁੱਟ ਮਚਾਈ ਹੋਈ ਹੈ। ਕੁਲਵਿੰਦਰ ਨੇ ਆਪਣੀ ਕਵਿਤਾ 'ਤੀਲੀ ਤੰਤਰ' ਰਾਹੀਂ ਅਜਿਹਾ ਸੰਕੇਤ ਦਿੱਤਾ ਹੈ।ਤੀਲੀ ਦਾ ਮੈਟਾਫ਼ਰ ਇਸ ਕਵਿਤਾ ਨੂੰ ਮਹੱਤਵਪੂਰਨ ਬਣਾਉਂਦਾ ਹੈ, ਜਿਸ ਵਿੱਚ ਤੀਲੀ ਬਣਾਉਣ ਵਾਲੇ ਦੀ ਭਾਵਨਾ ਦੇ ਸਮਾਨਅੰਤਰ ਤੀਲੀ ਨੂੰ ਵਰਤਣ ਵਾਲੇ ਜਨੂੰਨੀ ਦੰਗੇਬਾਜ਼ ਦੇ ਮਕਸਦ ਨੂੰ ਵੀ ਨੰਗਾ ਕੀਤਾ ਹੈ।



● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਸਾਹਿਤ

## ਪਾਣੀਆਂ ਦੀ ਧਰਤੀ ਕੈਨੇਡਾ

**(ਸਫ਼ਰਨਾਮਾ)**
**ਡਾ. ਦਵਿੰਦਰ ਸਿੰਘ ਬੋਹਾ**
**ਸਫੇ : 112, ਮੁੱਲ : 200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਪੰਜਾਬੀ ਸਾਹਿਤ ਦੇ ਪਿੜ ਅੰਦਰ ਆਪਣੀਆਂ ਵਿਭਿੰਨ ਸਾਹਿਤਕ ਅਤੇ ਸਮਾਜਿਕ ਸਰਗਰਮੀਆਂ ਸਦਕਾ ਡਾ. ਦਵਿੰਦਰ ਸਿੰਘ ਬੋਹਾ ਜਾਣਿਆ-ਪਛਾਣਿਆ ਨਾਂਅ ਹੈ। ਹਥਲੇ ਸਫ਼ਰਨਾਮੇ ਦਾ ਅਧਾਰ ਉਨ੍ਹਾ ਦੀ ਅੱਖ ਦੇ ਪ੍ਰਿਜ਼ਮ ਥਾਣੀਂ ਲੰਘਿਆ ਕੈਨੇਡਾ ਹੈ। ਇਸ ਵਿੱਚ ਉਨ੍ਹਾ ਨੇ ਆਪਣੀ ਸੰਖੇਪ ਯਾਤਰਾ ਦੇ ਦੌਰਾਨ ਪ੍ਰਾਪਤ ਅਨੁਭਵਾਂ ਅਤੇ ਪ੍ਰਤੀਕਰਮਾਂ ਨੂੰ ਬੜੀ ਰੌਚਕ ਸ਼ੈਲੀ ਵਿੱਚ ਅੰਕਿਤ ਕੀਤਾ ਹੈ। ਲੇਖਕ ਵੱਲੋਂ ਕੈਨੇਡਾ ਦੀ ਕੁਦਰਤੀ ਖੂਬਸੂਰਤੀ ਦੇ ਨਾਲ-ਨਾਲ ਉਥੋਂ ਦੇ ਸਮਾਜ, ਸੱਭਿਆਚਾਰ ਅਤੇ ਜੀਵਨ ਕੀਮਤਾਂ ਬਾਰੇ ਬੜੇ ਵਿਧੀਵਤ ਢੰਗ ਨਾਲ ਜਾਣਕਾਰੀ ਦਿੱਤੀ ਹੈ। ਇਸ ਸਫ਼ਰਨਾਮੇ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਉਹ ਭਾਵੇਂ ਦੁਨੀਆ ਦੇ ਕਿਸੇ ਵੀ ਕੋਨੇ 'ਤੇ ਵਿਚਰ ਰਿਹਾ ਹੋਵੇ, ਪਰ ਉਸ ਦੇ ਦਿਲ ਅੰਦਰ ਪੰਜਾਬ ਲਈ ਦਰਦ ਹਮੇਸ਼ਾ ਜਾਗਦਾ ਰਹਿੰਦਾ ਹੈ। ਮਾਨਵਵਾਦੀ ਪਹੁੰਚ ਸਦਕਾ ਉਹ ਪੰਜਾਬ ਅਤੇ ਕੈਨੇਡਾ ਦੇ ਸਮਾਜਿਕ, ਆਰਥਿਕ, ਸੱਭਿਆਚਾਰਕ ਆਦਿ ਪੱਖਾਂ ਦਾ ਤੁਲਨਾਤਮਕ ਅਧਿਐਨ ਵੀ ਨਾਲ ਨਾਲ ਕਰਦਾ ਜਾਂਦਾ ਹੈ ਅਤੇ ਦੋਵੇਂ ਸੱਭਿਆਚਾਰਾਂ ਦੇ ਚੰਗੇ ਪੱਖਾਂ ਨੂੰ ਆਤਮਸਾਤ ਕਰਨ ਦੀ ਗੱਲ ਕਰਦਾ ਹੈ। ਉਸ ਦੇ ਬਿਆਨਣ ਢੰਗ ਅੰਦਰਲੀ ਤਿੱਖੀ ਵਾਕ ਬਣਤਰ ਅਤੇ ਕਵਿਤਾ ਵਰਗੀ ਰਵਾਨੀ ਆਮ ਜੀਵਨ 'ਚ ਪਏ ਬਿਰਤਾਂਤ 'ਚ ਪਾਠਕ ਦੀ ਦਿਲਚਸਪੀ ਵਧਾਉਂਦੀ ਜਾਂਦੀ ਹੈ।

**-ਬੈਕ ਪੰਨੇ ਤੋਂ**

## ਰੂਹ ਦੇ ਅੱਥਰੂ

**(ਕਾਵਿ ਸੰਗ੍ਰਹਿ)**
**ਦਰਸ਼ਨ ਅਣਜਾਣ**
**ਸਫ਼ੇ : 124, ਮੁੱਲ : 220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਲੋਕ ਹਿਤੈਸ਼ੀ ਸਥਾਪਤ ਸ਼ਾਇਰ ਹੈ ਦਰਸ਼ਨ ਅਣਜਾਣ। ਉਹ ਸੱਚਮੁੱਚ ਹੱਦ ਦਰਜੇ ਦਾ ਕੋਮਲ ਭਾਵੀ ਹੈ। ਵਿਦੇਸ਼ੀ ਧਰਤੀ 'ਤੇ ਰਹਿੰਦਿਆਂ ਉਸ ਨੇ ਆਪਣੀ ਧਰਤੀ ਨੂੰ ਨਾ ਭੁਲਾਇਆ ਤੇ ਨਾ ਹੀ ਮਾਤ ਭਾਸ਼ਾ ਤੋਂ ਪਾਸਾ ਵੱਟਿਆ। ਲੇਖਕ ਆਪਣੇ ਵਿਚਾਰ, ਅਹਿਸਾਸ ਤੇ ਅਨੁਭਵ ਅਸਲ 'ਚ ਸਹਿਜਤਾ, ਸਰਲਤਾ ਤੇ ਸੌਖ ਨਾਲ ਆਪਣੀ ਮਾਤ ਭਾਸ਼ਾ ਵਿੱਚ ਹੀ ਪ੍ਰਗਟ ਕਰ ਸਕਦਾ ਹੈ, ਇਸ ਸੰਬੰਧੀ ਉਹ ਡਟ ਕੇ ਮਾਂ ਬੋਲੀ 'ਤੇ ਪਹਿਰਾ ਦੇ ਰਿਹਾ ਹੈ। ਉਸ ਦੀਆਂ ਕਵਿਤਾਵਾਂ, ਗ਼ਜ਼ਲਾਂ ਬਹੁਤੇ ਕਵੀਆਂ ਵਾਂਗ ਔਰਤ ਦੇ ਦੇਹੀ ਪਿਆਰ ਦੁਆਲੇ ਨਹੀਂ ਘੁੰਮਦੀਆਂ, ਬਲਕਿ ਉਨ੍ਹਾ ਵਿੱਚ ਬਿਰਹਾ, ਜਨਮ ਭੋਇੰ ਦਾ ਮੋਹ, ਲੋਕਾਂ ਦੇ ਦੁੱਖ, ਦਰਦ, ਤੜਫ਼, ਹੇਰਵਾ, ਮਜਬੂਰੀ, ਦੇਸ਼ ਪਿਆਰ ਆਦਿ ਭਾਰੂ ਹਨ ਅਤੇ ਕਿਤੇ-ਕਿਤੇ ਅਧਿਆਤਮਵਾਦ ਵੀ ਝਲਕਦੈ। ਉਸ ਦੀਆਂ ਰਚਨਾਵਾਂ ਦਾ ਆਧਾਰ ਸਿਹਤਮੰਦ ਵਿਚਾਰਧਾਰਾ ਹੈ, ਜੋ ਪਾਠਕ ਨੂੰ ਟੁੰਬਦੀ ਹੈ ਅਤੇ ਸੱਚ ਦਾ ਰਾਹ ਵਿਖਾਉਂਦੀ ਹੈ।



**-ਬਲਵਿੰਦਰ ਸਿੰਘ ਭੁੱਲਰ**

## ਓਪਰੀ ਕਸਰ ਤੋਂ ਛੁਟਕਾਰਾ

**ਸਰਬਜੀਤ ਉਖਲਾ**
**ਸਫੇ : 135, ਮੁੱਲ : 200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਇਹ ਕਹਾਣੀਆਂ ਪੜ੍ਹ ਕੇ ਸਹਿਜ ਗਿਆਨ ਹੁੰਦਾ ਹੈ ਕਿ ਭੂਤ-ਪ੍ਰੇਤ ਜਾਂ ਜਿੰਨ ਚੁੜੈਲ ਦਾ ਕੋਈ ਭੌਤਿਕ ਵਜੂਦ ਨਹੀਂ ਹੁੰਦਾ, ਸਗੋਂ ਇਹ ਸਾਡੇ ਹੀ ਮਨ ਦੀਆਂ ਘੜਤਾਂ ਹੁੰਦੇ ਹਨ। ਲੇਖਕ ਚੰਗੇ ਢੰਗ ਨਾਲ ਸਮਝਾਉਂਦਾ ਹੈ ਕਿ ਮਨੁੱਖੀ ਮਨ ਅੰਦਰ ਇੱਛਾਵਾਂ ਜਨਮ ਲੈਂਦੀਆਂ ਹਨ। ਇਨ੍ਹਾਂ ਵਿੱਚੋਂ ਕੁਝ ਇੱਛਾਵਾਂ ਤਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਕੁਝ ਨੂੰ ਮਨ ਪਹੁੰਚ ਤੋਂ ਬਾਹਰ ਹੋਣ ਕਰਕੇ ਜਾਂ ਸਮਾਜਿਕ ਤੌਰ 'ਤੇ ਅਪ੍ਰਵਚਨ ਹੋਣ ਕਰਕੇ ਦਬਾਅ ਲੈਂਦਾ ਹੈ। ਇਹ ਦੱਬੀਆਂ ਹੋਈਆਂ ਇੱਛਾਵਾਂ ਹੀ ਮਾਨਸਿਕ ਵਿਭਾਗਾਂ ਦਾ ਕਾਰਨ ਬਣਦੀਆਂ ਹਨ, ਕਿਉਂਕਿ ਇਹ ਇੱਛਾਵਾਂ ਕਈ ਵਾਰ ਸਮਾਜ ਤੋਂ ਓਹਲਾ ਰੱਖ ਕੇ ਪੂਰੀਆਂ ਕੀਤੀਆਂ ਜਾਂਦੀਆਂ ਹਨ ਅਤੇ ਕਈ ਵਾਰ ਤਾਂ ਇਹ ਆਪਣੀ ਜਾਗਦੀ ਜ਼ਮੀਰ ਤੋਂ ਵੀ ਚੋਰੀ ਪੂਰੀਆਂ ਕੀਤੀਆਂ ਜਾਂਦੀਆਂ ਹਨ। ਅਜਿਹੀਆਂ ਪਰਦਿਆਂ-ਓਹਲਿਆਂ ਵਿੱਚ ਲੁਕ-ਛਿਪ ਕੇ ਮਨ ਦੀਆਂ ਖੇਡੀਆਂ ਖੇਡਾਂ ਹੀ ਭੂਤ-ਪ੍ਰੇਤ ਦਾ ਕੰਮ ਜਾਪਦਾ ਹੈ। ਇਸ ਪੁਸਤਕ ਦੇ ਲੇਖਕ ਦਾ ਦਾਅਵਾ ਹੈ ਕਿ ਹਰ ਦੈਵੀ ਗੈਬੀ ਅਗੰਮੀ ਵਜੋਂ ਜਾਣੀ ਜਾਂਦੀ ਹਰ ਘਟਨਾ ਪਿੱਛੇ ਕੋਈ ਨਾ ਕੋਈ ਸਰੀਰਕ ਜਾਂ ਮਾਨਸਿਕ ਕਾਰਨ ਹੁੰਦਾ ਹੈ ਅਤੇ ਜੇ ਅਸੀਂ ਉਸ ਕਾਰਨ ਨੂੰ ਜਾਣ ਲਈਏ ਅਤੇ ਰਟਾ ਦਈਏ ਤਾਂ ਘਟਨਾ ਆਪੇ ਹੱਟ ਜਾਵੇਗੀ। ਲੇਖਕ ਨੇ ਨਵੇਂ ਗਿਆਨ-ਵਿਗਿਆਨ ਦੀਆਂ ਲੱਭਤਾਂ ਨੂੰ ਮਨੋਰੋਗੀ ਠੀਕ ਕਰਨ ਲਈ ਵਰਤਿਆ ਹੈ।



**- ਭੂਮਿਕਾ 'ਚੋਂ**

# ਪੁਸਤਕ ਰੀਵਿਊ

## ਪੰਜਾਬ ਦੇ ਪਾਣੀਆਂ ਦੀ ਦਾਸਤਾਨ

**(ਦੂਜਾ ਐਡੀਸ਼ਨ)**
**ਭਗਵਾਨ ਸਿੰਘ ਲਬਾਣਾ**
**ਮੁੱਲ : 250 ਰੁਪਏ, ਪੰਨੇ : ਸੁਜਿਲਦ ਪੇਪਰ ਬੈਕ 136**
**ਵ੍ਹਾਈਟ ਕਰੋ ਪਬਲਿਸ਼ਰਜ਼ ਰਣਜੀਤਗੜ੍ਹ ਬਾਂਦਰਾ, ਮਾਨਸਾ**

ਪੰਜਾਬ ਲਈ ਹੀ ਨਹੀਂ, ਸਮੁੱਚੇ ਭਾਰਤ ਅਤੇ ਦੁਨੀਆ ਦੇ ਅਨੇਕਾਂ ਹੋਰ ਦੇਸ਼ਾਂ ਲਈ ਪਾਣੀ ਦੀ ਸਮੱਸਿਆ, ਮਾਨਵੀ-ਚਿੰਤਾ ਦਾ ਕਾਰਨ ਬਣਦੀ ਜਾ ਰਹੀ ਹੈ। ਧਰਤੀ ਹੇਠਲਾ ਪਾਣੀ ਘਟਦਾ ਜਾ ਰਿਹਾ ਹੈ। ਸਾਨੂੰ ਪਾਣੀ ਦੇ ਬਦਲ ਢੂੰਡਣ ਦੀ ਵਧੇਰੇ ਲੋੜ ਹੈ, ਪਰ ਪਾਣੀ ਦੀ ਸਮੱਸਿਆ ਵਿਕਰਾਲ ਬਣ ਗਈ ਹੈ।

ਪਾਣੀ ਦੀ ਦਾਸਤਾਨ ਵਧੇਰੇ ਇਸ ਲਈ ਵੀ ਚਿੰਤਾਜਨਕ ਹੈ ਕਿ ਅਸੀਂ ਲੋਕ ਇਸ ਦੀ ਵਧੇਰੇ ਦੁਰਵਰਤੋਂ ਕਰਦੇ ਹਾਂ। ਜਦ ਤੋਂ ਪਾਕਿਸਤਾਨ ਅਤੇ ਹਿੰਦੋਸਤਾਨ ਦੇ ਦਰਿਆਵਾਂ ਦਾ ਝਗੜਾ ਆਰੰਭ ਹੋਇਆ ਹੈ। ਹਾਲਾਤ ਚਿੰਤਾਜਨਕ ਹਨ। ਹਰਿਆਣਾ ਬਣਨ ਤੋਂ ਪਹਿਲਾਂ ਪੰਜਾਬ ਰਾਵੀ ਬਿਆਸ ਤੋਂ ਪਾਣੀ ਵਰਤ ਰਿਹਾ ਸੀ, ਅੱਜ ਪੰਜਾਬ ਲਈ ਓਨਾ ਪਾਣੀ ਵੀ ਦਰਕਾਰ ਨਹੀਂ। ਪੰਜਾਬ ਪੁਨਰਗਠਨ ਸਮੇਂ ਪਾਣੀ ਪੰਜਾਬ ਲਈ ਹੋਰ ਘਟ ਗਿਆ ਹੈ।

ਭਾਰਤ ਸਰਕਾਰ ਨੇ 24 ਮਾਰਚ 1976 ਈ: ਦੇ ਨੋਟੀਫਿਕੇਸ਼ਨ ਕਰਕੇ ਤਿੰਨੇ ਦਰਿਆ ਖੋਹ ਲਏ। ਪੰਜਾਬ ਲਈ ਹੋਰ ਪਾਣੀ ਘੱਟ ਹੋ ਗਿਆ। ਪੰਜਾਬ ਦੇ ਹਿੱਤਾਂ ਦੇ ਉਲਟ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਪਾਣੀ ਦੇ ਜਿੰਨੇ ਫੈਸਲੇ ਲਏ ਗਏ ਸਨ, ਉਹ ਗਲਤ ਸਨ। ਗਿਆਨੀ ਜ਼ੈਲ ਸਿੰਘ ਵੀ ਪੰਜਾਬ ਨੂੰ ਪਾਣੀ ਦੀ ਪ੍ਰਾਪਤੀ 'ਸੰਪੂਰਨ' ਪ੍ਰਾਪਤ ਨਾ ਹੋਈ, ਪ੍ਰੰਤੂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣਨ ਸਮੇਂ ਪਾਣੀ ਦੇ ਸਿਲਸਿਲੇ ਹਿੱਤ ਆਪਣੇ ਪੰਜਾਬ ਦੇ ਹਿੱਤ ਪੂਰਦੇ ਰਹੇ। ਲਛਮਣ ਸਿੰਘ ਮੁੱਖ ਮੰਤਰੀ ਵਜੋਂ ਬਹੁਤ ਲੰਮਾ ਸਮਾਂ ਆਪਣੇ ਹਿੱਤਾਂ ਦੀ ਰਾਖੀ ਨਾ ਕਰ ਸਕੇ। ਮੁੱਖ ਮੰਤਰੀ ਦਰਬਾਰਾ ਸਿੰਘ ਦੀ ਭੂਮਿਕਾ ਵੀ ਚਰਚਿਤ ਰਹੀ। ਪ੍ਰਧਾਨ ਮੰਤਰੀ ਵੱਲੋਂ ਸਤਲੁਜ-ਯਮਨਾ ਲਿੰਕ ਨਹਿਰ ਦਾ ਨੀਂਹ ਪੱਥਰ ਰੱਖਣਾ ਵੀ ਪੰਜਾਬ ਲਈ ਘਾਟੇ ਵਾਲਾ ਸੌਦਾ ਸੀ। ਇਸੇ ਤਰ੍ਹਾਂ ਰਾਜੀਵ-ਲੌਂਗੋਵਾਲ ਸਮਝੌਤੇ ਨੇ ਪੰਜਾਬ ਦੇ ਹਿੱਤਾਂ ਦੀ ਵਧੇਰੇ ਰਾਖੀ ਨਾ ਕੀਤੀ।

ਲੇਖਕ ਨੇ ਬਾਲ ਕ੍ਰਿਸ਼ਨ ਇਰਾਡੀ ਟ੍ਰਿਬਿਊਨਲ 12 ਅਪ੍ਰੈਲ 1986 ਦਾ ਵੀ ਜ਼ਿਕਰ ਕੀਤਾ ਹੈ ਅਤੇ ਵਿਸ਼ਵ ਦੇ ਦਰਿਆਈ ਪਾਣੀਆਂ ਦੀ ਵੰਡ ਦੇ ਅਸੂਲ ਪੇਸ਼ ਕੀਤੇ ਹਨ, ਪਰ ਮਸਲਾ ਇਹ ਹੈ ਕਿ ਵਰਤਮਾਨ ਪੰਜਾਬ ਦੀ ਪਾਣੀ ਦੀ ਲੋੜ ਵੀ ਪੂਰੀ ਨਹੀਂ ਹੁੰਦੀ, ਟਿਊਬਵੈੱਲਾਂ ਨੇ ਧਰਤੀ ਦਾ ਪਾਣੀ ਹੋਰ ਨੀਵਾਂ ਕਰ ਦਿੱਤਾ ਹੈ। ਸਮੱਸਿਆ ਹੋਰ ਗੰਭੀਰ ਹੋ ਗਈ ਹੈ। ਧਰਤੀ ਹੇਠਲੇ ਪਾਣੀ ਦੀ ਸਮੱਸਿਆ ਗੰਭੀਰ ਹੋ ਰਹੀ ਹੈ। ਮਸਲਾ ਗੰਭੀਰ ਹੈ। ਪੰਜਾਬ ਦੇ ਪਾਣੀ ਦੀ ਲੋੜ ਕਿਵੇਂ ਸਥਾਪਤ ਰਹਿ ਸਕਦੀ ਹੈ। ਪੰਜਾਬ ਆਪਣੇ ਲੋਕ-ਸਮਾਜ ਲਈ ਕਿਵੇਂ ਨਿਰੰਤਰ ਮਿੱਠੇ ਪਾਣੀ ਦੀ ਲੋੜ ਪੂਰੀ ਕਰ ਸਕਦਾ ਹੈ।

ਪੁਸਤਕ ਦੇ ਅੰਤਲੇ ਸਰ ਵਰਕ ਉਪਰ ਲੇਖਕ ਨੇ ਪੰਜ ਸਵਾਲ ਪੇਸ਼ ਕੀਤੇ ਹਨ : 1-1955 ਈ: ਦੇ ਫੈਸਲੇ ਅਨੁਸਾਰ, ਰਾਜਸਥਾਨ ਹਿੱਸੇਦਾਰ ਕਿਉਂ? (2) 1976 ਈ: ਦੀ ਨੋਟੀਫਿਕੇਸ਼ਨ ਨਾਲ ਅੰਤਰ-ਰਾਜੀ ਝਗੜੇ ਦਾ ਮੁੱਢ ਕਿਵੇਂ (3) ਗਿਆਨੀ ਜ਼ੈਲ ਸਿੰਘ ਨੇ ਆਵਾਜ਼ ਬੁਲੰਦ ਕੀਤੀ, ਪਰ ਅਸਮਰਥ ਕਿਉਂ? ਸ੍ਰ. ਦਰਬਾਰਾ ਸਿੰਘ ਨੇ ਪੰਜਾਬ ਮਾਰੂ 1981 ਈ: ਸਮਝੌਤੇ 'ਤੇ ਦਸਤਖਤ ਕਿਉਂ ਕੀਤੇ? ਰਾਜੀਵ-ਲੌਂਗੋਵਾਲ ਸਮਝੌਤਾ 1985 ਈ: ਨਾਲ ਪਾਣੀਆਂ ਦਾ ਮਸਲਾ ਹੱਲ ਕਿਉਂ ਨਹੀਂ ਹੋਇਆ। ਇਹ ਸਵਾਲਾਂ ਦੇ ਉੱਤਰ ਪ੍ਰਾਪਤ ਹੋਣੇ ਚਾਹੀਦੇ ਹਨ।

ਪੰਜਾਬ ਦੇ ਪਾਣੀਆਂ ਦੀ ਦਾਸਤਾਨ ਦੇ ਲੇਖਕ ਨੇ ਇਸ ਗੰਭੀਰ ਸਮੱਸਿਆ ਦੇ ਸਮਾਜਿਕ, ਆਰਥਿਕ, ਰਾਜਨੀਤਕ ਪਹਿਲੂਆਂ ਉਪਰ ਵਿਚਾਰ ਕੀਤੀ ਹੈ। ਪੰਜਾਬ ਨੂੰ ਵਧੇਰੇ ਪਾਣੀ ਦੀ ਲੋੜ ਹੈ। ਇਹ ਖੇਤੀਬਾੜੀ ਪ੍ਰਾਂਤ ਹੈ। ਇਸ ਸਮੱਸਿਆ ਦਾ ਸਦੀਵੀ ਹੱਲ ਕੀ ਹੈ? ਭਖਦਾ ਮਸਲਾ ਹੈ।

ਪੁਸਤਕ ਵਿੱਚ ਜੋ ਪਾਣੀ ਸੰਬੰਧੀ ਵਿਚਾਰ-ਵਟਾਂਦਰੇ ਕੀਤੇ ਗਏ ਹਨ, ਉਹ ਮੁੱਲਵਾਨ ਹਨ।

**- ਡਾ: ਅਮਰ ਕੋਮਲ**

## ਲੋਕ ਕਾਵਿ-ਰੂਪ : ਰੰਗ

**(ਸੰਪਾਦਨ ਤੇ ਸਮੀਖਿਆ)**
**ਡਾ. ਹਰਨੇਕ ਸਿੰਘ ਹੇਅਰ**
**ਸਫੇ : 228, ਮੁੱਲ : 226 ਰੁਪਏ**
**ਅਲਖ ਪ੍ਰਕਾਸ਼ਨ, ਮੱਲ੍ਹੀਆਂ ਖੁਰਦ**

ਲੋਕ ਕਾਵਿ-ਰੂਪ : 'ਰੰਗ' ਦੀ ਸੰਪਾਦਨਾ ਅਤੇ ਸਮੀਖਿਆ ਤੋਂ ਪਹਿਲਾਂ ਡਾ. ਹਰਨੇਕ ਹੇਅਰ ਇਸੇ ਖੇਤਰ ਦੀਆਂ ਅੱਧੀ ਦਰਜਨ ਹੋਰ ਖੋਜ ਭਰਪੂਰ ਪੁਸਤਕਾਂ ਦੀ ਰਚਨਾ ਕਰ ਚੁੱਕਾ ਹੈ। ਇਹ 'ਲੜੀ' ਦੇ ਰਾਗਾਂ ਅਤੇ ਬੋਲੀਆਂ ਆਦਿ ਉਪਲੱਬਧ ਹਨ। ਇਸ ਤੋਂ ਇਲਾਵਾ ਆਲੋਚਨਾ ਦੇ ਨਾਲ-ਨਾਲ ਉਹ ਤਿੰਨ ਨਾਵਲ ਵੀ ਲਿਖ ਚੁੱਕਾ ਹੈ। ਵਿਚਾਰ ਅਧੀਨ ਪੁਸਤਕ ਵਿਚ ਡੇਢ ਦਰਜਨ ਤੋਂ ਵੱਧ 'ਰਵਾਇਤੀ ਗਾਇਕੀ ਦੇ ਦੀਵਾਨਿਆਂ' ਨੂੰ ਸੰਕਲਿਤ ਕੀਤਾ ਹੈ, ਜਿਨ੍ਹਾਂ ਦੁਆਰਾ ਆਪੋ-ਆਪਣੀ ਸ਼ੈਲੀ (ਨਜ਼ਰੀਏ) ਤੋਂ ਰੰਗ ਬਿਖੇਰੇ ਗਏ ਹਨ।

ਜ਼ਿਆਦਾਤਰ ਰੰਗ ਸਿਰਜਣਾ ਤਾਂ ਬੇਸ਼ੱਕ ਸਦਰ (ਸਦਰਦੀਨ), ਫਰਜ਼ੰਦ, ਹਸ਼ਮਤ ਸ਼ਾਹ, ਰਾਗੀ ਸਦੀਕ ਤੇ ਨੂਰਾਂ ਨੇ ਹੀ ਕੀਤੀ ਹੈ, ਪਰ ਠਾਕਰ ਰਾਮ, ਸੂਬੇਦਾਰ (ਕਰਨੈਲ ਸਿੰਘ), ਘੁੱਦੂ, ਦਰਸ਼ਨ ਕੋਮਲ, ਸੁਲੇਮਾਨ, ਮੋਹਣ, ਹਰੀ ਦਾਸ, ਸ਼ਰੀਫ, ਵਲੀ ਮੁਹੰਮਦ, ਅੱਤੇ ਸ਼ਾਹ, ਗੁਲਾਮ, ਗੋਪੀਦਾਸ, ਖਲੀਲ ਤੇ ਲਾਲ ਦੀਨ ਦੇ ਯੋਗਦਾਨ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਲੋਕ ਭਾਸ਼ਾ, ਲੋਕ-ਧੁਨਾਂ ਵਿਚ ਰਚਿਆ ਤੇ ਰੰਗਿਆ, ਲੋਕ-ਅਖਾੜੇ ਅਤੇ ਲੋਕ-ਸਾਜ਼ਾਂ ਨਾਲ ਗਾਇਆ ਜਾਣ ਵਾਲਾ ਇਹ ਰੰਗ ਕਾਵਿ-ਰੂਪ ਲੋਕ-ਗੀਤ ਹੋਣ ਦਾ ਭੁਲੇਖਾ ਪਾਉਣ ਲੱਗਦਾ ਹੈ। ਬੇਸ਼ੱਕ ਰੰਗ ਆਪਣੇ ਆਪ ਵਿਚ ਮੌਲਿਕ, ਸੁਤੰਤਰ ਤੇ ਸੰਪੂਰਨ ਕਾਵਿ-ਰੂਪ ਹੈ।

ਹੇਅਰ ਨੇ ਲੋਕ ਧਾਰਾ ਦੇ ਇਕ ਅਜਿਹੇ ਦਸਤਾਵੇਜ਼ੀ ਖਜ਼ਾਨੇ ਨੂੰ ਇਕ ਥਾਂ ਇਕੱਠਾ ਕਰ ਦਿਖਾਇਆ ਹੈ, ਜਿਸ ਰਾਹੀਂ ਸਾਡੇ ਪ੍ਰੀਤ ਨਾਇਕ ਅਤੇ ਨਾਇਕਾਵਾਂ ਦੇ ਨਕਸ਼ ਸਹਿਜੇ ਹੀ ਸੱਜਰੇ ਤੇ ਮੌਲਿਕ ਰੰਗ ਵਿਚ ਉੱਭਰ ਕੇ ਸਾਹਮਣੇ ਆ ਜਾਂਦੇ ਹਨ। ਕਿਤੇ ਸੋਹਣੀ ਅਤੇ ਕੱਚੇ ਘੜੇ ਵਿਚਕਾਰ ਤਕਰਾਰ ਚੱਲ ਰਿਹਾ ਹੈ। ਕਿਤੇ ਸੱਸੀ ਅਤੇ ਰਾਂਝਾ- ਪੁੰਨੂੰ ਅਤੇ ਹੀਰ ਦੀ 'ਬੇਵਫਾਈ' ਦੇ ਗਿਲੇ- ਸ਼ਿਕਵੇ ਕਰ ਰਹੇ ਹਨ। ਹੋਰ ਵੀ ਥਾਂ ਪੁਰ ਥਾਂ ਸਮੇਂ ਦੇ ਸੱਚ ਬਿਆਨ ਕੀਤੇ ਗਏ ਹਨ। ਇੱਥੋਂ ਤੱਕ ਕਿ ਇਨ੍ਹਾਂ ਦੇ ਰੰਗਾਂ ਦੇ 'ਮੁਖੜੇ' ਚੋਰੀ ਵੀ ਹੁੰਦੇ ਰਹੇ ਹਨ। ਰਾਗੀ ਸਦੀਕ ਦਾ ਇਕ ਰੰਗ ਹੈ – 'ਮੈਂ ਵੀ ਕੁੜੀ ਆਂ ਵੇ ਚੰਨਾ ਝੰਗ ਸ਼ਹਿਰ ਦੀ, ਜੇ ਤੂੰ ਤਖ਼ਤ ਹਜ਼ਾਰੇ ਦਾ।' ਇਸ ਨੂੰ ਬਦਲ ਕੇ ਕਈ ਦਹਾਕੇ ਪਹਿਲਾਂ ਇੰਦਰਜੀਤ ਹਸਨਪੁਰੀ ਨੇ ਗੀਤ ਬਣਾਇਆ 'ਮੈਂ ਵੀ ਕੁੜੀ ਆਂ ਵੇ ਚੰਨਾ ਦਿੱਲੀ ਸ਼ਹਿਰ ਦੀ, ਜੇ ਤੂੰ ਜੱਟ ਲੁਧਿਆਣੇ ਦਾ।' ਸੁਰਿੰਦਰ ਕੌਰ ਅਤੇ ਹਰਚਰਨ ਗਰੇਵਾਲ ਦੀਆਂ ਆਵਾਜ਼ਾਂ ਵਿਚ ਗਾਇਆ ਹੋਇਆ ਇਹ ਗੀਤ ਅੱਜ ਵੀ ਮਕਬੂਲ ਹੈ।

ਕਲਹਿਰੀਆ ਮੋਰਾ ਵੇ (ਸਦਰ), ਕੱਤਿਆ ਕਰੂੰਗੀ ਤੇਰੀ ਰੂੰ, ਹੋਰ ਦੁੱਖ ਭੁੱਲ ਜਾਣਗੇ (ਫਰਜ਼ੰਦ), ਛਣਕਾਟਾ ਪੈਂਦਾ ਗਲੀ – ਗਲੀ (ਸਦੀਕ), ਨੀ ਤੇਰੀ ਕਿਵੇਂ ਅੱਖ ਲੱਗ ਗਈ (ਠਾਕੁਰ ਰਾਮ), ਹੁਸਨ ਜਵਾਨੀ ਮਾਪੇ (ਦਰਸ਼ਨ ਕੋਮਲ), ਨੀ ਸੱਸੀਏ ਬੇਖਬਰੇ (ਸ਼ਰੀਫ) ਵੀ ਇਸ ਪ੍ਰਥਾਏ ਵਿਚਾਰੇ ਜਾ ਸਕਦੇ ਹਨ।

ਅੱਜ ਮੇਰਾ ਸਾਕ ਮੰਗਦਾ, ਰੋਂਦਿਆਂ ਨੂੰ ਰੋਣ ਦਿਓ, ਨਬੀ ਨੂੰ ਲੋਰੀ ਦਿੰਦੀ ਹਾਂ, ਖੜ੍ਹੀ ਆਵਾਜ਼ਾਂ ਮਾਰਾਂ, ਭੁੱਲ ਗਈ ਮੈਂ ਪੀਰ ਦੀ ਗਲੀ, ਆਪਣੇ ਮਹਿਬੂਬ ਦਾ ਬੂਹਾ, ਵੇ ਇਕ ਵਾਰੀ ਬੋਲ ਪੂਰਨਾ, ਮੋੜ ਵੇ ਮੁਹਾਰਾਂ ਆਦਿ ਰੰਗ ਵੀ ਜ਼ਿਕਰਯੋਗ ਹਨ।

ਇਹ ਰੰਗ ਇਸ਼ਕ-ਹਕੀਕੀ ਨਾਲ ਵੀ ਸੰਬੰਧਤ ਹਨ। ਸੰਤ ਸੰਧੂ ਨੇ ਠੀਕ ਹੀ ਲਿਖਿਆ ਹੈ 'ਜਦੋਂ ਤੱਕ ਅਖਾੜਾ ਗਾਇਕੀ ਦੀ ਰਵਾਇਤ ਕਾਇਮ ਰਹੇਗੀ, ਹਰਨੇਕ ਹੇਅਰ ਦੀ ਜੈ-ਜੈਕਾਰ ਹੁੰਦੀ ਰਹੇਗੀ।'

ਇਹ ਅਣਮੁੱਲੀ ਵੱਡ-ਆਕਾਰੀ ਪੁਸਤਕ ਪੜ੍ਹਨ, ਵਾਚਣ ਅਤੇ ਸਾਂਭਣਯੋਗ ਹੈ।

**- ਬਿਕਰਮਜੀਤ ਨੂਰ**

2-June-Sunday.qxd 6/1/2024 10:20 PM Page 6



# ਇਪਟਾ ਦੇ ਸਥਾਪਨਾ ਦਿਵਸ ਮੌਕੇ ਜੋਗਿੰਦਰ ਬਾਹਰਲਾ ਦੇ ਓਪੇਰਾ 'ਖੋਹੀਆਂ ਰੰਬੀਆਂ' ਦਾ ਮੰਚਨ



**ਫਗਵਾੜਾ**-ਇਪਟਾ, ਪੰਜਾਬ ਵੱਲੋਂ ਅਮਰਜੀਤ ਗੁਰਦਾਸਪੁਰੀ ਨੂੰ ਸਮਰਪਿਤ ਇਪਟਾ ਦੀ 81ਵੀਂ ਸਥਾਪਨਾ ਦਿਵਸ ਮੌਕੇ ਜੋਗਿੰਦਰ ਬਾਹਰਲਾ ਦੇ ਓਪੇਰਾ 'ਖੋਹੀਆਂ ਰੰਬੀਆਂ' ਦਾ ਮੰਚਣ ਇਪਟਾ, ਪੰਜਾਬ ਵੱਲੋਂ ਫਗਵਾੜਾ ਵਿਖੇ ਇਪਟਾ ਕਾਰਕੁਨ ਅਤੇ ਲੋਕ-ਗਾਇਕ ਅਮਰਜੀਤ ਗੁਰਦਾਸਪੁਰੀ ਨੂੰ ਸਮਰਪਿਤ ਇਪਟਾ ਦੀ 81ਵੀਂ ਸਥਾਪਨਾ ਦਿਵਸ ਮੌਕੇ ਹੋਏ ਇਪਟਾ ਵੱਲੋਂ ਆਪਣੇ ਸਨਮਾਨ ਦੌਰਾਨ ਆਪਣੇ ਸਮਿਆਂ ਦੀ ਪ੍ਰਸਿੱਧ ਲੋਕ-ਗਾਇਕਾ ਚੰਦਰ ਕਾਂਤਾ ਕਪੂਰ ਨੇ ਭਾਵੁਕ ਹੁੰਦਿਆਂ ਕਿਹਾ, "ਹਾਲਾਂਕਿ ਹੁਣ ਮੇਰੀ ਗਾਇਕਾ ਦੇ ਤੌਰ 'ਤੇ ਕੋਈ ਪੁੱਛ-ਪ੍ਰਤੀਤ ਨ੍ਹੀਂ, ਪਰ ਮੈਂ ਹਾਲੇ ਵੀ ਹਰਮੋਨੀਅਮ ਨਾਲ ਬਿਨਾਂ ਨਾਗਾ ਰਿਆਜ਼ ਕਰਦੀ ਆਂ। ਕੀ ਪਤੈ ਕਦੇ ਕੋਈ ਗਾਉਣ ਦੀ ਪੇਸ਼ਕਸ਼ ਆ ਈ ਜਾਵੇ, ਅੱਜ ਇਪਟਾ ਦੇ ਮੇਰੀ ਦਹਾਕਿਆਂ ਦੀ ਗਾਉਣ ਦੀ ਰੀਝ ਪੂਰੀ ਕਰਕੇ ਮੇਰੀ ਉਮਰ ਦੱਸ ਸਾਲ ਵਧਾ ਦਿੱਤੀ।" ਚਿੰਨ, ਫੁਲਕਾਰੀ ਅਤੇ ਪੈਗਾਮ ਏ ਨਾਮਾ ਦੀ ਸੰਸਥਾਪਕ ਅਤੇ ਕਵਿੱਤਰੀ ਕੁਲਵਿੰਦਰ ਕੌਰ ਕੋਮਲ ਵੱਲੋਂ ਭੇਜੀ ਨਾਲ ਇਕਵੰਜਾ ਸੌ ਨਾਲ ਚੰਦਰ ਕਾਂਤਾ ਕਪੂਰ ਦਾ ਸਨਮਾਨ ਕੀਤਾ ਗਿਆ। ਸਮਾਗਮ ਦਾ ਅਗਾਜ਼ ਬੀਤੇ ਦਿਨੀਂ ਵਿਛੋੜਾ ਦੇ ਗਏ ਹਰਦਿਲ ਅਜ਼ੀਜ਼ ਅਤੇ ਸਿਰਮੌਰ ਕਵੀ ਪਦਮਸ੍ਰੀ ਸੁਰਜੀਤ ਪਾਤਰ ਨੂੰ ਵੀ ਚੇਤੇ ਕਰਕੇ ਕੀਤਾ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਸ੍ਰੀਮਤੀ ਜਸਪ੍ਰੀਤ ਕੌਰ (ਜ਼ਿਲ੍ਹਾ ਭਾਸ਼ਾ ਅਫਸਰ, ਕਪੂਰਥਲਾ) ਵਜੋਂ ਸ਼ਾਮਲ ਹੋਏ ਅਤੇ ਪ੍ਰਧਾਨਗੀ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕੀਤੀ। ਚਿੰਤਕ ਤੇ ਨਾਟਕਰਮੀ ਡਾ. ਕੁਲਦੀਪ ਸਿੰਘ ਦੀਪ ਵੱਲੋਂ ਇਪਟਾ ਕੱਲ੍ਹ, ਅੱਜ ਤੇ ਭਲਕ ਬਾਰੇ ਲਿਖੇ ਪੇਪਰ ਨੂੰ ਰੰਗਕਰਮੀ ਸੰਦੀਪ ਸਿੰਘ ਨੇ ਪੜ੍ਹਦਿਆਂ ਕਿਹਾ ਕਿ 81 ਸਾਲ ਪਹਿਲਾਂ ਹੋਂਦ ਵਿਚ ਆਏ ਇਪਟਾ ਨੇ ਹਰ ਲੋਕ-ਸੰਘਰਸ਼ ਵਿਚ ਹਮੇਸ਼ਾ ਆਪਣੀ ਜ਼ੁੰਮੇਵਾਰੀ ਨੂੰ ਇਮਾਨਦਾਰੀ ਅਤੇ ਗੰਭੀਰਤਾ ਨਾਲ ਨਿਭਾਇਆ। ਜ਼ਮੀਨ ਦੇ ਮਾਲਕਾਂ ਵੱਲੋਂ ਜ਼ਮੀਨ ਮਜ਼ਦੂਰਾਂ ਦੀ ਕੀਤੀ ਜਾਂਦੀ ਦੁਰਗਤ ਦੀ ਗੱਲ ਕਰਦਾ ਇਪਟਾ ਦੇ ਮੁੱਢਲੇ ਕਾਰਕੁਨ ਪੰਜਾਬੀ ਰੰਗਮੰਚ ਦੇ ਮੁੱਖ-ਮੰਤਰੀ ਜੋਗਿੰਦਰ ਬਾਹਰਲਾ ਦਾ ਲਿਖੇ ਅਤੇ ਨਾਟਕਰਮੀ ਗਮਨੂੰ ਬਾਂਸਲ ਵੱਲੋਂ ਨਿਰਦੇਸ਼ਿਤ ਓਪੇਰਾ 'ਖੋਹੀਆਂ ਰੰਬੀਆਂ' ਨੇ ਇਪਟਾ ਦਾ ਮੁੱਢਲਾ ਦੌਰ ਚੇਤੇ ਕਰਵਾ ਦਿੱਤਾ। ਵਿਦੇਸ਼ ਜਾਣ ਦੀ ਚੂਹਾ ਦੌੜ ਵਿਚ ਉਲਝੇ ਪੰਜਾਬੀਆਂ ਦਾ ਜ਼ਿਕਰ ਕਰਦਾ ਪਾਲੀ ਭੁਪਿੰਦਰ ਦੇ ਲਿਖੇ ਅਤੇ ਡਾ. ਇੰਦਰਜੀਤ ਪਾਲ ਵੱਲੋਂ ਨਿਰਦੇਸ਼ਤ 'ਆਰ.ਐੱਸ.ਵੀ.ਪੀ.' ਵੀ ਆਪਣਾ ਅਸਰ ਛੱਡਣ ਵਿਚ ਕਾਮਯਾਬ ਰਿਹਾ। ਚੰਦਰ ਕਾਂਤਾ ਕਪੂਰ ਨੇ ਆਪਣੇ ਮਕਬੂਲ ਗੀਤ "ਲਾਲ, ਲਾਲ, ਮੇਰਾ ਚਿੱਤ ਮਾਹੀ ਦੇ ਨਾਲ, ਮੇਰੀਆਂ ਲਾਲ ਵੰਗਾਂ, ਹਾਏ ਕਿਸ ਘੜੀ ਘੜਵਾਈਆਂ, ਵੰਗਾਂ ਵਿਚ ਡਾਕ ਦੇ ਆਈਆਂ, ਲਾਲ, ਲਾਲ, ਮੇਰੀਆਂ ਲਾਲ ਵੰਗਾਂ।" ਤੇ ਹੋਰ ਕਈ ਗੀਤ ਬੁਲੰਦ ਅਵਾਜ਼ ਤੇ ਸੌਖ ਅੰਦਾਜ਼ ਵਿਚ ਗਾ ਕੇ ਸਭ ਨੂੰ ਕੀਲ ਲਿਆ। ਮੁਹਾਲੀ ਤੋਂ ਇਪਟਾ ਦੇ ਰੰਗਕਰਮੀ ਰੰਜੀਵਨ ਸਿੰਘ, ਹਰਿੰਦਰ ਹਰ, ਐਡਵੋਕੇਟ ਅਸ਼ਵਨੀ ਸ਼ਰਮਾ, ਕਪੂਰਥਲਾ ਤੋਂ ਅਨਮੋਲ ਰੂਪੋਵਾਲੀ, ਫਗਵਾੜਾ ਤੋਂ ਮੰਟੂ ਮਾਨ ਨੇ ਆਪਣੀ ਗਾਇਕੀ ਤੇ ਸ਼ਾਇਰੀ ਪੇਸ਼ ਕੀਤੀ। ਜ਼ਿਲ੍ਹਾ ਭਾਸ਼ਾ ਅਫਸਰ ਜਸਪ੍ਰੀਤ ਕੌਰ ਨੇ ਇਪਟਾ ਦੀ 81ਵੀਂ ਸਥਾਪਨਾ ਦਿਵਸ ਦੀ ਮੁਬਾਰਕ ਪੇਸ਼ ਕਰਦੇ ਕਿਹਾ ਕਿ ਇਪਟਾ ਹਮੇਸ਼ਾ ਲੋਕਾਂ ਦੀ ਗੱਲ ਕਰਦੀ ਗਾਇਕੀ, ਰੰਗਮੰਚ ਤੇ ਸੱਭਿਆਚਾਰ ਦੀ ਮੁੱਦਈ ਰਹੀ ਹੈ। ਇਪਟਾ ਦੇ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ ਨੇ ਕਿਹਾ ਕਿ ਫਿਲਮਾਂ ਦੇ ਸਿਰਮੌਰ ਹਸਤਾਖਰ ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ, ਨਰਗਿਸ ਦੱਤ ਅਤੇ ਪੰਜਾਬ ਤੋਂ ਸੁਰਿੰਦਰ ਕੌਰ (ਲੋਕ-ਗਾਇਕਾ), ਤੇਰਾ ਸਿੰਘ ਚੰਨ ਅਤੇ ਅਮਰਜੀਤ ਗੁਰਦਾਸਪੁਰੀ ਸਮੇਤ ਅਣਗਿਣਤ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪ੍ਰਸਿੱਧੀ ਦੇ ਫਨਕਾਰ ਇਪਟਾ ਨਾਲ ਜੁੜੇ। ਨਾਟਕਕਾਰ ਸੰਜੀਵਨ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਕਰਦੇ ਕਿਹਾ ਕਿ ਸੁਰਜੀਤ ਪਾਤਰ ਇਕ ਅਜਿਹਾ ਕਲਮਕਾਰ ਸੀ, ਜਿਸ ਨੇ ਆਪਣੇ ਲੋਕਾਂ ਕੰਨੀ ਕਦੇ ਵੀ ਪਿੱਠ ਨ੍ਹੀਂ ਕੀਤੀ। ਉਹ ਕਲਮ ਚੁੱਕਣ ਤੋਂ ਲੈ ਕੇ ਅੰਤਿਮ ਸਾਹਾਂ ਤੱਕ ਆਪਣੇ ਅਵਾਮ ਦੇ ਮਸਲਿਆਂ ਨੂੰ ਕਲਾਮਈ ਤਰੀਕੇ ਨਾਲ ਮੁਖ਼ਾਤਿਬ ਹੋਏ। ਉਨ੍ਹਾ ਕਿਹਾ, 'ਕਲਾ ਕਲਾ ਨਹੀਂ, ਕਲਾ ਲੋਕਾਂ ਲਈ' ਇਪਟਾ ਦਾ ਅਕੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਪਟਾ ਕਾਰਕੁੰਨ ਅਤੇ ਰੰਗਕਰਮੀ ਕਪੂਰਥਲਾ ਤੋਂ ਡਾ. ਹਰਭਜਨ ਸਿੰਘ, ਸਰਬਜੀਤ ਰੂਪੋਵਾਲੀ, ਮੁਹਾਲੀ ਤੋਂ ਕੁੱਕੂ ਦੀਵਾਨ, ਸਵਰਾਜ ਕੌਰ, ਜਲੰਧਰ ਤੋਂ ਸੁਰਿੰਦਰ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ। ਮੰਚ ਸੰਚਾਲਨ ਰੰਗਮੰਚ ਅਦਾਕਾਰਾ ਬੀਬਾ ਕੁਲਵੰਤ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ।



# ਸ਼ੇਰ ਜੰਗ ਫਾਊਂਡੇਸ਼ਨ ਯੂ ਕੇ ਨੇ ਸਾਹਿਤਕ ਸਮਾਗਮ ਕਰਵਾਇਆ



**ਸਾਊਥਾਲ** : ਮਰਹੂਮ ਪੰਜਾਬੀ ਲੇਖਕ ਸ਼ੇਰ ਜੰਗ ਜਾਂਗਲੀ ਦੀ ਯਾਦ ਵਿੱਚ ਸਥਾਪਤ 'ਸ਼ੇਰ ਜੰਗ ਫਾਊਂਡੇਸ਼ਨ ਯੂ ਕੇ' ਵੱਲੋਂ ਬੀਤੇ ਦਿਨੀਂ 'ਆਥਰ ਟਾਕਸ' ਲੜੀ ਤਹਿਤ ਇਕ ਹੋਰ ਸਾਹਿਤਕ ਸਮਾਗਮ ਸਾਊਥਾਲ ਵਿੱਚ ਸਥਿਤ ਦੀ ਗਰੀਨ ਕੁਆਰਟਰਜ਼, ਪਾਰਕ ਸਾਈਡ ਦੇ ਨਵੇਂ ਬਣੇ ਸ਼ਾਨਦਾਰ ਹਾਲ ਵਿੱਚ ਸ਼ਾਮ ਨੂੰ ਕਰਵਾਇਆ ਗਿਆ। ਇਸ ਵਿੱਚ ਪੰਜਾਬੀ ਮੂਲ ਦੀ ਸੰਸਾਰ ਪ੍ਰਸਿੱਧ ਜਰਨਲਿਸਟ, ਨਾਵਲਿਸਟ ਅਤੇ ਟੀ ਵੀ ਸ਼ਖਸੀਅਤ ਕਵਿਤਾ ਪੁਰੀ ਮੁੱਖ ਮਹਿਮਾਨ ਸਨ। ਕਵਿਤਾ ਨੇ ਆਪਣੀ ਤਾਜ਼ਾ ਪੁਸਤਕ ਪਾਰਟੀਸ਼ਨ ਵੁਆਇਸਜ਼-ਅਨਫੋਲਡ ਬ੍ਰਿਟਿਸ਼ ਸਟੋਰੀਜ਼ ਦੇ ਹਵਾਲੇ ਨਾਲ ਗੱਲਬਾਤ ਕੀਤੀ ਅਤੇ ਸਵਾਲਾਂ ਦੇ ਜੁਆਬ ਦਿੱਤੇ। ਉਸ ਦੀ ਇਸ ਨਵੀਂ ਕਿਤਾਬ ਖ਼ਰੀਦਣ ਲਈ ਦਰਸ਼ਕਾਂ, ਸਰੋਤਿਆਂ ਨੇ ਡਾਢਾ ਉਤਸ਼ਾਹ ਵਿਖਾਇਆ।

ਫਾਊਂਡੇਸ਼ਨ ਦੀ ਚੇਅਰਪਰਸਨ ਵਿਨੈ ਜੰਗ ਨੇ ਕਵਿਤਾ ਨੂੰ ਜੀਅ ਆਇਆਂ ਕਿਹਾ ਅਤੇ ਉਸ ਬਾਰੇ ਵਡਮੁੱਲੀ ਜਾਣਕਾਰੀ ਦਿੱਤੀ। ਨੌਜਵਾਨ ਟਰੱਸਟੀ ਸਨਮ ਮਹਿਲੀ ਨੇ ਕਵਿਤਾ ਨੂੰ ਬੜੇ ਦਿਲਚਸਪ ਸਵਾਲ ਕੀਤੇ। ਸਰੋਤਿਆਂ ਵੱਲੋਂ ਵੀ ਕਵਿਤਾ ਨੂੰ ਵੱਖਰੇ-ਵੱਖਰੇ ਸਵਾਲ ਕੀਤੇ ਗਏ। ਟਰੱਸਟੀ ਗਾਇਤਰੀ ਸੋਹੀ ਅਤੇ ਸ਼ਬਨਮ ਸ਼ਰਮਾ ਨੇ ਸ਼ੇਰ ਜੰਗ ਫਾਊਂਡੇਸ਼ਨ ਦੇ ਕੰਮਾਂ, ਹੁਣ ਤੱਕ ਦੀਆਂ ਪ੍ਰਾਪਤੀਆਂ ਅਤੇ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਦੱਸਿਆ। ਟਰੱਸਟੀ ਅਤੇ ਪੰਜਾਬੀ ਲੇਖਕ ਕੇ ਸੀ ਮੋਹਨ ਨੇ ਸਰੋਤਿਆਂ ਨੂੰ ਫਾਊਂਡੇਸ਼ਨ ਦੀ ਸਪੋਰਟ ਕਰਦੇ ਰਹਿਣ ਲਈ ਬੇਨਤੀ ਕੀਤੀ।

ਇਸ ਸਾਹਿਤਕ ਸਮਾਗਮ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਪੰਜਾਬੀ ਲੇਖਕ ਰਣਜੀਤ ਧੀਰ, ਕਹਾਣੀਕਾਰ ਗੁਰਪਾਲ ਸਿੰਘ, ਜਸਵੀਰ ਦੂਹੜਾ ਸ਼ੇਰ ਜੰਗ ਜਾਂਗਲੀ ਦੀ ਪਤਨੀ ਰਾਣੋ ਜੰਗ ਦੇ ਨਾਂਅ ਵਰਨਣਯੋਗ ਹਨ। ਫਾਊਂਡੇਸ਼ਨ ਵੱਲੋਂ ਆਰੰਭੀ 'ਆਥਰ ਟਾਕਸ' ਦੀ ਇਸ ਲੜੀ ਵਿੱਚ ਪਹਿਲੀ ਮੁਲਾਕਾਤ ਨਾਵਲਿਸਟ ਅਤੇ ਕਵਿੱਤਰੀ ਮੋਨਾ ਅਰਸ਼ੀ ਨਾਲ ਸੀ ਅਤੇ ਅਗਲੀ ਮੁਲਾਕਾਤ ਕਵਿਤਰੀ ਅਤੇ ਲੇਖਿਕਾ ਗੀਤਾ ਰੋਲੇ ਨਾਲ 22 ਜੂਨ ਨੂੰ ਹੋਵੇਗੀ। ਇਨ੍ਹਾਂ ਸਮਾਗਮਾਂ ਬਾਰੇ ਵਿਸ਼ੇਸ਼ ਗੱਲ ਇਹ ਹੈ ਕਿ ਇਨ੍ਹਾਂ ਦੀ ਵਿਊਂਤਬੰਦੀ ਅਤੇ ਪ੍ਰਬੰਧਾਂ ਪਿੱਛੇ ਪ੍ਰਵਾਸੀਆਂ ਦੀ ਦੂਜੀ-ਤੀਜੀ ਪੀੜ੍ਹੀ ਦੀ ਕਾਰਾਗਰੀ ਹੈ। ਇਹ ਸਮਾਗਮ ਰਵਾਇਤੀ ਪੰਜਾਬੀ ਸਾਹਿਤਕ ਸਮਾਗਮਾਂ ਤੋਂ ਹਟ ਕੇ ਹਨ।

# ਪੰਜਾਬੀ ਅਖਬਾਰ 'ਕੈਨੇਡਾ' ਦਰਪਣ ਦੀ ਆਰਕਾਈਵ ਦਾ ਲਾਂਚ ਸਮਾਗਮ

**ਸਰੀ** : ਸਰੀ ਫਲੀਟਵੁੱਡ ਲਇਬਰੇਰੀ ਵਿੱਚ ਪੰਜਾਬੀ ਅਖਬਾਰ 'ਕੈਨੇਡਾ ਦਰਪਣ' ਦੀ ਆਰਕਾਈਵ ਲਾਂਚ ਕੀਤੀ ਗਈ। ਕੈਨੇਡਾ ਦਰਪਣ ਨਵੰਬਰ 1982 ਤੋਂ ਲੈ ਕੇ ਫਰਵਰੀ 1989 ਤੱਕ ਵੈਨਕੂਵਰ/ਸਰੀ ਤੋਂ ਹਫਤਾਵਾਰੀ/ ਪੰਦਰਵਾੜਾ ਤੌਰ 'ਤੇ ਦਰਸ਼ਨ ਗਿੱਲ ਦੀ ਸੰਪਾਦਨਾ ਵਿੱਚ ਛਪਦਾ ਹੁੰਦਾ ਸੀ। ਇਸ ਸਮੇਂ ਦੌਰਾਨ ਇਸ ਦੇ 250 ਕੁ ਦੇ ਕਰੀਬ ਅੰਕ ਪ੍ਰਕਾਸ਼ਤ ਹੋਏ। ਇਹਨਾਂ 250 ਅੰਕਾਂ ਵਿੱਚੋਂ ਬਹੁਗਿਣਤੀ ਅੰਕ ਇਸ ਦੀ ਆਰਕਾਈਵ 'ਤੇ ਅਪਲੋਡ ਕਰ ਦਿੱਤੇ ਗਏ ਹਨ, ਜਿਹਨਾਂ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਵਸਣ ਵਾਲਾ ਵਿਅਕਤੀ ਇੰਟਰਨੈੱਟ 'ਤੇ ਪੜ੍ਹ ਸਕਦਾ ਹੈ। ਇਹ ਆਰਕਾਈਵ ਸੁਖਵੰਤ ਹੁੰਦਲ ਦੇ ਯਤਨਾਂ ਨਾਲ ਹੋਂਦ ਵਿੱਚ ਆਈ। ਸੁਖਵੰਤ ਹੁੰਦਲ ਹੁਰੀਂ ਇਸ ਤੋਂ ਪਹਿਲਾਂ ਸਾਹਿਤਕ ਰਸਾਲੇ 'ਸਿਰਜਣਾ' ਦੀ ਵੀ ਆਰਕਾਈਵ ਤਿਆਰ ਕਰ ਚੁੱਕੇ ਹਨ।



ਲਾਂਚ ਸਮਾਗਮ ਦੇ ਸ਼ੁਰੂ ਵਿੱਚ ਸਾਧੂ ਬਿਨਿੰਗ ਨੇ ਵੈਨਕੂਵਰ ਸੱਥ ਵੱਲੋਂ 50 ਕੁ ਦੇ ਕਰੀਬ ਆਏ ਸਰੋਤਿਆਂ ਨੂੰ ਜੀ ਆਇਆਂ ਕਿਹਾ। ਉਹਨਾ ਕਿਹਾ ਕਿ 'ਕੈਨੇਡਾ ਦਰਪਣ' ਅਖਬਾਰ ਦੀ ਆਰਕਾਈਵ ਦਾ ਬਣਨਾ ਸਾਡੇ ਭੂਤ ਅਤੇ ਭਵਿੱਖ ਨਾਲ ਸੰਬੰਧਿਤ ਹੈ। ਇਹ ਇਕ ਤਰੀਕਾ ਹੈ, ਜਿਸ ਨਾਲ ਅਸੀਂ ਆਪਣੇ ਭੂਤ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੋੜ ਰਹੇ ਹਾਂ, ਜੋ ਕਿ ਇਕ ਮਹੱਤਵਪੂਰਨ ਗੱਲ ਹੈ।

# 'ਗਰਲਜ਼ ਹੋਸਟਲ' ਪੁਸਤਕ 'ਤੇ ਵਿਚਾਰ-ਗੋਸ਼ਟੀ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਗੁਰੂ ਨਾਨਕ ਨੈਸ਼ਨਲ ਖ਼ਾਲਸਾ ਕਾਲਜ ਫ਼ਾਰ ਵੂਮੈਨ, ਮਾਡਲ ਟਾਊਨ, ਲੁਧਿਆਣਾ ਵਿਖੇ ਮਨਦੀਪ ਔਲਖ ਦੀ ਪੁਸਤਕ 'ਗਰਲਜ਼ ਹੋਸਟਲ' ਬਾਰੇ ਵਿਚਾਰ ਗੋਸ਼ਟੀ ਕਰਵਾਈ ਗਈ। ਇਹ ਸਮਾਗਮ ਕਾਲਜ ਦੇ ਇੰਟਰਨਲ ਕੁਆਲਿਟੀ ਇਸ਼ੋਰੈਂਸ ਸੈੱਲ ਦੀ ਅਗਵਾਈ ਹੇਠ ਬੁੱਕ ਰੀਵਿਊ ਸੈਸ਼ਨ, ਸੰਵਾਦ-3 ਅਧੀਨ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਵਰਨਜੀਤ ਸਵੀ, ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਅਮਰਜੀਤ ਸਿੰਘ ਗਰੇਵਾਲ, ਕਾਲਜ ਦੇ ਜਨਰਲ ਸਕੱਤਰ ਬਾਵਾ ਗੁਰਵਿੰਦਰ ਸਿੰਘ ਸਰਨਾ ਅਤੇ ਲੇਖਿਕਾ ਮਨਦੀਪ ਔਲਖ ਸ਼ਾਮਲ ਸਨ। ਕਾਲਜ ਦੀ ਪ੍ਰਿੰਸੀਪਲ ਡਾ. ਮਨੀਤਾ ਕਾਹਲੋਂ ਨੇ ਆਏ ਮਹਿਮਾਨਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਕਾਲਜ ਵਿਚ ਸ਼ਬਦ ਵਿਚਾਰ ਅਤੇ ਵਿਦਵਾਨਾਂ ਦਾ ਆਉਣਾ ਕਾਲਜ ਲਈ ਮਾਣ ਵਾਲੀ ਗੱਲ ਹੈ।ਪੁਸਤਕ ਬਾਰੇ ਖੋਜ-ਪੱਤਰ ਪੇਸ਼ ਕਰਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਵਿਚਾਰ ਅਧੀਨ ਪੁਸਤਕ ਨਾਰੀ ਦੀ ਸੁਤੰਤਰ ਹੋਂਦ ਦੇ ਨਵੇਂ ਦਿਸਹੱਦਿਆਂ ਦੀ ਨਾਇਕਾ ਵਜੋਂ ਪਛਾਣ ਕਰਦੀ ਹੈ। ਡਾ. ਗੁਰਦੀਪ ਸਿੰਘ ਢਿੱਲੋਂ ਨੇ ਆਪਣੇ ਖੋਜ-ਪੱਤਰ ਪੇਸ਼ ਕਰਦਿਆਂ ਕਿਹਾ ਕਿ ਮਨਦੀਪ ਔਲਖ ਨਵੇਂ ਆਯਾਮਾਂ ਤੋਂ ਕਾਵਿ ਸਮੱਗਰੀ ਫੜਦੀ ਹੈ ਤੇ ਕਲਾਤਮਿਕ ਤਰੀਕੇ ਨਾਲ ਪੇਸ਼ ਕਰਦੀ ਹੈ।ਸਵਰਨਜੀਤ ਸਵੀ ਨੇ ਕਿਹਾ ਕਿ ਮਨਦੀਪ ਦੀ



ਕਵਿਤਾ ਇਕ ਸਹਿਜ ਜਿਉਣ ਵਿਧੀ ਹੈ। ਉਹ ਇੱਕੋ ਥਾਂ ਘੁੰਮਣ ਜਾਣ ਵਿੱਚੋਂ ਵੀ ਬਾਰੀਕ ਦੇਣ ਮਾਨਣ ਦੀ ਦ੍ਰਿਸ਼ਟੀ ਨਾਲ ਵਿਭਿੰਨ ਕਵਿਤਾਵਾਂ ਸਿਰਜ ਲੈਂਦੀ ਹੈ। ਉਸ ਨੂੰ ਜ਼ਿੰਦਗੀ ਦੀ ਬੇਤਰਤੀਬੀ ਚੰਗੀ ਲੱਗਦੀ ਹੈ। ਸ. ਅਮਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸਾਨੂੰ ਦੇਖਣਾ ਪਵੇਗਾ ਕਿ ਔਰਤ ਮਰਦ ਦੇ ਵਿਰੋਧ ਵਿਚ ਆਜ਼ਾਦ ਹੋ ਗਈ ਜਾਂ ਇਨਸਾਨ ਸਮੁੱਚੇ ਤੌਰ 'ਤੇ ਆਜ਼ਾਦ ਹੋਵੇ। ਮਨਦੀਪ ਦੂਸਰੀ ਗੱਲ ਨੂੰ ਪਹਿਲ ਦਿੰਦੀ ਹੈ।

ਡਾ. ਸਰਬਜੀਤ ਸਿੰਘ ਲਾਲ ਸਿੰਘ ਦਿਲ ਦੀ ਕਵਿਤਾ 'ਮੈਨੂੰ ਪਿਆਰ ਕਰੇਂਦੀਏ ਪਰਜਾਤ ਕੁੜੀਏ' ਦਾ ਹਵਾਲਾ ਦੇ ਕੇ ਔਰਤ ਦੀ ਇਕ ਵੱਖਰੀ ਅਨੁਭਵ ਦੀ ਕਵਿਤਾ ਨੂੰ ਮਨਦੀਪ ਦੀ ਕਵਿਤਾ ਨਾਲ ਜੋੜਿਆ। ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਅਜਿਹੀਆਂ ਗੋਸ਼ਟੀਆਂ ਕਰਵਾਉਂਦੀ ਰਹੇਗੀ ਤਾਂ ਕਿ ਸਾਡੇ ਸਮਾਜ ਵਿਚ ਵੀ ਸੰਵੇਦਨਾ ਨੂੰ ਸੰਜੀਵ ਤਰੀਕੇ ਨਾਲ ਕਾਇਮ ਰੱਖਿਆ ਜਾ ਸਕੇ। ਜਸਵੰਤ ਜ਼ਫ਼ਰ ਨੇ ਅਕਾਡਮੀ ਦੇ ਇਸ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਕਵਿਤਾ ਸਮਾਜ ਨੂੰ ਵਧੇਰੇ ਸੰਵੇਦਨਸ਼ੀਲ ਬਣਾਉਂਦੀ ਹੈ। ਇਸ ਕਿਸਮ ਦੀਆਂ ਗੋਸ਼ਟੀਆਂ ਸਾਡੇ ਵਿਚਾਰਾਂ ਵਿਚ ਨਿਖਾਰ ਲਿਆਉਂਦੀਆਂ ਹਨ। ਡਾ. ਜਗਵਿੰਦਰ ਜੋਧਾ ਨੇ ਕਿਹਾ ਕਿ ਮਨਦੀਪ ਦੀ ਕਵਿਤਾ ਕਿਸੇ ਮਾਡਲ ਨੂੰ ਸਥਾਪਿਤ ਕਰਨ ਦੀ ਥਾਂ 'ਤੇ ਸੁਪਨੇ ਤੋਂ ਮਾਡਲ ਤੱਕ ਦੇ ਤਣਾਅ ਦੀ ਕਵਿਤਾ ਹੈ। ਸੁਰਿੰਦਰ ਕੈਲੇ, ਚਰਨਜੀਤ ਸਿੰਘ, ਗੁਰਸ਼ਰਨ ਸਿੰਘ ਨਰੂਲਾ, ਜਸਪ੍ਰੀਤ ਕੌਰ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਦਰਜੀਤਪਾਲ ਕੌਰ, ਸੁਰਿੰਦਰ ਦੀਪ, ਰਣਜੀਤ ਸਿੰਘ, ਸਰਬਜੀਤ ਸਿੰਘ ਵਿਰਦੀ, ਅਮਰਜੀਤ ਸ਼ੇਰਪੁਰੀ, ਗੁਰਮੇਜ ਸਿੰਘ ਭੱਟੀ, ਪ੍ਰੋ. ਕਿਸ਼ਨ ਸਿੰਘ ਸਮੇਤ ਕਾਲਜ ਦੇ ਅਧਿਆਪਕ ਹਾਜ਼ਰ ਸਨ। ਸਮਾਗਮ ਦੇ ਅਖ਼ੀਰ ਵਿਚ ਕਾਲਜ ਦੇ ਜਨਰਲ ਸਕੱਤਰ ਬਾਵਾ ਗੁਰਵਿੰਦਰ ਸਿੰਘ ਸਰਨਾ ਨੇ ਧੰਨਵਾਦ ਕਰਦਿਆਂ ਡਾ. ਸੁਰਜੀਤ ਪਾਤਰ ਦੀਆਂ ਬਤੌਰ ਇਨਸਾਨ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਡਾ. ਸਰਬਜੀਤ ਸਿੰਘ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਜਦੋਂ ਵੀ ਸਾਡੇ ਜ਼ਿੰਮੇ ਕੋਈ ਕਾਰਜ ਲਾਵੇਗੀ, ਅਸੀਂ ਹਮੇਸ਼ਾ ਹਾਜ਼ਰ ਰਹਾਂਗੇ। ਸਮਾਗਮ ਦਾ ਮੰਚ ਸੰਚਾਲਨ ਪ੍ਰੋ. ਪ੍ਰਭਜੋਤ ਕੌਰ ਨੇ ਬਾਖ਼ੂਬੀ ਨਿਭਾਇਆ।

# ਕਾਫਲੇ ਵੱਲੋਂ ਸੁਰਜੀਤ ਪਾਤਰ ਨੂੰ ਮੋਹ ਭਿੰਨੀ ਸ਼ਰਧਾਂਜਲੀ

**ਬਰੈਂਪਟਨ**- 'ਪੰਜਾਬੀ ਕਲਮਾਂ ਦਾ ਕਾਫਲਾ ਟੋਰਾਂਟੋ' ਦੀ ਮਹੀਨੇਵਾਰ ਮੀਟਿੰਗ ਦੀ ਭਰਵੀਂ ਹਾਜ਼ਰੀ ਵਿੱਚ ਪੰਜਾਬੀ ਕਵਿਤਾ ਦੇ ਥੰਮ੍ਹ ਸੁਰਜੀਤ ਪਾਤਰ ਨੂੰ ਮੋਹ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਹਸਤੀਆਂ ਵੱਲੋਂ ਸੁਰਜੀਤ ਪਾਤਰ ਨਾਲ਼ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਚਰਚਾ ਹੋਈ। ਸਭ ਤੋਂ ਪਹਿਲਾਂ ਕਾਫਲੇ ਦੇ ਸੰਚਾਲਕ ਕੁਲਵਿੰਦਰ ਖਹਿਰਾ ਨੇ ਸਟੇਜ ਨੂੰ ਸੰਭਾਲਦਿਆਂ ਹੋਇਆਂ ਕਿਹਾ, 'ਪਾਤਰ ਸਾਹਿਬ ਦੇ ਅਚਾਨਕ ਤੁਰ ਜਾਣ ਨਾਲ 'ਸ਼ਿਵ-ਪਾਸ-ਪਾਤਰ ਯੁੱਗ' ਦਾ ਅੰਤ ਹੋ ਗਿਆ ਹੈ।' ਡਾ. ਵਰਿਆਮ ਸਿੰਘ ਸੰਧੂ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਭੂਮਿਕਾ ਨਿਭਾਉਂਦਿਆਂ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਨਾਲ ਪਾਤਰ ਸਾਹਿਬ ਨਾਲ ਬਿਤਾਏ ਜ਼ਿੰਦਗੀ ਦੇ ਅਨੇਕਾਂ ਮੌਕੇ ਸਾਂਝੇ ਕਰਦਿਆਂ ਕਿਹਾ, "ਪਾਤਰ ਪੰਜਾਬੀ ਸਾਹਿਤ ਦੀ ਐਵਰੈਸਟ ਦੀ ਚੋਟੀ ਸੀ, ਜੋ ਹੁਣ ਢਹਿ ਗਈ ਹੈ। ਸੁਰਜੀਤ ਪਾਤਰ ਨਾਅਰੇ ਜਾਂ ਲਲਕਾਰੇ ਦਾ ਨਹੀਂ, ਰਮਜ਼ ਤੇ ਇਸ਼ਾਰੇ ਦਾ ਸ਼ਾਇਰ ਹੈ। ਲਾਲ ਝੰਡਾ ਸ਼ਾਇਰ ਦੇ ਹੱਥ ਵਿਚ ਨਾ ਹੋ ਕੇ, ਉਹਦੇ ਦਿਲ ਵਿਚ ਵੀ ਹੋ ਸਕਦਾ ਹੈ। ਪਾਤਰ ਚਲੇ ਗਿਆ ਉਸ ਦੀਆਂ ਕਵਿਤਾਵਾਂ ਫ਼ਿਜ਼ਾ ਵਿੱਚ ਗੂੰਜਦੀਆਂ ਰਹਿਣਗੀਆਂ।" ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਪਾਤਰ ਸਾਹਿਬ ਨੇ ਪੰਜਾਬੀ ਸਾਹਿਤ ਦਾ ਕੱਦ ਬਹੁਤ ਉੱਚਾ ਕੀਤਾ ਤੇ ਉਹ ਪਹਿਲਾ ਪੰਜਾਬੀ ਲੇਖਕ ਹੈ, ਜਿਸ ਨੂੰ ਆਮ ਲੋਕਾਂ ਦੇ ਨਾਲ਼-ਨਾਲ਼ ਪੰਜਾਬ ਸਟੇਟ ਨੇ ਵੀ ਬਹੁਤ ਮਾਣ-ਸਨਮਾਨ ਦਿੱਤਾ ਹੈ। ਜਰਨੈਲ ਸਿੰਘ ਕਹਾਣੀਕਾਰ ਨੇ ਕਿਹਾ, "ਪਾਤਰ ਵਿਲੱਖਣ ਪ੍ਰਤਿਭਾ ਦਾ ਮਾਲਕ ਸੀ ਤੇ ਜ਼ੁਬਾਨ ਦੀ ਮਿਠਾਸ ਉਸ ਦਾ ਵੱਡਾ ਗੁਣ ਸੀ।" ਨਾਮਧਾਰੀ ਸੰਸਥਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਅਜੀਤ ਸਿੰਘ ਲਾਇਲ ਤੇ ਹਰਜਿੰਦਰ ਸਿੰਘ ਨੇ ਪਾਤਰ ਸਾਹਿਬ ਦੇ ਕੁਝ ਸ਼ਿਅਰ ਸਾਂਝੇ ਕਰਦਿਆਂ ਕਿਹਾ ਕਿ ਪਾਤਰ ਸਾਹਿਬ ਸਭ ਨੂੰ ਪਿਆਰ ਵੰਡਦੇ ਸਨ। ਕੁਲਜੀਤ ਮਾਨ ਨੇ ਕੁਝ ਲੋਕਾਂ ਵੱਲੋਂ ਸੁਰਜੀਤ ਪਾਤਰ ਬਾਰੇ ਨਾਂਹ-ਪੱਖੀ ਰਵੱਈਏ ਦੀ ਨਿੰਦਾ ਕੀਤੀ। ਮਲਵਿੰਦਰ ਸਿੰਘ ਨੇ ਪਾਤਰ ਸਾਹਿਬ ਦੀ ਯਾਦ ਵਿੱਚ ਲਿਖੇ ਦੋਹੇ ਸਾਂਝੇ ਕੀਤੇ। ਭੁਪਿੰਦਰ ਦੁੱਲੇ ਨੇ ਕਿਹਾ, "ਪੰਜਾਬੀ ਸਾਹਿਤ ਦਾ ਵੱਡਾ ਰੁੱਖ ਡਿਗਿਆ, ਮੈਂ ਖ਼ੁਸ਼ਕਿਸਮਤ ਹਾਂ ਕਿ ਮੈਨੂੰ ਪਾਤਰ ਸਾਹਿਬ ਨੂੰ ਮੋਢਾ ਦੇਣ ਦਾ ਮੌਕਾ ਮਿਲਿਆ ਹੈ।" ਡਾ. ਸੁਖਪਾਲ ਨੇ ਕਿਹਾ ਕਿ ਪਾਤਰ ਨੇ ਆਪਣੀ ਨਿੱਜੀ ਪੀੜ ਦੇ ਨਾਲ-ਨਾਲ ਲੋਕਾਂ ਦੀ ਪੀੜ ਦੀ ਕਵਿਤਾ ਵੀ ਲਿਖੀ ਹੈ। ਡਾ. ਬਲਜਿੰਦਰ ਸੇਖੋਂ ਨੇ ਕਿਹਾ ਕਿ ਉਹ ਤੇ ਪਾਤਰ ਇੱਕੋ ਯੂਨੀਵਰਸਿਟੀ ਵਿੱਚ ਪੜ੍ਹੇ ਤੇ ਬਹੁਤ ਵਾਰ ਮਿਲੇ ਸਨ। ਪਾਤਰ ਸਾਹਿਬ ਨਰਮ ਸੁਭਾਅ ਦੇ ਹੁੰਦਿਆਂ ਹੋਇਆਂ, ਤਲਖ ਗੱਲਾਂ ਵੀ ਲਿਖ ਜਾਂਦੇ ਸਨ। ਰਾਜਪਾਲ ਹੋਠੀ ਨੇ ਪਾਤਰ ਸਾਹਿਬ ਨਾਲ ਦੋ ਵਾਰ ਮਿਲਣੀ ਦੇ ਪਲ ਸਾਂਝੇ ਕੀਤੇ।

ਡਾ. ਬਲਵਿੰਦਰ ਸਿੰਘ ਨੇ ਕਿਹਾ, "ਪਾਤਰ ਕਿਤੇ ਨਹੀਂ ਗਿਆ, ਉਹ ਸਾਡੇ ਨਾਲ ਹੈ, ਉਹ ਸਹਿਜ ਦਾ ਮਾਲਕ ਸੀ ਤੇ ਸਹਿਜਤਾ ਨਾਲ ਤੁਰ ਗਿਆ।" ਨਿਰਮਲ ਜਸਵਾਲ ਨੇ ਕਲਾ ਭਵਨ ਚੰਡੀਗੜ੍ਹ ਵਿਖੇ ਪਾਤਰ ਨਾਲ ਮਿਲਣੀਆਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਸੁਰਜੀਤ ਕੌਰ ਨੇ ਪਾਤਰ ਸਾਹਿਬ ਦੀ ਕਵਿਤਾ ਸ਼ੇਅਰ ਕਰਨ ਦੇ ਨਾਲ ਕਿਹਾ, "ਉਹ ਦਰਵੇਸ਼ਾਂ ਵਾਂਗ ਜੀਵੇ ਤੇ ਦਰਵੇਸ਼ਾਂ ਵਾਂਗ ਗਏ।" ਸੰਦੀਪ ਧਨੋਆ ਨੇ ਕਿਹਾ, "ਪਾਤਰ ਸਾਹਿਬ ਦੇ ਕੱਦ ਦੇ ਮੁਤਾਬਕ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਸ਼ਬਦ ਲੱਭਣੇ ਮੁਸ਼ਕਲ ਲੱਗਦੇ ਹਨ।" ਇਸ ਤੋਂ ਇਲਾਵਾ ਸੁਰਜੀਤ ਪਾਤਰ ਸਾਹਿਬ ਦੇ ਸ਼ਰਧਾਂਜਲੀ ਸਮਾਰੋਹ ਵਿੱਚ ਸ਼ਾਮਲ ਹੋਣ ਵਾਲੇ ਪ੍ਰਭਜੋਤ ਰਾਠੌਰ, ਜਿਨ੍ਹਾਂ ਵੱਲੋਂ ਕਾਫਲੇ ਨੂੰ ਪੰਜ ਸੌ (500) ਡਾਲਰ ਦਿੱਤੇ ਗਏ।

# 'ਰਾਜਿਆ ਰਾਜ ਕਰੇਂਦਿਆ' ਦਾ ਲੋਕ ਅਰਪਣ

**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦਾ ਮਹੀਨਾਵਾਰ ਸਾਹਿਤਕ ਸਮਾਗਮ ਬਾਬਾ ਹਿੰਮਤ ਸਿੰਘ ਧਰਮਸ਼ਾਲਾ ਸੰਗਰੂਰ ਵਿਖੇ ਉੱਘੇ ਵਿਦਵਾਨ ਸੁਰਿੰਦਰਪਾਲ ਸਿੰਘ ਸਿਦਕੀ ਦੀ ਪ੍ਰਧਾਨਗੀ ਵਿੱਚ ਹੋਇਆ, ਜਿਸ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਮੀਤ ਪ੍ਰਧਾਨ



ਮੂਲ ਚੰਦ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਸਕੱਤਰ ਅਤੇ ਲੋਕ ਪੱਖੀ ਕਵੀ ਰਜਿੰਦਰ ਸਿੰਘ ਰਾਜਨ ਦਾ ਦੋਹਾ-ਸੰਗ੍ਰਹਿ 'ਰਾਜਿਆ ਰਾਜ ਕਰੇਂਦਿਆ' ਲੋਕ ਅਰਪਣ ਕੀਤਾ ਗਿਆ। ਸਮਾਗਮ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਰਜਿੰਦਰ ਸਿੰਘ ਰਾਜਨ ਦੀ ਪੁਸਤਕ ਦਾ ਗਹੁ ਨਾਲ ਪਾਠ ਕਰਦਿਆਂ ਇਸ ਗੱਲ ਦੀ ਤਸੱਲੀ ਹੁੰਦੀ ਹੈ ਕਿ ਉਨ੍ਹਾਂ ਨੂੰ ਭਾਰਤੀ ਛੰਦ-ਵਿਧਾਨ ਦੀ ਸੂਖਮ ਸੂਝ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਮੂਲ ਚੰਦ ਸ਼ਰਮਾ ਨੇ ਕਿਹਾ ਕਿ ਰਜਿੰਦਰ ਸਿੰਘ ਰਾਜਨ ਦੀ ਪੁਸਤਕ ਰੂਪਕ ਅਤੇ ਵਿਚਾਰਕ ਦੋਵੇਂ ਪੱਖਾਂ ਤੋਂ ਮੁਕੰਮਲ ਹੈ। ਕਰਮ ਸਿੰਘ ਜ਼ਖ਼ਮੀ ਨੇ ਕਿਹਾ, ਰਜਿੰਦਰ ਸਿੰਘ ਰਾਜਨ ਮਿਹਨਤਕਸ਼ ਲੋਕਾਂ ਲਈ ਜੂਝਣ ਵਾਲਾ ਨਿਧੜਕ ਕਵੀ ਹੈ। ਇਸ ਸਮਾਗਮ ਵਿੱਚ ਬੇਸ਼ੱਕ ਚੋਣ ਡਿਊਟੀ ਕਾਰਨ ਖ਼ੁਦ ਤਾਂ ਨਹੀਂ ਆ ਸਕੇ, ਪਰ ਉਨ੍ਹਾਂ ਦੀ ਸੁਪਤਨੀ ਗੁਰਪ੍ਰੀਤ ਕੌਰ ਅਤੇ ਉਨ੍ਹਾਂ ਦੀ ਬੇਟੀ ਇੰਦਰਪ੍ਰੀਤ ਕੌਰ ਨੇ ਪੂਰਾ ਸਮਾਂ ਸਮਾਗਮ ਵਿੱਚ ਹਾਜ਼ਰੀ ਭਰੀ। ਇਸ ਮੌਕੇ ਉੱਘੇ ਕਹਾਣੀਕਾਰ ਜਗਦੇਵ ਸ਼ਰਮਾ ਨੇ 'ਸਾਡਾ ਉਮੀਦਵਾਰ ਕਿਹੋ ਜਿਹਾ ਹੋਵੇ' ਵਿਸ਼ੇ 'ਤੇ ਬੜਾ ਮਿਹਨਤ ਨਾਲ ਲਿਖਿਆ ਹੋਇਆ ਖ਼ੂਬਸੂਰਤ ਪਰਚਾ ਪੜ੍ਹਿਆ। ਸਤਪਾਲ ਸਿੰਘ ਲੌਂਗੋਵਾਲ ਨੇ ਕਿਹਾ ਕਿ ਉਮੀਦਵਾਰ ਧਰਮ ਵਰਗੇ ਨਿੱਜੀ ਮਸਲਿਆਂ 'ਤੇ ਵੋਟ ਨਾ ਮੰਗਦਾ ਹੋਵੇ। ਡਾ. ਅਮਨਦੀਪ ਟੱਲੇਵਾਲੀਆ ਨੇ ਕਿਹਾ ਕਿ ਉਮੀਦਵਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਵਾਲਾ ਹੋਣਾ ਚਾਹੀਦਾ ਹੈ। ਸੁਖਵਿੰਦਰ ਸਿੰਘ ਲੋਟੇ ਨੇ ਕਿਹਾ ਕਿ ਉਮੀਦਵਾਰ ਲੋਕਾਂ ਦੀਆਂ ਸਮੱਸਿਆਵਾਂ ਅਤੇ ਲੋੜਾਂ ਨੂੰ ਸਮਝਣ ਵਾਲਾ ਹੋਵੇ। ਸੁਰਿੰਦਰਪਾਲ ਸਿੰਘ ਸਿਦਕੀ ਨੇ ਕਿਹਾ ਕਿ ਉਮੀਦਵਾਰ ਨੂੰ ਧਰਮ ਤੋਂ ਉੱਪਰ ਉੱਠ ਕੇ ਵੋਟ ਪਾਈ ਜਾਣੀ ਚਾਹੀਦੀ ਹੈ। ਇਸ ਵਿਚਾਰ-ਚਰਚਾ ਵਿੱਚ ਰਾਜ ਕੁਮਾਰ ਅਰੋੜਾ, ਚਰਨਜੀਤ ਸਿੰਘ ਮੀਮਸਾ ਅਤੇ ਗੋਬਿੰਦ ਸਿੰਘ ਤੂਰਬਨਜਾਰਾ ਨੇ ਵੀ ਹਿੱਸਾ ਲਿਆ।

# ਸਮਕਾਲ

## ਵਿਰਸਾ-21




ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਇਤਿਹਾਸ ਸਬ-ਕਮੇਟੀ ਦਾ 'ਵਿਰਸਾ' ਅਜਿਹਾ ਬੁਲੇਟਿਨ ਹੈ ਜਿਹੜਾ ਗ਼ਦਰ ਲਹਿਰ 'ਤੇ ਵਿਸ਼ੇਸ਼ ਸਮੱਗਰੀ ਛਾਪਣ ਵਾਲਾ ਪਰਚਾ ਹੈ। ਇਹ ਅੰਕ 1857 'ਤੇ ਵਿਸ਼ੇਸ਼ ਹੈ। ਬਸਤੀਵਾਦ ਵਿਰੁੱਧ ਉੱਠੀ ਗ਼ਦਰ ਲਹਿਰ ਵਿੱਚ 1857 ਦਾ ਗ਼ਦਰ ਅਹਿਮ ਸਥਾਨ ਰੱਖਦਾ ਹੈ। ਸੰਪਾਦਕੀ ਵਿੱਚ ਕਿਹਾ ਗਿਆ ਹੈ, "ਗ਼ਦਰ ਪਾਰਟੀ ਦੇ ਸਮੂਹਕ ਅਵਚੇਤਨ ਨੂੰ ਸਮਝਣ ਲਈ 1857 ਨੂੰ ਸਮਝਣਾ ਬਹੁਤ ਜ਼ਰੂਰੀ ਹੈ।1857 ਦਾ ਵਿਦਰੋਹ ਬੇਹੱਦ ਵਿਆਪਕ ਸੀ। ਹਰੇਕ ਕੇਂਦਰ ਉੱਤੇ ਘਟਨਾਵਾਂ ਦਾ ਸੁਭਾਅ ਵੀ ਵੰਨ-ਸੁਵੰਨਾ ਸੀ।' ਹਰਵਿੰਦਰ ਭੰਡਾਲ ਨੇ '1857 ਦਾ ਗ਼ਦਰ' ਲੇਖ ਵਿੱਚ ਇਤਿਹਾਸਕ ਹਵਾਲਿਆਂ ; ਬੰਗਾਲ ਆਰਮੀ, ਪੰਜਾਬ ਦਾ ਗ਼ਦਰ ਨਾਲ ਇਸ ਨੂੰ ਸਮਝਣ ਯਤਨ ਕੀਤਾ ਹੈ। 'ਬਾਰ ਦੇ ਢੋਲੇ ਤੇ ਲੋਕ-ਮੁਖ ਇਤਿਹਾਸਕਾਰੀ' ਦੇ ਸੰਦਰਭ ਵਿੱਚ 'ਭਜਨ' ਨੇ ਇਸ ਗ਼ਦਰ ਨੂੰ ਸਮਝਿਆ ਹੈ। ਚਰੰਜੀ ਲਾਲ ਕੰਗਣੀਵਾਲ ਹੁਰਾਂ '1857 ਦੇ ਗ਼ਦਰ ਵਿੱਚ ਪੰਜਾਬ ਦੀ ਭੂਮਿਕਾ' ਤਹਿਤ ਦੇਸ਼ ਭਗਤਾਂ ਤੇ ਗ਼ਦਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ। ਵਿਜੈ ਬੰਬੇਲੀ ਨੇ ਇਸ ਲਹਿਰ ਨੂੰ ਹਿਮਾਚਲ ਦੀ ਦੇਣ ਦਾ ਵਿਸ਼ਲੇਸ਼ਣ ਤੱਥ-ਅੰਕੜਿਆ ਨਾਲ ਕੀਤਾ ਹੈ। 'ਗ਼ਦਰ 1857' ਤਹਿਤ ਹਿੰਦੁਸਤਾਨ ਗ਼ਦਰ ਅਖ਼ਬਾਰ ਦੇ ਕੁਝ ਪੰਨੇ ਛਾਪੇ ਗਏ ਹਨ। ਬੰਬੇਲੀ ਦੀ ਇਕ ਹੋਰ ਲਿਖਤ 'ਫਾਂਸੀ ਦੇ ਤਖਤੇ ਤੋਂ' ਨਿਵੇਕਲੀ ਸ਼ੈਲੀ ਵਿੱਚ ਲਿਖੀ ਹੈ। ਜਿਸ ਵਿੱਚ ਪੀਰ ਅਲੀ ਖਾਂ ਦੀ ਗ਼ਦਰ ਨੂੰ ਦੇਣ ਸੰਬੰਧੀ ਇਸ ਪ੍ਰਸੰਗ ਲਿਖਿਆ ਹੈ। ਖਵਾਜਾ ਹਸਨ ਨਿਜਾਮੀ ਦੇ 'ਬੇਗਮੋਂ ਕੇ ਆਂਸੂ' ਦਾ ਚੈਪਟਰ 'ਹਰੇ ਕੱਪੜਿਆਂ ਵਾਲੀ ਔਰਤ ਦੀ ਲੜਾਈ' ਛਾਪਿਆ ਗਿਆ ਹੈ ਜਿਹੜਾ ਗ਼ਦਰ ਵਿੱਚ ਭਾਗ ਲੈਣ ਵਾਲੀ ਇਕ ਔਰਤ ਬਾਰੇ ਹੈ। ਅੰਤ ਵਿੱਚ ਪਰਮਿੰਦਰ ਸਿੰਘ (ਡਾ.) ਨੇ ਇਤਿਹਾਸਕਾਰੀ ਵਿੱਚ ਅਹਿਮ ਮੁੱਦੇ ਉਭਾਰਨ ਵਾਲੀ ਹਰਜੋਤ ਓਬਰਾਇ ਦੀ ਪੁਸਤਕ When Does History Begin ਦਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਹੈ। ਵਿਰਸਾ ਦਾ ਸੰਪਾਦਕੀ ਬੋਰਡ ਗ਼ਦਰ ਲਹਿਰ 'ਤੇ ਬੜਾ ਨਿੱਗਰ ਕਾਰਜ ਕਰ ਰਿਹਾ ਹੈ। ਪਰਚੇ ਦੇ ਪੰਨੇ : 104, ਮੁੱਲ : 50 ਰੁਪਏ ਹੈ। ਸੰਪਰਕ ਪਤਾ : ਸੰਪਾਦਕ : ਹਰਵਿੰਦਰ ਭੰਡਾਲ, ਸਹਿ. ਸੰਪਾਦਕ : ਚਰੰਜੀ ਲਾਲ ਕੰਗਣੀਵਾਲ ਤੇ ਸਹਿਯੋਗੀ ਸੰਪਾਦਕ : ਵਿਜੈ ਬੰਬੇਲੀ, ਇਤਿਹਾਸ ਸਬ ਕਮੇਟੀ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਮੁਬਾਇਲ : 98550-36890

## ਆਬਰੂ : ਅਪ੍ਰੈਲ-ਜੂਨ,2024

ਯੂ. ਜੀ. ਸੀ. ਕੇਅਰ ਲਿਸਟ ਵਿੱਚ ਆਉਣ 'ਤੇ 'ਆਬਰੂ' ਖੋਜ ਵਿਦਿਆਰਥੀਆਂ ਦੀ ਆਲੋਚਨਾ ਦਾ ਪੇਪਰ ਬਣ ਕੇ ਰਹਿ ਗਿਆ ਹੈ। ਸੰਪਾਦਕੀ ਵਿੱਚ ਡਾ. ਮੋਨੋਜੀਤ ਨੇ ਜੰਮੂ ਕਸ਼ਮੀਰ ਸਰਕਾਰ ਨਵੇਂ ਕਾਨੂੰਨ ਤਹਿਤ ਪੰਜਾਬੀ ਬੋਲੀ ਤੇ ਭਾਸ਼ਾ ਦੇ ਭਵਿੱਖੀ ਮਸਲੇ ਤੇ ਸਵਾਲ ਚੁੱਕਿਆ ਹੈ। ਇਸ ਜਰਨਲ ਵਿੱਚ ਇਕ-ਦੋ ਪੇਪਰਾਂ ਨੂੰ ਛੱਡ ਕੇ ਬਾਕੀ ਪੰਜਾਬੀ ਭਾਸ਼ਾ ਵਿੱਚ ਪੀ. ਐੱਚਡੀ. ਦੀ ਡਿਗਰੀ ਕਰਨ ਵਾਲੇ




ਖੋਜ ਵਿਦਿਆਰਥੀਆਂ ਦੇ ਕੁਲ 86 ਖੋਜ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। ਨਾਵਲ, ਕਹਾਣੀ, ਕਵਿਤਾ, ਨਾਟਕ, ਗੀਤ, ਸੱਭਿਆਚਾਰ, ਭਾਸ਼ਾ-ਲਿੱਪੀ, ਗੁਰਬਾਣੀ ਵਿਸ਼ਿਆ ਤੇ ਹੋਰ ਆਦਿ ਵਿਸ਼ਿਆ ਨਾਲ ਸੰਬੰਧਤ ਆਲੋਚਨਾ ਪੇਪਰ ਛਪੇ ਹਨ। ਕਿਉਂਕਿ ਯੂਨੀਵਰਸਿਟੀਆਂ ਨੇ ਪੀ. ਐੱਚਡੀ. ਦੀ ਡਿੱਗਰੀ ਅਤੇ ਕਾਲਜਾਂ ਵਿੱਚ ਨੌਕਰੀਆਂ ਪ੍ਰਾਪਤ ਕਰਨ ਲਈ ਛਪੇ ਪੇਪਰਾਂ ਨੂੰ ਜ਼ਰੂਰੀ ਕਰ ਦਿੱਤਾ ਹੈ, ਜਿਸ ਕਾਰਨ ਉਹ ਅਜਿਹੇ ਆਲੋਚਨਾ ਪੇਪਰ ਛਪਵਾਉਣ ਲਈ ਕਾਫੀ ਜਦੋ ਜਹਿਦ ਕਰਦੇ ਹਨ। ਕਿਉਂਕਿ ਇਹ ਵਿਦਿਆਰਥੀ ਆਲੋਚਨਾ ਕਰਨਾ ਦਾ ਅਜੇ ਅਭਿਆਸ ਕਰ ਰਹੇ ਹਨ ਜਿਸ ਕਰਕੇ ਉਨ੍ਹਾਂ ਦੀ ਆਲੋਚਨਾ ਵਿਸ਼ਲੇਸ਼ਣ ਦੀ ਬਜਾਏ ਵਿਆਖਿਆ ਮੂਲਕ ਵੱਧ ਹੈ। ਉਨ੍ਹਾਂ ਦੀ ਆਲੋਚਨਾ ਗੰਭੀਰ ਨੁਕਤਿਆ ਤੋਂ ਉਰੇਂ ਹੀ ਰਹਿ ਜਾਂਦੀ ਹੈ। ਇਹ ਮਜਬੂਰੀ ਵਿੱਚ ਨਿਕਲੀ ਆਲੋਚਨਾ ਹੈ। ਪਰ ਸ਼ਾਇਦ ਭਵਿੱਖ ਵਿੱਚ ਇਨ੍ਹਾਂ ਵਿੱਚੋਂ ਆਲੋਚਨਾ ਦੇ ਖੇਤਰ ਵਿੱਚ ਮਿਹਨਤ ਕਰਕੇ ਆਪਣਾ ਨਾਂ ਸਥਾਪਤ ਕਰ ਲੈਣ। ਸੰਪਾਦਕ ਨੂੰ ਸਥਾਪਤ ਆਲੋਚਕਾਂ ਕੋਲੋਂ ਖੋਜ ਪੱਤਰ ਲਿਖਵਾਉਣ ਲਈ ਪਹੁੰਚ ਵੀ ਕਰਨੀ ਚਾਹੀਦੀ ਹੈ। ਖੋਜ ਵਿਦਿਆਰਥੀਆਂ ਵਿੱਚ 'ਆਬਰੂ' ਬੜਾ ਹਰਮਨ ਪਿਆਰਾ ਪੇਪਰ ਬਣ ਗਿਆ ਹੈ। ਕਿਉਂਕਿ ਉਨ੍ਹਾਂ ਦੀਆਂ ਵੱਡੀਆਂ ਲੋੜਾਂ ਇਹ ਪਰਚਾ ਪੂਰੀਆਂ ਕਰ ਦਿੰਦਾ ਹੈ। ਪਰਚੇ ਦੇ ਪੰਨੇ : 260, ਮੁੱਲ : 150 ਰੁਪਏ ਹੈ। ਸੰਪਰਕ ਪਤਾ : ਸੰਪਾਦਕ : ਬਲਜੀਤ ਸਿੰਘ ਰੈਨਾ, ਮਕਾਨ ਨੰ. 5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ, ਜੰਮੂ, ਮੁਬਾਇਲ : 97976-57211

## ਵਾਗਰਥ : ਮਈ, 2024

'ਵਾਗਰਥ' ਹਿੰਦੂ ਦਾ ਮਾਸਿਕ ਪੇਪਰ ਹੈ ਜੋ ਭਾਰਤੀਆ ਭਾਸ਼ਾ ਪਰਿਸ਼ਦ ਕਲਕੱਤਾ ਵੱਲੋਂ ਪ੍ਰਕਾਸ਼ਤ ਕੀਤਾ ਜਾਂਦਾ ਹੈ। ਜੈਸ਼ੰਕਰ ਪ੍ਰਸ਼ਾਦ ਦੀ ਪ੍ਰਸਿੱਧ ਪੁਸਤਕ 'ਕਾਮਾਯਾਨੀ' ਦੇ ਸੰਦਰਭ ਵਿੱਚ ਹਿੰਦੀ ਪੱਟੀ ਵਿਚ ਔਰਤ ਦੀ ਸਥਿਤੀ ਦਾ ਵੱਖ ਵੱਖ ਵਿਦਵਾਨਾ ਵਿਜੈ ਬਹਾਦੁਰ ਸਿੰਘ, ਹੇਤੂ ਭਾਰਦਵਾਜ, ਸ੍ਰੀ ਪ੍ਰਕਾਸ਼ ਸ਼ੁਕਲ, ਬਸੰਤ ਤ੍ਰਿਪਾਠੀ, ਅਚਯੁਤਾਨੰਦ ਮਿਸ਼ਰ ਆਦਿ ਨੇ ਵਿਸ਼ਲੇਸ਼ਣ ਕੀਤਾ ਹੈ। ਲੰਮੀ ਸੰਪਾਦਕੀ ਵੀ ਇਸੇ ਮੁੱਦੇ 'ਤੇ ਹੈ। ਖੇਡ ਜਗਤ ਨਾਲ ਸੰਬੰਧਤ 'ਦੰਗਲ' (ਤਨਵੀਰ ਅਖ਼ਤਰ ਰੁਮਾਨੀ) ਦੀ ਕਹਾਣੀ ਅਹਿਮ ਹੈ। ਨਾਲ ਹੀ ਦਿਨੇਸ਼ ਪਾਠਕ (ਸਮਯ ਦੀ ਧਾਰ ਮੇਂ), ਧਨੰਜਯ ਚੋਪੜਾ (ਖਾਟ ਟੋਟਕਾ), ਹਰਿਸ਼ੰਕਰ ਰਾੜੀ (ਮੋੜ ਸੇ ਆਗੇ), ਦਿਲੀਪ ਦਰਸ਼ (ਵਿਧਵੰਸ਼), ਹਰਿਮੋਹਨ ਝਾਅ (ਵਿਨਿਮਯ, ਮੈਥਿਲੀ) ਆਦਿ ਦੀਆਂ ਕਹਾਣੀਆਂ ਹਨ। ਦੋ ਦਲਿਤ ਕਹਾਣੀ ਸੰਗ੍ਰਹਿ ਕਥਾਰੰਗ (ਸੁਸ਼ੀਲਾ ਟਾਕਭੋਰੇ) ਤੇ ਦਲਿਤ ਇਸਤਰੀ (ਰਜਤ ਰਾਣੀ ਮੀਨੂੰ ਸੰਪਾਦਤ) ਦਾ ਵਿਸਤ੍ਰਿਤ ਵਿਸ਼ਲੇਸ਼ਣ ਸਮੇਤ ਲੇਖਕਾਂ ਦੀ ਮੁਲਾਕਾਤਾਂ ਨਾਲ ਕੀਤਾ ਗਿਆ ਹੈ। ਕਵਿਤਾਵਾਂ ਦਾ ਪੱਧਰ ਵੀ ਠੀਕ ਹੈ। ਪਰਚੇ ਦੇ ਪੰਨੇ : 122, ਮੁੱਲ : 30 ਰੁਪਏ ਹੈ। ਸੰਪਰਕ ਪਤਾ : ਸੰਪਾਦਕ : ਸ਼ੰਭੂਨਾਥ, 36-ਏ, ਸੈਕਸਪੀਅਰ ਸਰਣੀ, ਕਲਕੱਤਾ ਮੁਬਾਇਲ : 74495-03734



- ਭਗਵੰਤ ਰਸੂਲਪੁਰੀ

# ਪਾਠਕਾਂ ਦੇ ਝਰੋਖੇ 'ਚੋਂ

## ਲੋਟੂ ਤੇ ਫ਼ਿਰਕੂ ਹੁਕਮਰਾਨਾਂ...

19 ਮਈ ਦੇ 'ਐਤਵਾਰਤਾ' ਵਿਚ ਸੁਮੀਤ ਸਿੰਘ ਨੇ ਆਪਣੇ ਲੇਖ ਵਿਚ ਅਜੋਕੇ ਲੀਡਰਾਂ ਵੱਲੋਂ ਰਾਜ ਸੱਤਾ ਸੰਭਾਲਣ ਲਈ ਜੋ ਲਾਰੇ ਤੇ ਵਾਅਦੇ ਕੀਤੇ ਜਾਂਦੇ ਹਨ ਤੇ ਸੱਤਾ ਸੰਭਾਲਣ ਤੋਂ ਬਾਅਦ ਉਹਨਾ ਨੂੰ ਕਿਵੇਂ ਭੁਲਾ ਦਿੱਤਾ ਜਾਂਦਾ ਹੈ, ਉਸ ਬਾਰੇ ਬਹੁਤ ਵਿਸਥਾਰ ਵਿਚ ਪ੍ਰੀਭਾਸ਼ਤ ਕੀਤਾ ਹੈ। ਬਹੁਤ ਸਾਰੇ ਵਾਅਦੇ ਅਜਿਹੇ ਹੁੰਦੇ ਹਨ, ਜਿਸ ਬਾਰੇ ਸਭ ਨੂੰ ਪਤਾ ਹੁੰਦਾ ਹੈ ਕਿ ਉਹ ਪੂਰੇ ਨਈਂ ਹੋ ਸਕਦੇ, ਪਰ ਭੋਲੇ-ਭਾਲੇ ਲੋਕ ਫਿਰ ਵੀ ਉਹਨਾ ਦੇ ਭਰਮਜਾਲ ਵਿਚ ਫਸ ਜਾਂਦੇ ਹਨ। ਹੁਣ ਸਾਡੀਆਂ ਅਦਾਲਤਾਂ ਨੂੰ ਚਾਹੀਦਾ ਹੈ ਕਿ ਹਰੇਕ ਪਾਰਟੀ ਨੂੰ ਹਦਾਇਤ ਕੀਤੀ ਜਾਏ ਕਿ ਲੋਕਾਂ ਨਾਲ ਉਹੀ ਵਾਅਦੇ ਕੀਤੇ ਜਾਣ, ਜੋ ਉਨ੍ਹਾ ਦੇ ਚੋਣ ਮੈਨੀਫੈਸਟੋ ਵਿਚ ਦਰਜ ਹੋਣ ਤੇ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਇਆ ਜਾਵੇ। ਜੋ ਵੀ ਪਾਰਟੀ ਸੱਤਾ ਵਿਚ ਆ ਕੇ ਇਕ ਮਿੱਥੇ ਹੋਏ ਸਮੇਂ ਵਿਚ ਉਹ ਵਾਅਦੇ ਪੂਰੇ ਨਈਂ ਕਰਦੀ ਤਾਂ ਉਸ ਉੱਤੇ ਲੋਕਾਂ ਨਾਲ ਧੋਖਾਧੜੀ ਕਰਨ ਦਾ ਕੇਸ ਦਰਜ ਕੀਤਾ ਜਾਵੇ। ਨਾਲ ਦੀ ਨਾਲ ਜੋ ਵੀ ਪਾਰਟੀ ਲੋਕਾਂ ਨੂੰ ਮੁਫ਼ਤਖੋਰੀ ਦੀਆਂ ਸਹੂਲਤਾਂ ਦੇਣ ਦੀ ਗੱਲ ਕਰਦੀ ਹੈ, ਉਸ ਕੋਲੋਂ ਪਹਿਲਾਂ ਪੁੱਛਿਆ ਜਾਵੇ ਕਿ ਮੁਫ਼ਤਖੋਰੀ ਨਾਲ ਜੋ ਘਾਟਾ ਖ਼ਜ਼ਾਨੇ ਨੂੰ ਪੈਣਾ ਹੈ, ਉਸ ਨੂੰ ਪੂਰਾ ਕਰਨ ਲਈ ਬਦਲਵਾਂ ਪ੍ਰਬੰਧ ਕੀ ਹੈ? ਜੇਕਰ ਸਰਕਾਰਾਂ ਨੇ ਕੁਝ ਮੁਫ਼ਤ ਦੇਣਾ ਹੈ ਤਾਂ ਸਿੱਖਿਆ ਤੇ ਸਿਹਤ ਸਹੂਲਤਾਂ ਮੁਫ਼ਤ ਦੇਣ ਦਾ ਪ੍ਰਬੰਧ ਕਰਨ। ਜਤਿੰਦਰ ਪਨੂੰ ਨੇ ਆਪਣੇ ਲੇਖ ਵਿਚ ਇਸ ਵਾਰ ਹੋ ਰਹੀਆਂ ਲੋਕ ਸਭਾ ਚੋਣਾਂ ਦੇ ਸੰਦਰਭ ਵਿਚ ਜੋ ਵਿਚਾਰ ਪੇਸ਼ ਕੀਤੇ ਹਨ, ਉਸ ਤੋਂ ਲੱਗਦਾ ਹੈ ਕਿ ਰਾਜਨੀਤੀ ਤੇ ਨੈਤਿਕਤਾ ਪੱਖੋਂ ਜਿੰਨੀ ਨਿਵਾਣ ਇਹਨਾਂ ਚੋਣਾਂ ਵਿਚ ਕੁਝ ਲੀਡਰਾਂ ਵੱਲੋਂ ਵਿਖਾਈ ਗਈ ਹੈ, ਪਹਿਲਾਂ ਕਦੇ ਇੰਝ ਨਈਂ ਸੀ ਹੋਇਆ, ਖਾਸ ਕਰਕੇ ਭਾਜਪਾ ਦੇ ਕਰਤਾ-ਧਰਤਾ ਸਮੇਤ ਪ੍ਰਧਾਨ ਮੰਤਰੀ ਦੇ ਗੈਰ ਸੱਭਿਅਕ ਬੋਲਬਾਣੀ ਵਰਤਣ ਵਿਚ ਸਭ ਹੱਦਾਂ ਹੀ ਪਾਰ ਕਰ ਗਏ ਹਨ। ਇਕ ਪਾਸੇ ਤਾਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਭਾਰਤ ਵਿਸ਼ਵ ਗੁਰੂ ਬਣਨ ਜਾ ਰਿਹਾ ਹੈ ਪਰ ਜਦੋਂ ਵਿਦੇਸ਼ੀ ਬੁੱਧੀਜੀਵੀ ਸਾਡੇ ਪ੍ਰਧਾਨ ਮੰਤਰੀ ਵੱਲੋਂ ਵਿਰੋਧੀ ਲੀਡਰਾਂ ਵਾਸਤੇ ਵਰਤੀ ਗਈ ਗੈਰ ਮਿਆਰੀ ਭਾਸ਼ਾ ਟਿਚਕਰਬਾਜ਼ੀ ਬੇਬੁਨਿਆਦ, ਤਰਕ ਵਿਹੂਣੀਆਂ ਗੱਲਾਂ ਸੁਣਦੇ ਹੋਣਗੇ ਤਾਂ ਕਿੰਨੇ ਕੁ ਝੰਡੇ ਝੁਲਦੇ ਹੋਣਗੇ, ਕਿਸੇ ਤੋਂ ਗੁੱਝੇ ਨਈਂ। ਪ੍ਰਧਾਨ ਮੰਤਰੀ ਹੈਟ੍ਰਿਕ ਬਣਾਉਣ ਲਈ ਜਿਹੋ ਜਿਹੀ ਨੀਵੇਂ ਪੱਧਰ ਦੀ ਬੋਲੀ ਬੋਲ ਰਹੇ ਹਨ, ਉਹ ਇਕ ਪ੍ਰਧਾਨ ਮੰਤਰੀ ਦੇ ਮੂੰਹੋਂ ਸੋਭਦੀ ਨਈਂ

**—ਬੀ.ਡੀ. ਭਗਤ ਮੈਟਰੋ ਬਾਈਪਾਸ ਅੰਮ੍ਰਿਤਸਰ**

## ਸ਼ਬਦ ਚਿੱਤਰ

26 ਮਈ ਦੇ ਨਵਾਂ ਜ਼ਮਾਨਾ ਵਿਚ 'ਦੋ ਸ਼ਬਦ ਚਿੱਤਰ' ਪੜ੍ਹ ਕੇ ਬਹੁਤ ਖੁਸ਼ੀ ਹੋਈ। ਸਾਹਿਤਕਾਰ ਤਰਸੇਮ ਸਿੰਘ ਭੰਗੂ ਨੇ ਆਧੁਨਿਕ ਵਾਰਤਕਕਾਰ ਦੇਵਿੰਦਰ ਦੀਦਾਰ ਦਾ 'ਸ਼ਬਦ ਚਿੱਤਰ' ਬਹੁਤ ਸ਼ਿੱਦਤ ਤੇ ਮੁਹੱਬਤ ਨਾਲ ਲਿਖਿਆ ਹੈ। ਦਵਿੰਦਰ ਦੀਦਾਰ ਨੇ ਜ਼ਿੰਦਗੀ ਵਿਚ ਬਹੁਤ ਸੰਘਰਸ਼ ਕੀਤਾ। ਫੌਜੀ ਜੀਵਨ ਵਿੱਚੋਂ ਉਸ ਨੇ ਬੜਾ ਤਜਰਬਾ ਹਾਸਲ ਕੀਤਾ ।ਫੌਜ ਦੀ ਕਠਿਨ ਨੌਕਰੀ ਦੇ ਨਾਲ-ਨਾਲ ਉਸ ਨੇ ਕਿਤਾਬਾਂ ਨਾਲ ਨੇੜਤਾ ਬਰਕਰਾਰ ਰੱਖੀ, ਜਿਸ ਕਰਕੇ ਉਸ ਕੋਲ ਲਿਖਣ ਸ਼ੈਲੀ ਦਾ ਵੱਡਾ ਖਜ਼ਾਨਾ ਜੁੜਦਾ ਗਿਆ ਤੇ ਫੇਰ ਲੰਮੀ ਚੁੱਪ ਦੇ ਪਿੱਛੋਂ ਉਸ ਦੀ ਕਲਮ 'ਚ ਵਿਸਫੋਟਕ ਤਬਦੀਲੀ ਆਈ ।ਅਖਬਾਰਾਂ ਨੇ ਉਸ ਦੇ ਲੇਖ ਧੜਾਧੜ ਛਾਪਣੇ ਸ਼ੁਰੂ ਕੀਤੇ। ਅੰਮ੍ਰਿਤਾ ਪ੍ਰੀਤਮ ਤੋਂ ਪ੍ਰਾਪਤ ਥਾਪੜੇ ਨੇ ਰੰਗ ਲਿਆਉਣਾ ਹੀ ਸੀ ।ਉਹ ਕੁਝ ਸਮੇਂ ਵਿਚ ਕਿਤਾਬਾਂ ਲਿਖੇ ਦੋ-ਦੋ ਚਾਰ ਐਡੀਸ਼ਨ ਦੇਣ ਲੱਗਾ ।ਪ੍ਰਕਾਸ਼ਕ ਤੇ ਪਾਠਕਾਂ ਨੇ ਦੇਵਿੰਦਰ ਦੀਦਾਰ ਨੂੰ ਸਿਰ 'ਤੇ ਚੁੱਕ ਲਿਆ ।ਇਸ ਵੇਲੇ ਦਵਿੰਦਰ ਦੀਦਾਰ ਦੀ ਵਾਰਤਕ ਖੇਤਰ ਵਿਚ ਤੂਤੀ ਬੋਲਦੀ ਹੈ। ਨਰਿੰਦਰ ਸਿੰਘ ਕਪੂਰ, ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰਿੰਸੀਪਲ ਤੇਜਾ ਸਿੰਘ, ਡਾ. ਟੀ ਆਰ ਵਿਨੋਦ, ਗੁਰਬਕਸ਼ ਸਿੰਘ ਫਰੈਂਕ ਆਦਿ ਗਲਪਕਾਰਾਂ ਵਿਚ ਦੇਵਿੰਦਰ ਦੀਦਾਰ ਦੀ ਵੱਖਰੀ ਨੁਹਾਰ ਹੈ। ਦੂਸਰਾ ਸ਼ਬਦ ਚਿੱਤਰ ਹੈ ਸ਼ਾਇਰ ਗਜ਼ਲਗੋ ਗੁਰਤੇਜ ਕੋਹਾਰਵਾਲਾ ਬਾਰੇ। ਜਗਵਿੰਦਰ ਜੋਧਾ ਨੇ ਗੁਰਤੇਜ ਕੋਹਾਰਵਾਲਾ ਦੀ ਜੀਵਨ ਸ਼ੈਲੀ ਨੂੰ ਨੇੜਿਓਂ ਤੱਕਿਆ ਹੈ। ਉਹ ਦੋਵੇਂ ਫਿਰੋਜ਼ਪੁਰ ਦੇ ਕਾਲਜ ਵਿਚ ਸੰਗੀ ਸਾਥੀ ਰਹੇ ਹਨ ।ਗੁਰਤੇਜ ਕੋਹਾਰਵਾਲਾ ਬਹੁਤ ਚੁੱਪ ਸੁਭਾਂਅ ਦਾ ਸ਼ਖਸ ਹੈ, ਉਸ ਦੀ ਚੁੱਪ ਵਿਚ ਵੀ ਸ਼ਬਦ ਬੋਲਦੇ ਹਨ। ਉਹ ਚੰਗਾ ਅਧਿਆਪਕ ਹੈ। ਪੰਜਾਬੀ ਸ਼ਬਦਾਂ ਦਾ ਵੱਡਾ ਖਜ਼ਾਨਾ ਉਸ ਦੇ ਕੋਲ ਹੈ, ਜੋ ਗਜ਼ਲਗੋ ਲਈ ਜ਼ਰੂਰੀ ਵੀ ਹੈ। ਉਸ ਨੇ ਆਪਣੇ ਸਤਿਕਾਰਤ ਪਿਤਾ ਹਰਮਿੰਦਰ ਸਿੰਘ ਕੋਹਾਰਵਾਲਾ ਤੋਂ ਸ਼ਬਦ ਸਿਰਜਨਾ ਦੀ ਗੁੜ੍ਹਤੀ ਲਈ ਹੈ।

'ਲੋਕਾਂ ਦੀ ਗੱਲ' ਵਿਚ ਇਕ ਮਜਬੂਰ ਔਰਤ ਨੇ ਆਪਣੇ ਬੱਚੇ ਸਮੇਤ ਖੁਦਕੁਸ਼ੀ ਕੀਤੀ, ਜਿਸ ਦੀ ਜ਼ਿੰਮੇਵਾਰੀ ਮੀਡੀਆ ਦੀ ਹੈ। ਸਾਰੀ ਗਾਥਾ ਪੜ੍ਹ ਕੇ ਮਨ ਦੁਖੀ ਹੋਇਆ ।ਕਿਹੋ ਜਿਹਾ ਜਿਉਣਾ ਹੈ ਔਰਤ ਦਾ ਸਾਡੇ ਸਮਾਜ ਵਿਚ ? ਕੀ ਬਣੇਗਾ ਸਾਡੇ ਸਮਾਜ ਦਾ? ਲੋਕਤੰਤਰ ਦੀਆਂ ਕਈ ਪਰਤਾਂ ਦਾ ਜ਼ਿਕਰ ਦ੍ਰਿਸ਼ਟੀਕੋਣ ਨੇ ਕੀਤਾ ਹੈ। ਸਾਡੇ ਲੋਕਤੰਤਰ ਵਿਚ ਬਹੁਤ ਕਮੀਆਂ ਦਾ ਜ਼ਿਕਰ ਹੈ। ਅਸਲ ਵਿਚ ਸਦੀਆਂ ਪਿੱਛੋਂ ਰਾਜ ਮਿਲਣ ਦਾ ਗਰੂਰ ਚੈਨ ਨਹੀਂ ਲੈਣ ਦੇ ਰਿਹਾ ।ਇਸੇ ਲਈ ਦੇਸ਼ ਦੀ ਫਿਜ਼ਾ ਵਿਚ ਫਿਰਕੂ ਬਦਬੋ ਆਉਣ ਲੱਗੀ ਹੈ। ਚੋਣਾਂ ਵਿਚ ਵੀ ਇਸ ਕਿਸਮ ਦੇ ਬੋਲ ਸੁਨਣ ਨੂੰ ਮਿਲੇ ਹਨ ।ਲੋਕਾਂ ਨੂੰ ਹੁਸ਼ਿਆਰ ਤੇ ਚੁਕੰਨੇ ਹੋਣ ਦੀ ਲੋੜ ਹੈ। ਨਿਰੰਜਨ ਬੋਹਾ ਨੇ ਬਲੀਜੀਤ ਦੀ ਕਿਤਾਬ ਕਹਾਣੀਆਂ ਦਾ ਚੰਗਾ ਵਿਸ਼ਲੇਸ਼ਣ ਕੀਤਾ ਹੈ, ਸਟੀਕ ਆਲੋਚਨਾ ਹੈ। ਗੁਰਪਾਲ ਸਿੰਘ ਬੁਟਰ ਨੇ ਕਾਵਿ ਕਿਤਾਬ ਹਰਫਾਂ ਦੀ ਜਾਗੀਰ ਦੀ ਕਲਾਤਮਿਕ ਚਰਚਾ ਕੀਤੀ ਹੈ । ਮਰਹੂਮ ਕਵੀ ਸੁਰਜੀਤ ਪਾਤਰ ਬਾਰੇ ਕੇਂਦਰੀ ਸਭਾ ਦੀ ਰਿਪੋਰਟ, ਹਾਸ ਵਿਅੰਗ ਅਕੈਡਮੀ ਮੋਗਾ ਵੱਲੋਂ ਦੋ ਸਾਹਿਤਕ ਸ਼ਖਸੀਅਤਾਂ ਦਾ ਸਨਮਾਨ, ਹਰਵਿੰਦਰ ਭੰਡਾਲ ਦੇ ਨਾਵਲ ਪੁਰਸਕਾਰ ਮਿਲਣ ਦੀਆਂ ਰਿਪੋਰਟਾਂ ਪੜ੍ਹ ਕੇ ਸਾਹਿਤਕ ਫਿਜ਼ਾ ਦਾ ਆਨੰਦ ਮਾਣਿਆ ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਭਿਆਨਕ ਹੋ ਰਿਹਾ ਫਲਸਤੀਨ ਦਾ ਦੁਖਾਂਤ : ਪੁਸ਼ਪਿੰਦਰ

ਪ੍ਰਿੰਸੀਪਲ ਵਿਜੈ ਕੁਮਾਰ ਨਾਲ ਮੁਲਾਕਾਤ : ਬਲਜਿੰਦਰ ਸਿੰਘ ਮਾਨ

'ਉੱਲੂ ਤਾਂ ਹੁਣ ਵੀ ਬੋਲ ਰਹੇ ਨੇ' : ਰਾਮ ਸਿੰਘ, (ਫੋਕਸ) : ਭਗਵੰਤ ਰਸੂਲਪੁਰੀ

ਰਿਤੂ ਵਾਸਦੇਵ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

2-June-Sunday.qxd 6/1/2024 10:18 PM Page 3



# ਗੁਰਬਖ਼ਸ਼ ਸਿੰਘ ਭੰਡਾਲ ਦੀ ਲੰਮੀ ਕਵਿਤਾ

ਘਰ ਉਦਾਸ ਹਨ
ਘਰ ਅਕਸਰ ਉਦਾਸ ਹੋ ਹੀ ਜਾਂਦੇ
ਜਦ ਘਰ ਵਾਲੇ ਘਰ ਨਹੀਂ ਪਰਤਦੇ
ਜਾਂ ਘਰਾਂ ਵਾਲਿਆਂ ਨੂੰ ਘਰਾਂ ਦਾ ਚੇਤਾ ਨਹੀਂ ਰਹਿੰਦਾ।
ਘਰ
ਜਿਸ ਦੇ ਕਮਰੇ
ਕਦੇ ਰੰਗ-ਸ਼ਾਲਾ
ਕਦੇ ਰਾਗ-ਸ਼ਾਲਾ
ਕਦੇ ਰਸ-ਸ਼ਾਲਾ
ਤੇ ਕਦੇ ਰਮਜ਼-ਸ਼ਾਲਾ ਸਨ।
ਅੱਜ ਕੱਲ੍ਹ ਖਾਮੋਸ਼ ਨੇ ਗੁਫ਼ਤਗੂਆਂ, ਸ਼ਰਾਰਤਾਂ ਤੇ ਜ਼ਿੰਦਗੀ ਦੇ ਜਸ਼ਨ
ਅਤੇ ਉਨ੍ਹਾਂ ਜਸ਼ਨਾਂ ਵਿਚ ਘਰ ਨੂੰ ਘਰ ਹੋਣ ਦਾ ਰੁਤਬਾ।
ਕੰਧਾਂ 'ਤੇ ਮਾਰੀਆਂ ਲੀਕਾਂ ਵਾਲੀ ਚਿੱਤਰਕਾਰੀ
ਉਡੀਕਦੀ ਹੈ ਨਿੱਕੇ ਨਿੱਕੇ ਹੱਥਾਂ ਅਤੇ ਬਚਪਨੇ ਨੂੰ
ਜੋ ਜਵਾਨ ਹੋ ਕੇ ਉਡਾਰੀ ਭਰ ਗਏ।
ਪਰ ਲੀਕਾਂ ਤੇ ਚਿੱਤਰ ਅਜੇ ਤੀਕ ਬਚਪਨੇ ਵਿਚ ਹੀ ਹਨ
ਬੱਚੇ ਤਾਂ ਵੱਡੇ ਹੋ ਜਾਂਦੇ ਨੇ
ਜਦ ਕਿ ਉਨ੍ਹਾਂ ਦਾ ਬਚਪਨਾ ਤਾਂ ਕਮਰਿਆਂ ਵਿਚ ਮਹਿਕਦਾ ਰਹਿੰਦਾ।
ਕੰਧ 'ਤੇ ਲਟਕਦੇ ਕੈਲੰਡਰ ਵਿਚੋਂ
ਮਿਟ ਗਈਆਂ ਨੇ ਤਾਰੀਖਾਂ
ਕਿਉਂਕਿ ਤਾਰੀਖ਼ਾਂ 'ਤੇ ਨਿਸ਼ਾਨ ਲਾਉਣ ਵਾਲੇ ਬਹੁਤ ਦੂਰ ਤੁਰ ਗਏ
ਤੇ ਉਨ੍ਹਾਂ ਦੇ ਚੇਤਿਆਂ ਵਿਚ ਕਦੇ ਨਹੀਂ ਆਈਆਂ ਤਾਰੀਖ਼ਾਂ
ਪਰ ਤਾਰੀਖ਼ਾਂ ਦੇ ਨਿਸ਼ਾਨਾਂ ਨੂੰ
ਹੁਣ ਤੀਕ ਵੀ ਆਪਣਿਆਂ ਦੇ ਆਉਣ ਦੀ ਆਸ ਹੈ।
?
ਘਰ ਦੀ ਉਦਾਸੀ ਦਾ ਇਹ ਕੇਹਾ ਆਲਮ
ਕਿ ਛੱਤ ਉਪਰ ਅਤੇ ਕੰਧਾਂ ਦੀਆਂ ਖੋੜਾਂ ਵਿਚ
ਉੱਗ ਆਏ ਨੇ ਬੋਹੜ ਅਤੇ ਪਿੱਪਲ
ਇਹ ਕੱਟੇ ਜਾਣ ਤੋਂ ਬਾਅਦ ਵੀ
ਉੱਗਣ ਲਈ ਹਮੇਸ਼ਾ ਬਜ਼ਿੱਦ
ਕਿਉਂਕਿ ਘਰ ਦੀ ਉਦਾਸੀ ਨੂੰ ਤਾਂ
ਹੁਣ ਇਨ੍ਹਾਂ ਦੇ ਸਾਥ ਦੀ ਲੋੜ ਹੈ।
?
ਘਰ ਸੱਚੀਂ ਬਹੁਤ ਉਦਾਸ ਹੋ ਜਾਂਦਾ
ਜਦ ਘਰ ਫਿਰ ਮਕਾਨ ਬਣ ਜਾਂਦਾ
ਮਕਾਨ ਜਿਸ ਵਿਚ ਕਮਰੇ ਵੀ ਹੁੰਦੇ,
ਕੰਧਾਂ, ਬੂਹੇ, ਬਾਰੀਆਂ ਤੇ ਰੌਸ਼ਨਦਾਨ ਵੀ ਹੁੰਦੇ
ਪਰ ਮਕਾਨ ਨੂੰ ਘਰ ਬਣਾਉਣ ਵਾਲੇ ਨਹੀਂ ਹੁੰਦੇ।
?
ਘਰ ਉਦਾਸ ਹੋ ਜਾਂਦਾ
ਜਦ ਬੰਦ ਬੂਹੇ, ਖਿੜਕੀਆਂ ਤੇ ਰੌਸ਼ਨਦਾਨਾਂ ਵਿਚ ਦੁੱਬਕੀ ਹਵਾ
ਸਾਹ ਲੈਣ ਤੋਂ ਵੀ ਆਤੁਰ ਹੋ ਜਾਂਦੀ
ਘਰ ਦੀਆਂ ਵਸਤਾਂ ਵਿਚ ਉੱਤਰੀ ਬੇਤਰਤੀਬੀ
ਅਤੇ ਉਨ੍ਹਾਂ ਦੇ ਚਿੱਤ ਵਿਚ ਆਪਣੀ ਹੋਂਦ ਦੇ ਖੰਡਤ ਹੋ ਜਾਣ ਦਾ ਖਦਸ਼ਾ
ਘਰ ਨੂੰ ਰੋਣ ਲਾਉਂਦਾ।
?
ਘਰ ਬਹੁਤ ਉਦਾਸ ਹੀ ਤਾਂ ਹੋ ਜਾਂਦਾ
ਜਦ ਇਸ ਦੇ ਬਨੇਰਿਆਂ 'ਤੇ ਪਿਘਲੀ ਮੋਮ ਨੂੰ
'ਕੱਠਾ ਕਰਨ ਵਾਲੇ ਨਿੱਕੇ-ਨਿੱਕੇ ਵੱਡੇ ਹੋ ਪ੍ਰਵਾਜ਼ ਭਰ ਜਾਂਦੇ
ਬਨੇਰਿਆਂ ਨੂੰ ਯਾਦ ਆਉਂਦਾ
ਕਦੇ ਉਹ ਦੀਵਾਲੀ ਤੋਂ ਅਗਲੀ ਸਵੇਰ ਨੂੰ
ਬਨੇਰਿਆਂ ਤੋਂ ਪਿਘਲੀ ਮੋਮ 'ਕੱਠੀ ਕਰ
ਫਿਰ ਮੋਮਬੱਤੀ ਬਣਾਉਣ ਦੀ ਕੋਸ਼ਿਸ਼ ਕਰਦੇ ਸਨ।
?
ਹੁਣ ਘਰ ਸੁੰਨਯ ਦੀ ਜੂਨ ਵਿਚ ਹੈ
ਕਿਉਂਕਿ ਆਲ਼ੇ ਵਿਚ ਪਿਆ ਦੀਵਾ ਸਿਸਕਦਾ
ਚੁੱਲ੍ਹੇ ਵਿਚ ਉੱਗ ਆਇਆ ਘਾਹ
ਚੌਂਕੇ ਵਿਚ ਪਸਰੀ ਹੈ ਬੇਰੌਣਕੀ
ਓਟੇ ਦੀਆਂ ਚਿੜੀਆਂ
ਆਟੇ ਦੀ ਚਿੜੀ ਨਾਲ ਖੇਡਣ ਨੂੰ ਤਰਸ ਗਈਆਂ ਨੇ।
?
ਉਦਾਸ ਹੋਇਆ ਘਰ ਸੋਚਦਾ ਹੈ
ਮੈਂ ਅਜਿਹਾ ਤਾਂ ਨਹੀਂ ਸੀ
ਅਜਿਹਾ ਕਿਉਂ ਹੋਇਆ?
ਘਰ ਵਾਲੇ ਘਰਾਂ ਤੋਂ ਦੂਰ ਕਿਉਂ ਗਏ?
ਘਰ ਨੂੰ ਕਿਵੇਂ ਦੱਸਾਂ
ਕਿ ਘਰਾਂ ਤੋਂ ਦੂਰ ਜਾਣਾ ਕਿੰਨਾ ਔਖਾ?
ਇਸ ਤੋਂ ਜ਼ਿਆਦਾ ਔਖਾ ਹੁੰਦਾ
'ਕੇਰਾਂ ਦੂਰ ਜਾ ਕੇ ਫਿਰ ਘਰਾਂ ਨੂੰ ਪਰਤਣਾ।
ਦਰਅਸਲ
ਘਰੋਂ ਬਾਹਰ ਜਾ ਕੇ
ਆਪਣਾ ਘਰ ਕਦੇ ਮਨਫ਼ੀ ਨਹੀਂ ਹੁੰਦਾ
ਅਤੇ ਪੁਰਾਣੇ ਘਰ ਦੇ ਨਕਸ਼
ਨਵੇਂ ਘਰ ਵਿੱਚੋਂ ਲੱਭਦਿਆਂ ਹੀ ਉਮਰ ਬੀਤ ਜਾਂਦੀ
ਘਰ ਤੁਹਾਡੇ ਅੰਤਰੀਵ ਵਿਚ ਵੱਸਦਾ
ਫਿਰ ਘਰ ਤੁਹਾਨੂੰ ਅਤੇ ਤੁਸੀਂ ਘਰ ਨੂੰ ਕਿਵੇਂ ਭੁੱਲ ਜਾਵੋਗੇ?
ਅਤੇ ਸਿਰਫ਼ ਚੇਤੇ ਆਵੇਗੀ ਉਦਾਸੀ ਦੀ ਗਾੜ੍ਹੀ ਪਰਤ।
?
ਘਰ ਨਾਲ ਕੀਤੀ ਜਾਣ ਵਾਲੀ ਗੁਫ਼ਤਗੂ ਦਾ ਖਾਮੋਸ਼ ਹੋਣਾ
ਘਰ ਨੂੰ ਬਹੁਤ ਨਿਰਾਸ਼ ਕਰ ਦਿੰਦਾ
ਦੋਸਤੋ!
ਘਰ ਨੂੰ ਕਦੇ ਕਦੇ ਮਿਲਦੇ ਰਿਹਾ ਕਰੋ
ਵਰਨਾ ਘਰਾਂ ਨੂੰ ਮਕਾਨ ਬਣਦਿਆਂ ਦੇਰ ਨਹੀਂ ਲੱਗਦੀ
ਮਕਾਨ ਦੀਆਂ ਕੰਧਾਂ ਬੜੀ ਜਲਦੀ ਤਿੜਕ ਜਾਂਦੀਆਂ
ਕਿਉਂਕਿ ਕੰਧਾਂ ਵਿਚ ਵਿੱਥਾਂ, ਵਿਰਲਾਂ ਤੇ ਖੋੜਾਂ ਹੁੰਦੀਆਂ
ਜਿਨ੍ਹਾਂ 'ਚ ਕਬੂਤਰ ਆਲ੍ਹਣਾ ਪਾ ਲੈਂਦੇ।
?
ਘਰ ਉਦਾਸ ਹੁੰਦਾ
ਜਦ ਛੱਤਾਂ 'ਤੇ ਲੱਗੇ ਜਾਲੇ ਦੇਖਦਾ
ਜੋ ਵੈਰਾਨਗੀ ਦਾ ਸੂਲ ਬਣ
ਘਰ ਦੇ ਸੀਨੇ ਵਿਚ ਡੂੰਘਾ ਉੱਤਰਦਾ
ਇਹ ਜਾਲੇ ਹੀ ਹੁੰਦੇ
ਘਰ ਦੀ ਪਰੇਸ਼ਾਨੀ
ਘਰ ਦੇ ਗੁੰਮ ਜਾਣ ਦੀ ਨਿਸ਼ਾਨੀ।
?
ਘਰ, ਘਰ ਹੀ ਹੁੰਦਾ
ਕਦੇ-ਕਦਾਈਂ
ਸਾਲ-ਛਿਮਾਹੀਂ
ਬੱਧੋਰੁੱਧੇ ਜਾਂ ਚਾਈਂ-ਚਾਈਂ
ਆਉਂਦੇ ਜਾਂਦੇ
ਘਰ ਨੂੰ ਮਿਲਦੇ ਰਿਹਾ ਕਰੋ
ਜੋ ਤੁਹਾਡੇ ਪੁਰਖ਼ਿਆਂ ਦੀ ਅਮਾਨਤ
ਇਸ 'ਚ ਖ਼ਿਆਨਤ ਨਾ ਕਰੋ
ਘਰ ਨੂੰ ਮਿਲਦੇ ਗਿਲਦੇ ਰਿਹਾ ਕਰੋ।
?
ਘਰ ਨੂੰ ਹੁਣ ਤੀਕ ਯਾਦ ਹੈ
ਜਦ ਉਹ ਸੱਖਣਾ ਹੁੰਦਿਆਂ ਵੀ
ਘਰ ਵਾਲਿਆਂ ਨਾਲ
ਭਰਿਆ ਭਰਿਆ ਲੱਗਦਾ ਸੀ
ਕਿਉਂਕਿ
ਘਰ, ਘਰ ਜੁ ਹੁੰਦਾ।
ਪਰ
ਅੱਜਕੱਲ੍ਹ ਭਰਿਆ ਹੋਇਆ ਵੀ
ਘਰ ਵਾਲਿਆਂ ਤੋਂ ਬਗੈਰ ਸੱਖਣਾ ਲੱਗਦਾ।
?
ਅੱਜਕੱਲ੍ਹ ਘਰ ਬਹੁਤ ਖਾਮੋਸ਼ ਹਨ
ਕਿਉਂਕਿ
ਨਿੱਕੇ-ਨਿੱਕੇ ਘਰਾਂ ਨੂੰ
ਵੱਡੇ-ਵੱਡੇ ਸਮਝਣ ਵਾਲੇ ਲੋਕ ਨਹੀਂ ਰਹੇ
ਹੁਣ ਅਸੀਂ ਵੱਡੇ-ਵੱਡੇ ਘਰਾਂ ਨੂੰ
ਬੌਣੇ ਜਹੇ ਬਣਾ ਦਿੱਤਾ ਹੈ
ਘਰ ਨੂੰ ਟੋਟਿਆਂ ਵਿਚ ਤਕਸੀਮ ਕਰ
ਲਿਵਿੰਗ ਰੂਮ, ਬੈੱਡ ਰੂਮ, ਪਾਰਟੀ ਰੂਮ, ਪਲੇਅ ਰੂਮ
ਗੈਸਟ ਰੂਮ ਤੇ ਬੀਅਰ ਬਾਰ ਵਿਚ ਬਦਲ ਦਿੱਤਾ ਹੈ।
ਤੇ ਟੋਟਿਆਂ 'ਚ ਵੰਡੇ ਜਾਣਾ
ਘਰ ਨੂੰ ਬਹੁਤ ਅੱਖਰਦਾ ਹੈ।
?
ਘਰ ਉਦਾਸ ਹੋ ਜਾਂਦਾ
ਜਦ ਘਰ
ਗੈਸਟ ਹਾਊਸ
ਪੀਜੀ ਹਾਊਸ
ਸੀਨੀਅਰ ਹੋਮ
ਜਾਂ ਓਲਡਏਜ਼ ਹੋਮ ਦਾ ਨਾਮਕਰਣ ਹੋ
ਘਰ ਦੇ ਅਰਥ ਹੀ ਗਵਾ ਬਹਿੰਦਾ।
?
ਘਰ ਹੁਣ ਚੁੱਪ ਹੋ ਗਿਆ ਹੈ
ਕਿਉਂ ਘਰ ਨੇ ਉਹ ਵੇਲੇ ਦੇਖੇ
ਜਦ ਖੁੱਲ੍ਹੇ ਦਰਾਂ ਥੀਂ
ਕੋਈ ਵੀ ਪ੍ਰਾਹੁਣਾ
ਕਿਸੇ ਵੀ ਵੇਲੇ ਘਰ ਆਣ ਵੜਦਾ
ਚੁੱਲ੍ਹਾ ਤਪਦਾ
ਤੇ ਪਰਾਤ 'ਚੋਂ ਆਟਾ ਭੁੜਕਦਾ
ਘਰ, ਘਰ ਬਣ ਜਾਂਦਾ
ਘਰ ਵਿਚ ਰਿਸ਼ਤੇਦਾਰਾਂ ਤੇ ਸਨੇਹੀਆਂ ਦਾ
ਆਣਾ-ਜਾਣਾ ਜਾਰੀ ਰਹਿੰਦਾ
ਬੱਚਿਆਂ ਦੇ ਹਮਜੋਲੀ ਅਕਸਰ ਹੀ
ਚੁੱਪ ਚੁਪੀਤੇ ਘਰ ਆਣ ਵੜਦੇ
ਉਨ੍ਹਾਂ ਦਾ ਸ਼ੋਰਗੁਲ ਘਰ ਦੀ ਫਿਜ਼ਾ ਨੂੰ ਰੰਗਸ਼ੀਲ ਬਣਾ
ਇਸ ਦੇ ਮੁੱਖੜੇ ਨੂੰ ਸੂਹਾ ਤੇ ਰੱਤਾ ਕਰ ਦਿੰਦਾ।
ਬੱਚਿਆਂ ਦਾ ਖੇਡਣਾ, ਹੱਸਣਾ, ਰੋਣਾ, ਰੁੱਸਣਾ ਅਤੇ ਮੰਨਣਾ
ਘਰ ਦੇ ਮਾਹੌਲ ਨੂੰ ਘਰੋਗੀ ਬਣਾਉਂਦਾ
ਇਹੀ ਤਾਂ ਹੁੰਦਾ ਏ ਘਰ ਯਾਰੋ
ਜਦ ਇਹ ਸਭ ਕੁਝ ਹੀ ਘਰ 'ਚ ਨਾ ਰਹੇ
ਤਾਂ ਘਰ ਦਾ ਚੁੱਪ ਹੋਣਾ ਲਾਜ਼ਮੀ ਹੁੰਦਾ
ਸੱਚੀਂ!
ਹੁਣ ਘਰ ਤਾਂ ਉਦਾਸ ਹੀ ਆ।
?
ਹੁਣ ਘਰ ਦੇ ਕਮਰਿਆਂ 'ਚ ਰਹਿਣ ਵਾਲੇ ਵੀ
ਸਿਰਫ਼ ਤਾਬੂਤ ਬਣੇ
ਵਿਚਾਰਾਂ ਦੀ ਤੰਗਦਿਲੀ 'ਚ ਸਾਹਾਂ ਨੂੰ ਸਿਉਂਕ ਰਹੇ
ਜਦ ਘਰ ਵਾਲੇ ਹੀ ਸਿਊਂਕੇ ਜਾਣ ਲੱਗ ਪੈਣ
ਤਾਂ ਘਰ ਮਾਤਮੀ ਚੁੱਪ ਹੰਢਾਉਣ ਲੱਗਦਾ
ਅਤੇ ਇਹ ਮਾਤਮੀ ਚੁੱਪ
ਅੱਜ ਕੱਲ੍ਹ ਹਰ ਘਰ ਵਿਚ ਵੱਸਦੀ ਹੈ।
?
ਘਰ ਬਹੁਤ ਮਜਬੂਰ ਹੋ ਗਿਆ ਏ ਯਾਰੋ
ਘਰ ਨੇ ਮਜਬੂਰ ਹੀ ਹੋਣਾ ਸੀ
ਜਦ ਇਸ ਦੇ ਬਾਹਰਲੇ ਬੂਹੇ
ਹਰ ਕਮਰੇ ਤੇ ਅਲਮਾਰੀ ਦੀ ਤਾਲਾਬੰਦੀ ਹੋ ਗਈ ਹੋਵੇ
ਤੇ ਗਵਾਚੀਆਂ ਚਾਬੀਆਂ ਵਾਲੇ ਲੋਕ
ਘਰ ਵਾਲੇ ਹੋਣ ਦਾ ਭਰਮ ਪਾਲਦੇ ਹੋਣ
ਤਾਂ ਸੱਚੀਂ-ਮੁੱਚੀਂ ਘਰ ਮਜਬੂਰ ਹੋ ਜਾਂਦਾ
ਤਿੜਕਣ ਲਈ, ਟੁੱਟਣ ਲਈ ਤੇ ਖੰਡਰਾਤ ਬਣਨ ਲਈ
ਤੇ ਫਿਰ ਰੇਜ਼ਾ ਰੇਜ਼ਾ ਹੋ ਕੇ ਭੁਰਨ ਲਈ
ਅਜੋਕੇ ਦੌਰ ਵਿਚ
ਇਹ ਉਦਾਸੀ ਤੁਹਾਨੂੰ ਘਰ ਦੀ ਹਰ ਨੁੱਕਰ, ਖੂੰਜੇ
ਛੱਤਾਂ, ਬਨੇਰਿਆਂ, ਕੰਧਾਂ, ਕੌਲਿਆਂ
ਓਟਿਆਂ ਤੇ ਦਰਵਾਜ਼ਿਆਂ 'ਚੋਂ ਨਜ਼ਰ ਆਵੇਗੀ
ਤੇ ਜਦ ਘਰ ਨੂੰ ਇਹ ਕੁਲਹਿਣੀ ਰੁੱਤ ਹੀ ਨਿਗਲ ਲਵੇ
ਤਾਂ ਘਰ ਦਾ ਬਚਦਾ ਹੀ ਕੀ ਏ
ਘਰ ਦਾ ਮਰ ਜਾਂਦਾ ਜੀਅ ਏ
ਮਰੇ ਹੋਏ ਘਰਾਂ ਵਾਲਿਆਂ ਦੇ ਨਾਲ ਹੀ ਘਰ ਵੀ ਦਫ਼ਨ ਹੋ ਜਾਂਦਾ
ਤੇ ਅਜੇਹੇ ਘਰਾਂ ਵਿਚ ਲੋਕ ਨਹੀਂ
ਸਗੋਂ ਕਬਰਾਂ ਦੀ ਚੁੱਪ ਵੱਸਦੀ ਏ।
?
ਘਰ ਅਨਾਥ ਹੋ ਗਏ ਨੇ
ਕਿਉਂਕਿ ਘਰ ਨੇ ਅੱਖੀਂ ਦੇਖਿਆ ਹੈ
ਦੋ ਜੀਆਂ ਤੋਂ ਪਰਵਾਰ ਦਾ ਸਿਰਜਣਾ ਸਫ਼ਰ
ਪਰਵਾਰ ਨੇ ਹੀ ਢਾਂਚੇ ਨੂੰ ਘਰ ਬਣਾਇਆ ਸੀ
ਪਰ ਜਦ ਪ੍ਰਵਾਜ਼ ਭਰ ਗਏ ਬੋਟ ਹੀ ਪਰਤ ਕੇ ਨਾ ਆਉਣ
ਤਾਂ ਮਾਪੇ ਯਤੀਮ ਹੋ ਜਾਂਦੇ
ਅਤੇ ਯਤੀਮ ਮਾਪਿਆਂ ਨਾਲ ਰਹਿ ਘਰ ਅਨਾਥ ਹੋ ਜਾਂਦਾ
ਅਤੇ ਅਨਾਥ ਹੋਏ ਘਰ ਦਾ
ਵਕਤ ਅਤੇ ਵਖਤ ਦੀ ਮਾਰ 'ਚ
ਮਲੀਆਮੇਟ ਹੋ ਜਾਣਾ ਨਿਸ਼ਚਿੱਤ ਹੁੰਦਾ
ਘਰ ਨੂੰ ਨਿਗਲ ਜਾਣ ਵਾਲੇ ਇਸ ਸੱਚ ਨੂੰ ਕੌਣ ਸਮਝੇਗਾ?
?
ਘਰ ਮਾਯੂਸ ਹੋ ਜਾਂਦਾ
ਜਦ ਘਰ 'ਚੋਂ ਅੱਖਰ ਗਵਾਚ ਜਾਂਦੇ
ਅਦਬ ਰੁੱਸ ਜਾਂਦਾ
ਅਰਦਾਸ ਖਾਮੋਸ਼ ਹੋ ਜਾਂਦੀ
ਤੇ ਆਓ-ਭਗਤ ਅੰਤਮ ਸਾਹਾਂ 'ਤੇ ਹੁੰਦੀ
ਕਿਉਂਕਿ ਘਰ ਸਿਰਫ਼ ਘਰ ਨਹੀਂ ਹੁੰਦਾ
ਸਗੋਂ ਘਰ ਤਾਂ ਗਿਆਨ, ਆਦਰ ਅਤੇ ਸਤਿਕਾਰ ਦਾ ਅਜੂਬਾ
ਜਿਸ ਤੋਂ ਨਵੀਆਂ ਪੀੜ੍ਹੀਆਂ ਨੇ ਨਵੀਂ ਰੰਗਤ ਲੈ
ਨਵੇਂ ਵਰਤਾਰਿਆਂ, ਸਰੋਕਾਰਾਂ ਅਤੇ ਸੰਵੇਦਨਾਵਾਂ 'ਚ ਖੁਦ ਨੂੰ ਰੰਗਣਾ ਹੁੰਦਾ
ਘਰ 'ਚੋਂ ਘਰ ਦੇ ਸਰੋਕਾਰਾਂ ਦਾ ਗੁੰਮ ਹੋਣਾ ਹੀ
ਘਰ ਨੂੰ ਖਾਮੋਸ਼ ਕਰ ਦਿੰਦਾ
ਘਰ ਨੂੰ ਘਰ ਨਹੀਂ ਰਹਿਣ ਦਿੰਦੀ
ਅਜਿਹਾ ਅੱਜਕੱਲ੍ਹ ਸਾਡੇ ਹੀ ਘਰਾਂ 'ਚ ਹੋ ਰਿਹਾ
ਤਾਂ ਹੀ ਘਰ ਬਹੁਤ ਮਾਯੂਸ ਨੇ।
?
ਘਰ ਚਸਕਦਾ ਹੈ
ਜਦ ਘਰ ਵਿਚ ਕੰਧਾਂ ਉੱਗਦੀਆਂ
ਜੋ ਘਰ ਨੂੰ ਟੋਟਿਆਂ 'ਚ ਤਕਸੀਮ ਕਰਦੀਆਂ
ਟੁਕੜੇ-ਟੁਕੜੇ ਹੋਣਾ ਘਰ ਨੂੰ ਬਹੁਤ ਪੀੜਤ ਕਰਦਾ
ਘਰ, ਘਰ ਹੀ ਨਹੀਂ ਰਹਿੰਦਾ
ਤੇ ਘਰ ਬਹੁਤ ਉਦਾਸ ਹੋ ਜਾਂਦਾ।
?
ਸਦਾ ਮਹਿਕਣ ਤੇ ਟਹਿਕਣ ਵਾਲਾ ਘਰ
ਜਦ ਘਰ ਬੰਗਲੇ ਤੇ ਕੋਠੀਆਂ ਬਣ ਜਾਂਦਾ
ਤਾਂ ਘਰ ਦਾ ਵਜੂਦ ਦਾ ਮਨਫ਼ੀ ਹੋ ਜਾਂਦਾ
ਪੱਥਰਾਂ ਵਿਚ ਪਥਰਾਅ ਜਾਂਦੀ ਮਿੱਟੀ ਦੀ ਮਹਿਕ
ਤੇ ਮਿੱਟੀ ਵਿਹੂਣਾ ਘਰ, ਘਰ ਨਹੀਂ ਰਹਿੰਦਾ
ਤਾਂ ਘਰ ਬਹੁਤ ਹਤਾਸ਼ ਹੋ ਜਾਂਦਾ।
?
ਘਰ ਹਮੇਸ਼ਾ ਗੱਲਾਂ ਬਾਤਾਂ ਤੇ ਹੁੰਗਾਰਿਆਂ
ਨਿੱਕੇ ਨਿੱਕੇ ਤਕਰਾਰਾਂ ਵਿਚ ਚੰਗਾ ਮਹਿਸੂਸਦਾ
ਜਦ ਬਜ਼ੁਰਗ ਬੱਚਿਆਂ ਦੇ ਤੋਤਲੇ ਬੋਲ ਸੁਣਨ ਲਈ ਤਰਸ ਜਾਣ
ਪਰੀ-ਕਹਾਣੀਆਂ, ਗਾਥਾਵਾਂ ਅਤੇ ਕਿੱਸੇ ਸਿਸਕ ਜਾਣ
ਬੱਚੇ ਘਰਾਂ ਨੂੰ ਹੀ ਨਾ ਪਰਤਣ
ਤਾਂ ਉਹ ਦਰਾਂ 'ਤੇ ਬੈਠੇ ਬੈਠੇ
ਇਕ ਹੌਕਾ ਬਣ ਕੇ ਰਹਿ ਜਾਂਦੇ
ਤੇ ਇਸ ਹੌਕੇ ਵਿਚ ਘਰ ਬਹੁਤ ਉਦਾਸ ਹੋ ਜਾਂਦਾ।
?
ਘਰ ਹਿਰਖ਼ ਜਾਂਦਾ
ਜਦ ਗਮਲਿਆਂ ਵਿਚ ਕਾਗਜ਼ੀ ਫੁੱਲ ਉੱਗਣ ਲੱਗਦੇ
ਕਿਆਰੀਆਂ ਵਿਚ ਇਕੱਲਤਾ ਮੌਲਦੀ
ਲਾਅਨ ਵਿਚ ਥੋਹਰਾਂ ਦਿਸਦੀਆਂ
ਅਤੇ ਬਗੀਚਿਆਂ ਵਿਚ ਸਿੱਤਮ ਉੱਗਦਾ
ਅਤੇ ਇਸ ਸਿੱਤਮ ਵਿਚ ਘਰ ਗ਼ਮਗੀਨ ਹੋ ਜਾਂਦਾ।
?
ਘਰ ਨੇ ਚੁੱਪ ਹੋਣਾ ਹੀ ਹੋਇਆ
ਜਦ ਚਾਨਣੀ ਰਾਤ 'ਚ ਕੋਸੀ ਕੋਸੀ ਗੁਫ਼ਤਗੂ ਹਾਵੇ ਭਰੇ
ਸਪਰਸ਼ 'ਚੋਂ ਸੁੱਖਨ ਮਾਨਣ ਦੀ ਲਾਲਸਾ ਮਰੇ
ਕਮਰਾ ਚੁੱਪ ਹੋ ਜਾਂਦਾ
ਸਿਲਵਟਾਂ ਖਾਮੋਸ਼ ਹੋ ਜਾਂਦੀਆਂ
ਤੇ ਸਿਲਵਟਾਂ ਦੀ ਖਾਮੋਸ਼ੀ ਵਿਚ
ਘਰ ਖੌਫ਼ਜ਼ਦਾ ਖਾਮੋਸ਼ੀ ਹੰਢਾਉਂਦਾ।
?
ਘਰਾਂ ਵਾਲਿਆਂ
ਘਰਾਂ ਨੂੰ ਹਜ਼ਮ ਜਾਣ ਵਾਲੀ ਉਦਾਸੀ ਨੂੰ ਹਰਨ ਲਈ
ਕਦੇ ਕਦੇ ਘਰਾਂ ਨੂੰ ਜ਼ਰੂਰ ਪਰਤੀਏ
ਘਰ ਸਦਾ ਹੀ ਘਰ ਬਣਨ ਲਈ ਆਸਵੰਦ
ਤਾਂ ਹੀ ਉਹ ਬਾਹਾਂ ਅੱਡੀ ਘਰਾਂ ਵਾਲਿਆਂ ਨੂੰ ਉਡੀਕਦੇ
ਕਦੇ ਕਦਾਈਂ
ਬੰਦ ਦਰਾਂ 'ਤੇ ਦਸਤਕ ਦਿੰਦੇ ਰਿਹਾ ਕਰੋ
ਘਰ ਵੱਸਦੇ ਤੇ ਹੱਸਦੇ ਰਹਿਣਗੇ।
?
ਯਾਦ ਰੱਖਣਾ!
ਬੁਝੀਆਂ ਮੋਮਬੱਤੀਆਂ ਵਾਲੇ ਬਨੇਰੇ ਘਰਾਂ ਦੇ ਨਹੀਂ ਹੁੰਦੇ
ਅਤੇ ਨਾ ਹੀ ਦੀਵਿਆਂ ਨੂੰ ਉਡੀਕਦੇ ਆਲ਼ੇ ਘਰਾਂ ਦੇ ਸਿਰਨਾਵੇਂ ਨਹੀਂ ਹੁੰਦੇ
ਘਰ ਤਾਂ ਰੌਸ਼ਨੀਆਂ ਦਾ ਰੰਗਮੰਚ ਹੁੰਦੇ
ਭਾਵੇਂ ਚਿਰਾਗ ਦਾ ਕੋਈ ਘਰ ਨਹੀਂ ਹੁੰਦਾ
ਪਰ ਜਿਥੇ ਵੀ ਚਿਰਾਗ ਜਗਦਾ ਹੈ
ਉਹ ਹੀ ਘਰ ਬਣ ਜਾਂਦਾ ਹੈ।

# ਭਲੇ ਦਿਨਾਂ ਦੀ ਉਡੀਕ ਬਖ਼ਸ਼ ਮੌਲਾ

ਪ੍ਰੋ: ਕੁਲਵੰਤ ਔਜਲਾ

ਕੁਝ ਅਰਸਾ ਪਹਿਲਾਂ ਪੰਜਾਬ ਸਿਵਲ ਸਕੱਤਰੇਤ ਸਾਹਿਤ ਸਭਾ ਦੇ ਪੁਸਤਕ ਰਿਲੀਜ਼ ਸਮਾਗਮ ਵਿੱਚ ਜਾਣ ਦਾ ਮੌਕਾ ਮਿਲਿਆ। ਸਕੱਤਰੇਤ ਸਾਹਿਤ ਸਭਾ ਦੇ ਪਰਵਾਰ ਦੀ ਭਾਈਚਾਰਕ ਸਾਂਝ ਨੇ ਮਨ ਮੋਹ ਲਿਆ। ਸਮਾਗਮ ਵਿੱਚ ਸ਼ਿਰਕਤ ਕਰਨ ਆਏ ਸਕੱਤਰੇਤ ਕਰਮਚਾਰੀ ਸੰਗਠਨ ਦੇ ਮਹਿਬੂਬ ਨੇਤਾ ਨਾਲ ਨਿੱਘੀ ਗੱਲਬਾਤ ਹੋਈ। ਜਦੋਂ ਮੈਂ ਕਰਮਚਾਰੀਆਂ ਦੇ ਹੱਕਾਂ ਲਈ ਕੀਤੇ ਜਾ ਰਹੇ ਸੰਘਰਸ਼ ਵਿੱਚ ਉਨ੍ਹਾਂ ਦੀ ਬੇਬਾਕ ਪਹੁੰਚ ਦੀ ਸਿਫ਼ਤ ਕੀਤੀ ਤਾਂ ਉਨ੍ਹਾਂ ਦਾ ਦਿੱਤਾ ਹੋਇਆ ਉੱਤਰ ਮੈਨੂੰ ਪਰੇਸ਼ਾਨ ਕਰ ਗਿਆ। ਉਨ੍ਹਾਂ ਆਖਿਆ, "ਭਾਈ ਸਾਹਿਬ ਲਗਦਾ ਹੁਣ ਕੁਝ ਨਹੀਂ ਬਦਲਣਾ, ਅਸੀਂ ਬਹੁਤ ਸੁਹਿਰਦਤਾ ਤੇ ਸੰਜੀਦਗੀ ਨਾਲ ਆਪਣੀ ਅਵਾਜ਼ ਉਠਾਈ ਜਾ ਰਹੇ ਹਾਂ, ਪਰ ਸਿਸਟਮ ਟੱਸ ਤੋਂ ਮੱਸ ਨਹੀਂ ਹੁੰਦਾ।" ਉਸ ਦਾ ਲਹਿਜ਼ਾ ਬਹੁਤ ਖਿਝਿਆ ਹੋਇਆ ਸੀ। ਉਸ ਦਾ ਦਿਲ ਬਹੁਤ ਖ਼ਫ਼ਾ ਸੀ। ਮਨ ਉਦਾਸ ਹੋ ਗਿਆ। ਚਿੰਤਾ ਹੋਈ। ਚਿੰਤਾ ਕਈ ਦਿਨ ਮੇਰੇ ਨਾਲ ਰਹੀ। ਸੰਘਰਸ਼ ਕਰਨ ਵਾਲੇ ਪਹਿਲਾਂ ਹੀ ਥੋੜ੍ਹੇ ਰਹਿ ਗਏ ਹਨ। ਕੀ ਬਣੇਗਾ ਸੰਘਰਸ਼ ਦਾ? ਇਸ ਵੇਲੇ ਸਮਾਜ ਦਾ ਹਰ ਸਾਊ ਬੰਦਾ ਖ਼ਫ਼ਾ ਹੈ। ਖਿਝਿਆ ਹੋਇਆ ਹੈ। ਜੀਊਣਾ ਆਸਾਨ ਨਹੀਂ ਰਿਹਾ। ਸੰਘਰਸ਼ ਵੀ ਹੋ ਰਹੇ ਹਨ। ਸੰਘਰਸ਼ ਮੁੱਕਦੇ ਨਹੀਂ ਕਦੇ, ਸੁਪਨੇ ਵੀ ਹਨ, ਸੁਪਨੇ ਮਰਦੇ ਨਹੀਂ ਕਦੇ। ਸੰਘਰਸ਼ ਤੇ ਸੁਪਨਿਆਂ ਦਾ ਕਮਜ਼ੋਰ ਤੇ ਕਰਮਹੀਣ ਹੋ ਜਾਣਾ ਲੇਕਿਨ ਚੁੱਭਦਾ ਹੈ। ਸਿਧਾਂਤਕ ਦਲੀਲਾਂ ਤੇ ਦਾਅਵਿਆਂ ਨਾਲ ਦਰਪੇਸ਼ ਹਕੀਕਤ ਤੋਂ ਮੁੱਖ ਮੋੜਿਆ ਨਹੀਂ ਜਾ ਸਕਦਾ। ਮਨਮਰਜ਼ੀ ਦੇ ਵਿਸ਼ਲੇਸ਼ਣਾਂ ਨਾਲ ਵਾਪਰ ਰਹੇ ਵਰਤਾਰਿਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਕਾਰਪੋਰੇਟ ਮਨਸੂਬਿਆਂ ਦੇ ਸ਼ਕਤੀਸ਼ਾਲੀ ਹੋਣ ਨਾਲ ਅਸੀਂ ਵਿਰਲੇ-ਵਿਰਲੇ ਤੇ ਥੋੜ੍ਹੇ ਜਿਹੇ ਰਹਿ ਗਏ ਹਾਂ। ਜੋਸ਼, ਜਜ਼ਬਾ ਤੇ ਜਾਗਰਿਤੀ ਦੇ ਭਾਵ ਕਮਜ਼ੋਰ ਹੋ ਰਹੇ ਹਨ। ਸੰਘਰਸ਼ ਕਰਨ ਵਾਲੇ ਸਿਰੜੀ, ਸਾਦਾ, ਸੁਹਿਰਦ ਤੇ ਸਮਰਪਿਤ ਯੋਧੇ ਹੌਲੀ-ਹੌਲੀ ਵਿੱਛੜ ਗਏ ਹਨ। ਨਵੀਂ ਪਨੀਰੀ ਤਿਆਰ ਨਹੀਂ ਹੋ ਸਕੀ। ਸੰਵਾਦ ਪਹਿਲਾਂ ਵਰਗਾ ਤੱਤਾ ਤੇ ਤਿੱਖਾ ਨਹੀਂ ਰਿਹਾ। ਟੋਟਾ-ਟੋਟਾ ਹੋਏ ਸੰਘਰਸ਼ ਨੇ ਸਿਸਟਮ ਦੇ ਬਦਲਾਅ ਦਾ ਨਾਅਰਾ ਮਾਯੂਸ ਕਰ ਦਿੱਤਾ ਹੈ। ਪੱਗਾਂ ਤੇ ਝੰਡਿਆਂ ਦੇ ਰੰਗਾਂ ਦੇ ਨਾਲ-ਨਾਲ ਦਿਲਾਂ ਦੇ ਰੰਗ ਵੀ ਵੱਖੋ-ਵੱਖਰਾ ਪ੍ਰਭਾਵ ਸਿਰਜਦੇ ਹਨ। ਆਪਣੇ-ਆਪਣੇ ਨੁਕਤਾ-ਏ-ਨਿਗਾਹ ਤੋਂ ਬੋਲਣ ਦੇ ਰਿਵਾਜ ਨੇ ਜਮਹੂਰੀ ਤੇ ਜਨਵਾਦੀ ਅੰਦੋਲਨਾਂ ਨੂੰ ਉਦਾਸ ਕੀਤਾ ਹੈ। ਕੁਝ ਵੀ ਨਹੀਂ ਬਦਲਿਆ, ਬਾਹਰੀ ਤਰੱਕੀ ਦੇ ਸਿਵਾ। ਅਦਾਰੇ, ਦਫ਼ਤਰ, ਸੰਸਥਾਵਾਂ ਤੇ ਵਿਭਾਗ ਲੱਗਭੱਗ ਫੇਲ੍ਹ ਹੋਣ ਨੂੰ ਫਿਰਦੇ ਨੇ। ਕੋਈ-ਕੋਈ ਬੋਲਦਾ ਤੇ ਕੋਈ-ਕੋਈ ਕੁਸਕਦਾ ਹੈ। ਗ਼ਰਜ਼ਾਂ ਨੇ ਨੂੜ ਲਈਆਂ ਨੇ ਉਮੀਦਾਂ, ਹੌਂਸਲੇ ਤੇ ਹਿੰਮਤਾਂ।

ਨਾ ਇਨਕਲਾਬ ਆਇਆ, ਨਾ ਗ਼ਰਜ਼ਾਂ ਦੀ ਜੰਗ ਜਿੱਤ ਹੋਈ
ਮਾਓ ਲੈਨਿਨ ਦੀਆਂ ਗੱਲਾਂ ਕਰਨ ਵਾਲਾ ਰਹਿ ਗਿਆ ਕੋਈ ਕੋਈ
ਕੁਝ ਚਿਣੇ ਗਏ ਕੁਰਸੀਆਂ ਵਿੱਚ, ਕੁਝ ਨੂੜ ਲਏ ਸੰਸਥਾਵਾਂ
ਕਿਸੇ ਨੇ ਅੱਕ ਚੱਬ ਲਿਆ, ਕਿਸੇ ਨੇ ਲਾਹ ਲਈ ਲੋਈ।

ਤਮਾਸ਼ਬੀਨ ਬਹੁਤ ਹਨ। ਲੰਗਰ ਛਕਣ ਲਈ ਬਥੇਰੇ ਲੋਕ ਇਕੱਠੇ ਹੋ ਜਾਂਦੇ ਹਨ। ਨਾਮਧਾਰੀਆਂ ਦਾ ਲੰਗਰ, ਕਾਰ ਸੇਵਾ ਵਾਲਿਆਂ ਦਾ ਲੰਗਰ, ਮਾਲਵੇ ਦਾ ਲੰਗਰ, ਦੁਆਬੇ ਦਾ ਲੰਗਰ। ਲੰਗਰਾਂ ਵਿੱਚ ਵੀ ਵਖਰੇਵੇਂ ਜ਼ਾਹਿਰ ਨਜ਼ਰ ਆਉਂਦੇ ਨੇ। ਸਿਧਾਂਤਕ ਮਤਭੇਦਾਂ ਦੇ ਤਲਖ਼ ਤੇ ਤੱਤੇ ਵਰਤਾਰਿਆਂ ਦੇ ਇੱਕ ਹੋਣ ਦੀ ਗੁੰਜਾਇਸ਼ ਵੀ ਨਹੀਂ ਛੱਡੀ। ਤਮਾਸ਼ਬੀਨ ਵਜੋਂ ਅਸੀਂ ਇਕੱਠੇ ਹਾਂ। ਦਿਲਾਂ ਵਿੱਚ ਪਰ ਵਾਹਗੇ ਦੇ ਬਾਰਡਰ ਹਨ। ਆਪਣੇ-ਆਪਣੇ ਹਾਜ਼ਰੀ ਤੇ ਹੋਂਦ ਦਾ ਕਾਇਲ ਹੈ ਹਰ ਕੋਈ। ਸੇਵਾ, ਸ਼ਨਾਖ਼ਤ ਤੇ ਸ਼ੋਹਰਤ ਦੇ ਕਈ-ਕਈ ਪ੍ਰਕਾਰ ਦੇ ਵਪਾਰਾਂ ਦੀ ਚੌਧਰ ਤੇ ਚਤੁਰਾਈ ਸੱਚੇ ਸੌਦੇ ਦੇ ਵਪਾਰ ਨੂੰ ਉਠਨ ਹੀ ਨਹੀਂ ਦਿੰਦੀ।

ਪਹਿਰਾਵੇ ਸਾਧੂਆਂ, ਸੰਨਿਆਸੀਆਂ ਤੇ ਸੰਤਾਂ ਵਰਗੇ ਹਨ, ਪਰ ਕਲੋਲਾਂ ਤੇ ਕਲਾਬਾਜ਼ੀਆਂ ਮਹਾਨ ਮਨਮੁੱਖਾਂ ਵਰਗੀਆਂ ਹਨ। ਰਾਗੀਆਂ, ਢਾਡੀਆਂ, ਕਥਾ ਵਾਚਕਾਂ ਤੇ ਪ੍ਰਚਾਰਕਾਂ ਦੇ ਢਿੱਡ ਰੱਜਦੇ ਹੀ ਨਹੀਂ। ਢਿੱਡਾਂ ਦੀ ਭੁੱਖ ਦੋ ਫੁਲਕਿਆਂ ਵਾਲੀ ਨਹੀਂ ਰਹੀ। ਹਰ ਕੋਈ ਕਰੋੜਾਂ ਦੀ ਕੋਠੀ ਚਾਹੁੰਦਾ ਹੈ। ਹਰ ਕੋਈ ਲੱਖਾਂ ਦੀ ਸਜਾਵਟ ਚਾਹੁੰਦਾ ਹੈ। ਮੇਰੇ ਬੇਟ ਇਲਾਕੇ ਵਿੱਚ ਸੰਨਿਆਸੀਆਂ ਦਾ ਪ੍ਰਸਿੱਧ ਡੇਰਾ ਹੈ। 70 ਕਿੱਲੇ ਜ਼ਮੀਨ ਹੈ। ਡੇਰੇ ਦੇ ਮੁਖੀ ਦਾ ਦਿਲ ਡੋਲ ਗਿਆ। ਉਸ ਨੇ ਗ੍ਰਹਿਸਥ ਧਾਰਨ ਕਰ ਲਿਆ। ਖ਼ੂਬ ਚਰਚਾ ਹੋਈ। ਸੋਸ਼ਲ ਮੀਡੀਆ 'ਤੇ ਬਹੁਤ ਕੌੜੀ ਤੇ ਖਰਵੀ ਚਰਚਾ ਹੁੰਦੀ ਰਹੀ। ਸੰਨਿਆਸੀ ਵੱਲੋਂ ਕਰੋੜਾਂ ਰੁਪਏ ਖਰਚ ਕੇ ਉਸਾਰੇ 'ਗ੍ਰਹਿਸਥ ਮਹੱਲ' ਨੂੰ ਦੇਖਣ ਵਾਲੇ ਦੂਰੋਂ-ਦੂਰੋਂ ਆਏ। ਗੰਡਾਸੀਆਂ, ਛਵੀਆਂ ਤੇ ਤਲਵਾਰਾਂ ਵਰਗੇ ਬੋਲਾਂ ਮਗਰੋਂ ਮਾਹੌਲ ਸ਼ਾਂਤ ਹੈ। ਕੋਈ-ਕੋਈ ਖ਼ਫ਼ਾ ਹੈ। ਕੋਈ-ਕੋਈ ਖਿਝਦਾ ਹੈ। ਕੁਝ ਵੀ ਨਹੀਂ ਬਦਲਿਆ। ਬਦਲਣਾ ਬਹੁਤ ਔਖਾ। ਸਾਡੇ ਪੈਸਿਆਂ ਨਾਲ ਸੰਨਿਆਸੀ, ਸੇਵਕ ਤੇ ਸੰਤਪੁਰਸ਼ ਐਸ਼ ਕਰਦੇ ਹਨ। ਨਿੱਕੇ-ਨਿੱਕੇ ਵਪਾਰ ਸੰਗਠਨ ਹਨ ਇਨ੍ਹਾਂ ਦੇ। ਸਥਾਪਨਾ ਦੀ ਵੱਡੀ ਸਰਪ੍ਰਸਤੀ ਹੈ ਇਨ੍ਹਾਂ ਕੋਲ। ਇਹ ਲੋਕ ਸਥਾਪਨਾ ਲਈ ਪ੍ਰਚਾਰ ਕਰਦੇ ਹਨ। ਨਾਨਕ ਨਾਮ ਲੇਵਾ ਅਖਵਾਉਂਦੇ ਹਨ, ਪਰ ਨਾਨਕ ਦੀ ਕਿਰਤ, ਕਮਾਈ, ਕੁਦਰਤ ਤੇ ਕਾਵਿਕਤਾ ਤੋਂ ਕੋਹਾਂ ਦੂਰ ਨੇ ਇਹ ਪ੍ਰਧਾਨ ਲੋਕ। ਲੱਗਭੱਗ ਅਜਿਹਾ ਹਸ਼ਰ ਅਗਾਂਹਵਧੂ ਸੰਗਠਨਾਂ ਦਾ ਹੈ। ਗੱਲੀਂ ਅਸੀਂ ਚੰਗੀਆਂ ਆਚਾਰੀ ਬੁਰੀਆਂ। ਸਿਧਾਂਤ ਤੇ ਸਿਆਸਤ ਪੱਖੋਂ ਅਗਾਂਹਵਧੂ ਹਾਂ। ਕਰਮ ਤੇ ਕਿਰਦਾਰ ਪੱਖੋਂ ਲੇਕਿਨ ਕਾਗਜ਼ੀ ਹਾਂ। ਅਜਿਹੇ ਮਾਹੌਲ ਨੇ ਉਦਾਸੀਨਤਾ ਪੈਦਾ ਕੀਤੀ ਹੈ। ਉਦਾਸੀਨਤਾ ਲੋਕ ਲਹਿਰਾਂ ਨੂੰ ਕਮਜ਼ੋਰ ਕਰਦੀ ਹੈ। ਉਦਾਸੀਨਤਾ ਨਾਲ ਕਈ ਵਾਰ ਤੱਤੇ ਅਨਸਰਾਂ ਦੀ ਆਵਾਜ਼ ਨੂੰ ਸ਼ਕਤੀ ਮਿਲਦੀ ਹੈ। ਉਹ ਵੱਖਰੇ ਤੇ ਅਲੌਕਿਕ ਰਾਜ ਦੀਆਂ ਬਾਤਾਂ ਪਾਉਂਦੇ ਹਨ। ਇਨ੍ਹਾਂ ਤੱਤੇ ਲੋਕਾਂ ਦਾ ਵਿਚਾਰਧਾਰਕ ਮਕਸਦ ਮਸਲਿਆਂ ਨੂੰ ਭਟਕਾਉਣਾ ਤੇ ਪੁੱਠੇ ਰਾਹ ਪਾਉਣਾ ਹੈ। ਤਬਦੀਲੀ ਲਈ ਵਹੀਰਾਂ ਨਹੀਂ ਲੋਕ ਵਹੀਰਾਂ ਦੀ ਲੋੜ ਹੁੰਦੀ ਹੈ। ਵਹੀਰਾਂ ਕਈ ਵੇਰ ਉਲਟ ਨਤੀਜੇ ਵੀ ਕੱਢ ਦਿੰਦੀਆਂ ਹਨ, ਜੋ ਜਨਤਕ ਤੇ ਜਮਹੂਰੀ ਨਹੀਂ ਹੁੰਦੇ। ਸਿੱਟੇ ਵਜੋਂ ਫਿਰਕੂ ਤੇ ਵੱਖਵਾਦੀ ਤਾਕਤਾਂ ਦੀ ਅਵਾਜ਼ ਤਾਕਤਵਰ ਹੁੰਦੀ ਹੈ। ਬਦਲਾਅ ਦਾ ਰੰਗਣ ਫਿਰਕੂ ਗ੍ਰਹਿਣ ਕਰਨ ਲੱਗਦਾ ਹੈ। ਸੱਤਾ ਨੂੰ ਇਹ ਸਾਰਾ ਕੁਝ ਠੀਕ ਬਹਿੰਦਾ ਹੈ। ਸੱਤਾ ਵੰਡੀਆਂ ਤੇ ਵਿੱਥਾਂ ਨੂੰ ਗਹਿਰਾ ਕਰਨਾ ਲੋਚਦੀ ਹੈ। ਸੱਤਾ ਨੂੰ ਨਿੱਕੀਆਂ-ਮੋਟੀਆਂ ਹਿੰਸਕ ਵਾਰਦਾਤਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ। ਸੱਤਾ ਹਰ ਅੰਦੋਲਨ ਨੂੰ ਹਿੰਸਕ ਕਰਨਾ ਚਾਹੁੰਦੀ ਹੈ। ਸੰਗਠਨਤਾਈ ਸੰਵੇਦਨਸ਼ੀਲ ਤੇ ਸੁਪਨਸ਼ੀਲ ਵਿਦਰੋਹ ਸੱਤਾ ਨੂੰ ਚੁਭਦਾ ਹੈ। ਸੱਤਾ ਸਾਂਝਾਂ, ਸੁਰਾਂ ਤੇ ਸੁਪਨਿਆਂ ਨੂੰ ਸ਼ਕਤੀਸ਼ਾਲੀ ਨਹੀਂ ਹੋਣ ਦੇਣਾ ਚਾਹੁੰਦੀ। ਹਿੰਸਾ ਨੂੰ ਉਕਸਾਉਣਾ ਸੱਤਾ ਦੀ ਨੀਤ ਤੇ ਨੀਤੀ ਹੈ। ਹਿੰਸਾ ਨਾਲ ਵਖਰੇਵੇਂ ਵਧਦੇ ਹਨ। ਮੱਤਭੇਦ ਉਬਲਦੇ ਹਨ।

ਕਦੇ ਪੰਜਾਬ ਨੂੰ, ਕਦੇ ਗੁਜਰਾਤ ਨੂੰ, ਕਦੇ ਕਸ਼ਮੀਰ ਨੂੰ
ਹਿੰਸਾ ਦੀ ਅੱਗ ਲੂਹ ਦਿੰਦੀ ਹੈ ਅੱਖਾਂ ਦੇ ਨਿਰਮਲ ਨੀਰ ਨੂੰ

ਅੱਖਾਂ ਦਾ ਨੀਰ ਬਹੁਤ ਕੀਮਤੀ, ਕੋਮਲ ਤੇ ਕਾਵਿਕ ਹੁੰਦਾ। ਇਸ ਨੂੰ ਲੂਹਣ ਦੇ ਮਨਸੂਬੇ ਫਿਰਕੂ ਅਰਾਜਕਤਾ ਤੇ ਆਤੰਕ ਦੀ ਉਪਜ ਹਨ। ਅੱਖਾਂ ਦਾ ਨੀਰ ਬਚਾਉਣ ਲਈ ਜਨਵਾਦੀ, ਜਮਹੂਰੀ ਤੇ ਜਜ਼ਬਾਤੀ ਆਵੇਸ਼ ਦੀ ਜ਼ਰੂਰਤ ਹੈ। ਅਸੀਂ ਪਰ ਨਿੱਕੀਆਂ-ਨਿੱਕੀਆਂ ਹੱਟੀਆਂ ਪਾ ਲਈਆਂ ਹਨ। ਨਿੱਕੀਆਂ-ਨਿੱਕੀਆਂ ਹੱਟੀਆਂ ਦਾ ਪ੍ਰਚੂਨ ਵੇਚ ਰਹੇ ਹਾਂ ਅਸੀਂ। ਮੇਰੇ ਜ਼ਿਲ੍ਹੇ ਵਿੱਚ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦਾ ਸੰਗਠਨ ਕਾਫ਼ੀ ਚਿਰ ਤੋਂ ਵੱਖ-ਵੱਖ ਮੋਰਚਿਆਂ 'ਤੇ ਕੰਮ ਕਰ ਰਿਹਾ ਸੀ। ਅਚਾਨਕ ਕਈ ਸਾਲਾਂ ਬਾਅਦ ਉਸ ਪਾਰਟੀ ਦੇ ਕੁਝ ਮੁੱਢਲੇ ਮੈਂਬਰ ਮੂਲ ਪਾਰਟੀ ਨਾਲੋਂ ਟੁੱਟ ਗਏ। ਉਨ੍ਹਾਂ ਦਾ ਇਸ ਪ੍ਰਕਾਰ ਦਾ ਤੋੜ-ਵਿਛੋੜਾ ਮੈਨੂੰ ਚੰਗਾ ਨਹੀਂ ਲੱਗਾ। ਨਿੱਕੇ-ਨਿੱਕੇ ਮੱਤਭੇਦ ਲੋਕ ਮੁਹਿੰਮਾਂ ਨੂੰ ਸਰਗਰਮ ਨਹੀਂ ਹੋਣ ਦਿੰਦੇ। ਵਿਚਾਰਧਾਰਾਵਾਂ ਦੇ ਮੱਤਭੇਦ ਡੂੰਘੇ ਹੋਣ ਨਾਲ ਅੰਦੋਲਨ ਦੀ ਪਹਿਲਾਂ ਜਿਹੀ ਭੱਲ ਨਹੀਂ ਰਹਿੰਦੀ। ਆਪਣੇ-ਆਪਣੇ ਡੁਗਡੁਗੀ ਵਜਾਏ ਜਾਣ ਨਾਲ ਯੁੱਧ ਦਿਸ਼ਾਹੀਣ ਹੋ ਜਾਂਦੇ ਹਨ। ਸਖ਼ਤ ਧਾਰਨਾਵਾਂ ਵੀ ਕਈ ਵਾਰ ਸਾਨੂੰ ਸੰਤੁਲਿਤ, ਸਿਆਣੇ ਤੇ ਸਰਬ ਸਾਂਝੇ ਨਹੀਂ ਰਹਿਣ ਦਿੰਦੀਆਂ। ਕੁਝ ਸਮਾਂ ਪਹਿਲਾਂ ਉਮਰ ਭਰ ਸਖ਼ਤ ਧਾਰਨਾਵਾਂ ਨੂੰ ਸਮਰਪਿਤ ਰਿਹਾ ਸਤਿਕਾਰਯੋਗ ਆਗੂ ਵਿਛੋੜਾ ਦੇ ਗਿਆ। ਉਸ ਦੇ ਸ਼ਰਧਾਂਜਲੀ ਸਮਾਰੋਹ 'ਤੇ ਉਸ ਦੇ ਪਾਰਟੀ ਦੇ ਰੰਗ ਵਾਲੇ ਝੰਡੇ ਸਿਰਫ ਥੋੜ੍ਹੇ ਜਿਹੇ ਹੀ ਨਜ਼ਰ ਆਏ। ਉਨ੍ਹਾਂ ਦਾ ਥੋੜ੍ਹਾ ਹੋਣਾ ਮੈਨੂੰ ਬਹੁਤ ਰੜਕਿਆ। ਉਂਜ ਸ਼ਰਧਾਂਜਲੀ ਸਮਾਰੋਹ ਵਿੱਚ ਬਥੇਰੇ ਲੋਕ ਸਨ, ਪਰ ਪਾਰਟੀ ਨਾਲ ਸੰਬੰਧਤ ਲੋਕਾਂ ਦਾ ਏਨਾ ਸੁੰਗੜ ਜਾਣਾ ਪੀੜਤ ਕਰਦਾ ਹੈ। ਅਜਿਹਾ ਮਾਹੌਲ ਹੀ ਉਦਾਸੀਨ ਸੁਰਾਂ ਨੂੰ ਜਨਮ ਦਿੰਦਾ ਹੈ। ਅਜਿਹੇ ਮਾਹੌਲ ਨਾਲ ਬਦਲਾਅ ਦਾ ਜਜ਼ਬਾ ਨਿਰਬਲ ਹੁੰਦਾ ਹੈ। ਲੋਕ ਜੁੜਦੇ ਘੱਟ ਹਨ, ਟੁੱਟਦੇ ਵਧੇਰੇ ਹਨ।

ਸਮੀਕਰਣ ਜਾਂ ਸੀਮਾਵਾਂ ਕੁਝ ਵੀ ਹੋਣ, ਸਾਨੂੰ ਸੰਘਰਸ਼ ਦੇ ਸੁਪਨਿਆਂ ਨੂੰ ਨਿਰੰਤਰ ਸਰਗਰਮ ਤੇ ਸੰਜੀਵ ਰੱਖਣ ਲਈ ਆਸ਼ਾਵਾਦ ਦੀ ਭਾਵਨਾ ਨੂੰ ਪ੍ਰਬਲ ਤੇ ਪਾਕ ਕਰਨਾ ਪਏਗਾ। ਦੁਚਿੱਤੀ, ਦੁਬਿਧਾ ਤੇ ਦਿਸ਼ਾਹੀਣਤਾ ਨਾਲ ਆਸ਼ਾਵਾਦ ਲਿੱਸਾ ਤੇ ਲੋਅਹੀਣ ਹੋ ਜਾਂਦਾ ਹੈ। ਉਦਾਸੀਨਤਾ ਮਨ ਮਸਤਕ ਵਿੱਚ ਆ ਵੜਦੀ ਹੈ। ਕੁਝ ਵੀ ਨਹੀਂ ਸੁਧਰਨਾ ਤੇ ਕੁਝ ਵੀ ਨਹੀਂ ਬਦਲਣਾ ਦੀਆਂ ਗੱਲਾਂ ਭਾਰੂ ਹੋਣ ਲੱਗਦੀਆਂ ਹਨ। ਸੁਹਿਰਦ, ਸੁਰਵੰਤ, ਸੁਪਨਸਾਜ਼ ਤੇ ਸੰਵੇਦਨਸ਼ੀਲ ਹੋਣ ਨਾਲ ਆਸ ਦੀਆਂ ਕਿਰਨੀਆਂ ਚਮਕਦੀਆਂ। ਨਵਿਆਂ ਸਵੇਰਿਆਂ ਦੀ ਉਮੀਦ ਧੜਕਦੀ ਹੈ। ਆਸ ਦੇ ਦੀਵੇ ਜਗਾਉਣ ਦਾ ਹੋਕਾ ਤਿੱਖੀ ਸੁਰ ਗ੍ਰਹਿਣ ਕਰਦਾ ਹੈ।

ਹਨੇਰਾ ਉੱਤਰ ਆਇਆ ਦੀਵਾ ਬਾਲ ਬੀਬਾ
ਬਲੂ ਦੀਵਾ ਤਾਂ ਪੰਘਰਨਗੇ ਧੁਰ ਅੰਦਰੋਂ ਖਿਆਲ ਬੀਬਾ

ਧੁਰ ਅੰਦਰੋਂ ਖਿਆਲਾਂ ਦੇ ਪੰਘਰਨ ਨਾਲ ਊਰਜਾ ਤੇ ਉਮੀਦ ਦੇ ਅਹਿਸਾਸ ਸ਼ਕਤੀਸ਼ਾਲੀ ਹੁੰਦੇ ਹਨ। ਸੁਪਨਿਆਂ ਦਾ ਸਜੀਵ ਹੋਣਾ, ਆਸ ਦਾ ਜਾਗਦੇ ਰਹਿਣਾ ਤੇ ਅਹਿਸਾਸਾਂ ਦਾ ਭਾਵੁਕ ਹੋਣਾ ਸਮਿਆਂ ਨੂੰ ਉਦਾਸੀਨਤਾ ਦੇ ਖੌਫ ਤੋਂ ਬਚਾਉਂਦਾ ਹੈ। ਖੌਫ਼ ਦੀ ਥਾਂ ਖ਼ਾਬਾਂ ਦਾ ਜਨਮ ਹੁੰਦਾ ਹੈ। ਸਿਰਜਣਾਤਮਿਕਤਾ ਨੂੰ ਸੇਕ, ਸਵਾਸ, ਸ਼ਿੱਦਤ ਤੇ ਸ਼ਕਤੀ ਮਿਲਦੀ ਹੈ। ਅਜੋਕੀ ਸਿਰਜਣਾਤਮਿਕਤਾ ਦੀ ਲੋਅ ਦੇ ਅਸਤ ਹੋਣ ਦਾ ਕਾਰਨ ਅਹਿਸਾਸਾਂ ਤੇ ਆਦਰਸ਼ਾਂ ਦਾ ਖ਼ੁਸ਼ਕ ਤੇ ਖ਼ਾਬਹੀਣ ਹੋਣਾ ਹੈ। ਅਕਾਦਮਿਕਤਾ ਭਾਰੂ ਹੋ ਰਹੀ ਹੈ। ਉਧਰਿਤ ਗਿਆਨ ਨਾਲ ਲਿਖਤਾਂ ਬੋਝਲ ਹੋ ਰਹੀਆਂ ਹਨ। ਸਾਰਾ ਕੁਝ ਨਿਰਾਸ਼ ਕਰਨ ਵਾਲਾ ਹੈ। ਧੁਰ ਅੰਦਰ ਉੱਤਰ ਜਾਣ ਵਾਲੀਆਂ ਧੁੰਨਾਂ, ਧੜਕਣਾਂ ਨੂੰ ਤਰੋਤਾਜ਼ਾ ਕਰਨ ਵਾਲੇ ਸ਼ੇਅਰ ਅਤੇ ਖਿਆਲਾਂ ਨੂੰ ਸੋਚਵਾਨ ਕਰਨ ਵਾਲੇ ਬਿਰਤਾਂਤ। ਅਜਿਹੀਆਂ ਕਲਾਤਮਿਕ ਕਰਾਮਾਤਾਂ ਦੀ ਘਾਟ ਅਜੋਕੇ ਸਮਿਆਂ ਦੀ ਚੇਤਨਾ ਤੇ ਚਾਹਤ ਦੇ ਧੁੰਦੇ ਹੋ ਜਾਣ ਦੀ ਪ੍ਰਤੀਕ ਹੈ। ਆਸ ਬਚਾਉਣੀ ਔਖੀ ਹੋ ਗਈ ਹੈ।

ਵੱਡਾ ਸਾਰਾ ਹੌਸਲਾ ਤੇ ਨਿੱਕੀ ਜਿਹੀ ਆਸ ਬਚਾ ਕੇ ਰੱਖੀਂ
ਦਿਲ ਵਾਲਾ ਦੀਵਾ
ਬਹੁਤ ਹਨੇਰਾ ਹੈ, ਜਗਾ ਕੇ ਰੱਖੀਂ

ਦਿਲ ਵਾਲੇ ਦੀਵੇ ਜਗਾਉਣ ਦਾ ਵਕਤ ਹੈ। ਦਿਲ ਦੇ ਦੀਵੇ ਮਾਨਵੀ ਦ੍ਰਿਸ਼ਟੀ ਨੂੰ ਦਿਸ਼ਾ ਦਿੰਦੇ ਹਨ। ਦਿਲ ਵਾਲੇ ਦੀਵਿਆਂ ਦਾ ਚਾਨਣ ਸਿਆਸਤਾਂ, ਸੰਗਠਨਾਂ ਤੇ ਸੰਸਥਾਵਾਂ ਨੂੰ ਸਤਰਕ ਕਰਦਾ ਹੈ। ਦਿਲ ਦੇ ਦੀਵਿਆਂ ਦੀ ਰੌਸ਼ਨੀ ਨਾਲ ਰੰਗ, ਰੂਹਾਂ ਤੇ ਰੁੱਤਾਂ ਤਰੰਗਿਤ ਹੁੰਦੀਆਂ ਹਨ। ਦਿਨ ਦੇ ਦੀਵਿਆਂ ਦੀ ਲੋਅ ਮੱਧਮ ਹੋਣ ਨਾਲ ਹਕੂਮਤਾਂ ਤਾਨਾਸ਼ਾਹ ਹੋ ਜਾਂਦੀਆਂ ਹਨ। ਅੰਨ੍ਹੀਆਂ ਤੇ ਆਤੰਕੀ ਸਰਕਾਰਾਂ ਦਿਲਾਂ ਦੀ ਅਵਾਜ਼ ਦਬਾਉਂਦੀਆਂ ਹਨ। ਧਰਨੇ ਲੱਗਦੇ ਹਨ, ਆਵਾਜਾਈ ਬੰਦ ਹੁੰਦੀ ਹੈ, ਅਵਾਜ਼ਾਂ ਤੜਪਦੀਆਂ ਨੇ, ਲੇਕਿਨ ਹਕੂਮਤ ਟੱਸ ਤੋਂ ਮੱਸ ਨਹੀਂ ਹੁੰਦੀ। ਸੰਘਰਸ਼ ਕਰ ਰਹੇ ਅੰਦੋਲਨਾਂ ਵਿੱਚ ਖੜੋਤ ਨਜ਼ਰ ਆਉਂਦੀ ਹੈ। ਮਾਹੌਲ ਜ਼ਰੂ+ ਉਦਾਸੀਨ ਹੈ ਪਰ ਸਰਗਮ ਜਿਹੇ ਸਵੇਰਿਆਂ ਦੀ ਉਡੀਕ ਮੁਸਲਸਲ ਜਾਗਦੇ ਰਹਿਣਾ ਚਾਹੀਦਾ ਹੈ। ਸਿਆਸਤਦਾਨ ਸਾਨੂੰ ਮੋਹਹੀਣ, ਮੁਫਤਖੋਰੇ ਤੇ ਮੰਗਤੇ ਬਣਾਉਣਾ ਲੋਚਦੇ ਹਨ। ਆਪਣਾ ਢਿੱਡ ਭਰਨਾ ਇਨ੍ਹਾਂ ਦਾ ਮਕਸਦ ਹੈ। ਇਨ੍ਹਾਂ ਦੀਆਂ ਨਜ਼ਰਾਂ ਸਿਰਫ ਸਾਡੀ ਵੋਟ ਵੱਲ ਹਨ। ਝੂਠੀਆਂ ਸਕੀਮਾਂ ਤੇ ਸਾਜ਼ਿਸ਼ਾਂ ਨਾਲ ਭਰਮਾਉਣਾ ਸਿਆਸਤਦਾਨਾਂ ਦਾ ਧਰਮ ਬਣ ਗਿਆ ਹੈ। ਸਾਜ਼ਿਸ਼ਾਂ ਤੇ ਸਕੀਮਾਂ ਦੇ ਸੁਪਨਸਾਜ਼ ਨੈੱਟਵਰਕ ਵਿੱਚ ਅਸੀਂ ਫਸ ਰਹੇ ਹਾਂ। ਇਨ੍ਹਾਂ ਦੇ ਜਾਲ ਵਿੱਚ ਫਸ ਕੇ ਅਸੀਂ ਵਿਕਦੇ ਵੀ ਹਾਂ ਤੇ ਆਪਸ ਵਿੱਚ ਲੜਦੇ ਵੀ ਹਾਂ। ਸਾਡੇ ਕੋਲ ਨਾ ਵਿਚਾਰਧਾਰਕ ਪਰਪੱਕਤਾ ਹੈ, ਨਾ ਭਵਿੱਖਮੁਖੀ ਅਗਵਾਈ ਹੈ। ਉਲਾਰ ਹੋ ਜਾਂਦੇ ਹਾਂ ਅਸੀਂ। ਉਤੇਜਿਤ ਹੋ ਜਾਂਦੇ ਹਾਂ ਅਸੀਂ। ਵਣਜ ਵਾਲਿਆਂ ਵੰਡ ਦਿੱਤਾ ਸਾਨੂੰ। ਧਰਮਾਂ, ਜਾਤਾਂ, ਫਿਰਕਿਆਂ, ਭਾਵਨਾਵਾਂ, ਨਸਲਾਂ ਤੇ ਸਟੇਟਾਂ ਦੇ ਵਖਰੇਵੇਂ ਸਾਡੇ ਅੰਦਰ ਤਿਲਮਿਲਾ ਰਹੇ ਹਨ। ਇਨਸਾਨੀਅਤ ਸਿਰਫ ਸਲੋਗਨ ਬਣ ਗਈ ਹੈ। ਅਜਿਹੇ ਉਦਾਸ ਸਮਿਆਂ ਵਿੱਚ ਸੁਹਿਰਦ ਲੋਕਾਂ ਦਾ ਉਦਾਸ ਹੋਣਾ ਪੀੜਤ ਕਰਦਾ ਹੈ। 'ਕੁਝ ਨਹੀਂ ਬਦਲਣਾ' ਜਾਂ 'ਏਥੋਂ ਭੱਜ ਜਾਣ ਨੂੰ ਜੀਅ ਕਰਦਾ' ਵਰਗੇ ਹਉਕੇ ਆਸਮਈ ਗੀਤ, ਗ਼ਜ਼ਲਾਂ, ਕਵਿਤਾਵਾਂ ਬਣਨੇ ਚਾਹੀਦੇ ਹਨ। ਆਸ ਦੀ ਸੰਭਾਵਨਾ ਮਰਨੀ ਨਹੀਂ ਚਾਹੀਦੀ। ਯੁੱਧ ਕਰਨ ਦੇ ਅਹਿਸਾਸ ਮੁੱਕਣੇ ਨਹੀਂ ਚਾਹੀਦੇ। ਚਲੋ ਦੁਆਵਾਂ ਕਰੀਏ।

ਦੁੱਖਾਂ ਨੂੰ ਜੀਰਨ ਜਰਨ ਦੀ ਤੌਫ਼ੀਕ ਬਖ਼ਸ਼ ਮੌਲਾ
ਤਪਦੇ ਹਿਰਦਿਆਂ ਨੂੰ ਭਲੇ ਦਿਨਾਂ ਦੀ ਉਡੀਕ ਬਖ਼ਸ਼ ਮੌਲਾ

ਸਫ਼ਾ 2 ਦੀ ਬਾਕੀ

## ਬੁੱਧੀਜੀਵੀ ਵਰਗ ਸਰਗਰਮ ਭੂਮਿਕਾ ...

ਜਸਟਿਸ ਨੂੰ ਪੱਤਰ ਲਿਖੇ ਗਏ ਹਨ। ਅਫ਼ਸੋਸ ਹੈ ਕਿ ਇਸ ਪੱਖੋਂ ਦੇਸ਼ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਕੌਮੀ ਪੱਧਰ 'ਤੇ ਕੋਈ ਸਾਂਝਾ ਮਜ਼ਬੂਤ ਮੁਹਾਜ਼ ਜਾਂ ਵੱਡਾ ਜਨਤਕ ਅੰਦੋਲਨ ਖੜਾ ਕਰਨ ਵਿਚ ਅਸਫਲ ਰਹੀਆਂ ਹਨ। ਇਸ ਲਈ ਮੌਜੂਦਾ ਫ਼ਿਰਕੂ ਫਾਸ਼ੀਵਾਦ ਅਤੇ ਚੋਣਾਂ ਦੇ ਮਾਹੌਲ ਦੌਰਾਨ ਦੇਸ਼ ਦੇ ਆਮ ਲੋਕ ਆਪਣੇ ਬੁੱਧੀਜੀਵੀਆਂ, ਚਿੰਤਕਾਂ, ਲੇਖਕਾਂ, ਸਾਹਿਤਕਾਰਾਂ, ਸਿੱਖਿਆ ਸ਼ਾਸਤਰੀਆਂ, ਕਾਨੂੰਨਦਾਨਾਂ ਅਤੇ ਸਮਾਜਿਕ ਕਾਰਕੁਨਾਂ ਤੋਂ ਇਹ ਵੱਡੀ ਆਸ ਕਰਦੇ ਹਨ ਕਿ ਉਹ ਦੇਸ਼ ਅਤੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਸਮਝਦੇ ਹੋਏ ਹਕੂਮਤਾਂ ਦੀਆਂ ਲੋਕ ਵਿਰੋਧੀ ਨੀਤੀਆਂ, ਜਬਰ-ਜ਼ੁਲਮ ਅਤੇ ਬਸਤੀਵਾਦੀ ਕਾਨੂੰਨਾਂ ਦਾ ਡਟ ਕੇ ਵਿਰੋਧ ਕਰਨ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਅਤੇ ਲੋਕ ਪੱਖੀ ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਲਈ ਸੰਘਰਸ਼ਸ਼ੀਲ ਜਨਤਕ ਲਹਿਰਾਂ ਨੂੰ ਉਨ੍ਹਾਂ ਦੇ ਹੱਕ, ਸੱਚ ਅਤੇ ਇਨਸਾਫ ਲਈ ਸਹੀ ਸੇਧ ਅਤੇ ਅਗਵਾਈ ਦੇਣ ਦੇ ਯਤਨ ਵੀ ਕਰਨ। ਇਸ ਦੇ ਨਾਲ ਹੀ ਸਮਾਜ ਵਿਚ ਵਾਪਰਦੇ ਗ਼ੈਰ ਮਨੁੱਖੀ, ਅੰਧ-ਵਿਸ਼ਵਾਸੀ ਵਰਤਾਰਿਆਂ, ਸਮਾਜਿਕ ਬੁਰਾਈਆਂ ਅਤੇ ਬੇਇਨਸਾਫੀਆਂ ਦੇ ਖਿਲਾਫ ਵੀ ਆਵਾਜ਼ ਬੁਲੰਦ ਕਰਨੀ ਉਨ੍ਹਾਂ ਦਾ ਨੈਤਿਕ ਫ਼ਰਜ਼ ਹੈ। ਬੀਤੇ ਸਾਲਾਂ ਵਿਚ ਅਜਿਹੇ ਕਈ ਲੋਕ ਪੱਖੀ ਪ੍ਰਸਿੱਧ ਤਰਕਸ਼ੀਲ ਬੁੱਧੀਜੀਵੀਆਂ, ਸਾਹਿਤਕਾਰਾਂ ਅਤੇ ਪੱਤਰਕਾਰਾਂ ਡਾ. ਨਰੇਂਦਰ ਦਾਭੋਲਕਰ (2013), ਗੋਵਿੰਦ ਪੰਸਾਰੇ (2015), ਪ੍ਰੋ. ਐੱਮ.ਐੱਮ. ਕਲਬੁਰਗੀ (2015) ਅਤੇ ਗੌਰੀ ਲੰਕੇਸ਼ (2017) ਨੂੰ ਹਿੰਦੂਤਵੀ ਫ਼ਿਰਕੂ ਸੰਗਠਨਾਂ ਵੱਲੋਂ ਸਿਰਫ ਇਸੇ ਲਈ ਕਤਲ ਕਰ ਦਿੱਤਾ ਗਿਆ, ਕਿਉਂਕਿ ਉਹ ਆਪਣੀਆਂ ਲਿਖਤਾਂ ਰਾਹੀਂ ਵਿਗਿਆਨਕ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਨ ਦੇ ਨਾਲ-ਨਾਲ ਭਾਜਪਾ ਦੇ ਹਿੰਦੂ ਰਾਸ਼ਟਰ ਦੇ ਫਿਰਕੂ ਏਜੰਡੇ ਅਤੇ ਹਕੂਮਤਾਂ ਦੀਆਂ ਲੋਕ ਵਿਰੋਧੀ ਭਗਵਾਂ ਨੀਤੀਆਂ ਦੇ ਖਿਲਾਫ ਆਮ ਜਨਤਾ ਨੂੰ ਜਾਗਰੂਕ ਕਰ ਰਹੇ ਸਨ। ਦੇਸ਼ ਦੇ ਬੁੱਧੀਜੀਵੀ ਵਰਗ ਪ੍ਰਤੀ ਮੋਦੀ ਸਰਕਾਰ ਦੀ ਸੌੜੀ ਮਾਨਸਿਕਤਾ ਇਹ ਹੈ ਕਿ ਤਿੰਨ ਸਾਲ ਪਹਿਲਾਂ ਪ੍ਰਧਾਨ ਮੰਤਰੀ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਇਕ ਸਮਾਗਮ ਵਿੱਚ ਕਿਹਾ ਸੀ ਕਿ ਸਿਵਲ ਸੋਸਾਇਟੀ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਹੋ ਸਕਦੀ ਹੈ। ਇਹੀ ਵਜ੍ਹਾ ਹੈ ਕਿ ਦੇਸ਼ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਤੇ ਹਕੂਮਤਾਂ ਦੀਆਂ ਲੋਕ-ਮਾਰੂ ਨੀਤੀਆਂ, ਜ਼ਿਆਦਤੀਆਂ ਅਤੇ ਬੇਇਨਸਾਫ਼ੀਆਂ ਦੇ ਵਿਰੁੱਧ ਲਗਾਤਾਰ ਆਵਾਜ਼ ਉਠਾਉਣ ਵਾਲੇ ਲੋਕ ਪੱਖੀ ਬੁੱਧੀਜੀਵੀਆਂ, ਲੇਖਕਾਂ, ਵਕੀਲਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ 'ਤੇ ਦੇਸ਼ ਧ੍ਰੋਹ ਦੇ ਝੂਠੇ ਕੇਸ ਦਰਜ ਕਰਕੇ ਯੂ ਏ ਪੀ ਏ ਦੇ ਕਾਲੇ ਕਾਨੂੰਨਾਂ ਤਹਿਤ ਅਣਮਿੱਥੇ ਸਮੇਂ ਲਈ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ। ਉਨ੍ਹਾਂ ਨੂੰ ਮਾਓਵਾਦੀ, ਸ਼ਹਿਰੀ ਨਕਸਲੀ, ਟੁਕੜੇ ਟੁਕੜੇ ਗੈਂਗ ਅਤੇ ਕਦੇ ਐਵਾਰਡ ਵਾਪਸੀ ਗੈਂਗ ਕਹਿ ਕੇ ਦੇਸ਼ ਦੀ ਭੋਲੀ-ਭਾਲੀ ਜਨਤਾ ਨੂੰ ਉਨ੍ਹਾਂ ਵਿਰੁੱਧ ਭੜਕਾਇਆ ਜਾਂਦਾ ਹੈ। ਕੀ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਅਤੇ ਹਕੂਮਤਾਂ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਬੇਇਨਸਾਫ਼ੀ ਦੇ ਸ਼ਿਕਾਰ ਪੀੜਤ ਵਰਗਾਂ ਦੀ ਮਦਦ ਕਰਨਾ ਕੋਈ ਗੁਨਾਹ ਹੈ? ਕੇਂਦਰੀ ਹਕੂਮਤ ਦੀ ਇਸੇ ਜਾਬਰ ਰਾਜਨੀਤੀ ਦੇ ਸ਼ਿਕਾਰ ਮੁਲਕ ਦੇ ਵੀਹ ਦੇ ਲੱਗਭੱਗ ਨਾਮਵਰ ਬੁੱਧੀਜੀਵੀ, ਵਕੀਲ, ਪੱਤਰਕਾਰ, ਲੇਖਕ ਅਤੇ ਸਮਾਜਿਕ ਕਾਰਕੁਨ ਮਹਾਂਰਾਸ਼ਟਰ ਵਿਚ ਦਸੰਬਰ 2017 'ਚ ਵਾਪਰੇ ਭੀਮਾ-ਕੋਰੇਗਾਓਂ ਕਥਿਤ ਹਿੰਸਾ ਕੇਸ ਵਿਚ ਯੂ ਏ ਪੀ ਏ ਦੇ ਕਾਲੇ ਕਾਨੂੰਨ ਤਹਿਤ ਬਿਨਾਂ ਮੁਕੱਦਮੇ ਦੀ ਸੁਣਵਾਈ ਦੇ ਵੱਖ-ਵੱਖ ਜੇਲ੍ਹਾਂ ਵਿਚ ਪਿਛਲੇ ਛੇ ਸਾਲਾਂ ਤੋਂ ਨਜਾਇਜ਼ ਹੀ ਨਜ਼ਰਬੰਦ ਕੀਤੇ ਗਏ ਹਨ। ਕੇਂਦਰੀ ਜਾਂਚ ਏਜੰਸੀਆਂ ਉਨ੍ਹਾਂ ਦੇ ਖਿਲਾਫ ਅੱਜ ਤੱਕ ਕਿਸੇ ਤਰ੍ਹਾਂ ਦੀ ਹਿੰਸਾ ਵਿਚ ਸ਼ਮੂਲੀਅਤ ਜਾਂ ਦੇਸ਼ ਧ੍ਰੋਹ ਦੇ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕੀਆਂ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਜ਼ਮਾਨਤ ਦੀ ਅਰਜ਼ੀ ਵਾਰ-ਵਾਰ ਰੱਦ ਕੀਤੀ ਜਾ ਰਹੀ ਹੈ, ਜਦਕਿ ਬਲਾਤਕਾਰ ਅਤੇ ਕਤਲ ਦੇ ਸੰਗੀਨ ਦੋਸ਼ਾਂ ਤਹਿਤ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੋਦੀ ਸਰਕਾਰ ਦੀ ਸਰਪ੍ਰਸਤੀ ਹੇਠ ਪਿਛਲੇ ਪੰਜ ਸਾਲਾਂ ਵਿੱਚ ਨੌਂ ਵਾਰ ਪੈਰੋਲ/ਫਰਲੋ ਉੱਤੇ ਰਿਹਾਅ ਕੀਤਾ ਗਿਆ ਹੈ। ਲੋਕ ਹਿੱਤਾਂ ਦੀ ਰਾਖੀ ਲਈ ਕਈ ਸਾਲ ਨਿਹੱਕੀ ਸਜ਼ਾ ਕੱਟਣ ਵਾਲੇ ਅਜਿਹੇ ਬੁੱਧੀਜੀਵੀਆਂ ਦੀ ਨਿਡਰਤਾ ਅਤੇ ਹੌਸਲੇ ਦੀ ਦਾਦ ਦੇਣੀ ਬਣਦੀ ਹੈ।

ਦਰਅਸਲ ਮੋਦੀ ਸਰਕਾਰ ਸੰਵਿਧਾਨ ਵਿਚਲੇ ਕਲਿਆਣਕਾਰੀ ਅਤੇ ਧਰਮ ਨਿਰਪੇਖ ਸਟੇਟ ਦੇ ਅਕਸ ਨੂੰ ਖਤਮ ਕਰਕੇ ਇਸ ਨੂੰ ਕਾਰਪੋਰੇਟ ਤੇ ਹਿੰਦੂਤਵੀ ਸਟੇਟ ਵਿਚ ਤਬਦੀਲ ਕਰਨਾ ਚਾਹੁੰਦੀ ਹੈ। ਅਖੌਤੀ ਆਰਥਿਕ ਸੁਧਾਰਾਂ ਦੇ ਨਾਂਅ ਹੇਠ ਜਨਤਕ ਅਦਾਰਿਆਂ ਦੇ ਕੀਤੇ ਜਾ ਰਹੇ ਅੰਧਾਧੁੰਦ ਨਿੱਜੀਕਰਨ ਅਤੇ ਨਿਗਮੀਕਰਨ ਨੇ ਦੇਸ਼ ਵਿਚ ਬੇਰੁਜ਼ਗਾਰੀ, ਮਹਿੰਗਾਈ, ਗਰੀਬੀ, ਖ਼ੁਦਕੁਸ਼ੀਆਂ, ਭ੍ਰਿਸ਼ਟਾਚਾਰ ਅਤੇ ਕਾਰਪੋਰੇਟ ਲੁੱਟ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਰਕਾਰੀ ਨੌਕਰੀਆਂ ਪੈਦਾ ਕਰਨ ਦੀ ਥਾਂ ਵੱਡੇ ਪੱਧਰ 'ਤੇ ਛਾਂਟੀ ਕੀਤੀ ਗਈ ਹੈ। ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਜਿੱਥੇ 11 ਲੱਖ ਕਰੋੜ ਦੀਆਂ ਸਾਲਾਨਾ ਟੈਕਸ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਉਥੇ ਹੀ ਇਨ੍ਹਾਂ ਦੇ ਲੱਗਭੱਗ 25 ਲੱਖ ਕਰੋੜ ਦੇ ਕਰਜ਼ੇ ਵੱਟੇ ਖਾਤੇ ਵਿੱਚ ਮਾਫ਼ ਕੀਤੇ ਗਏ ਹਨ। ਪਿਛਲੇ ਛੇ ਸਾਲਾਂ ਤੋਂ ਭਾਜਪਾ ਸਮੇਤ ਦੂਜੀਆਂ ਸਿਆਸੀ ਪਾਰਟੀਆਂ ਵੱਲੋਂ ਵੱਡੇ ਕਾਰਪੋਰੇਟ ਅਦਾਰਿਆਂ ਤੋਂ ਚੋਣ ਬਾਂਡ ਦੇ ਰੂਪ ਵਿਚ ਕਈ ਲੱਖ ਕਰੋੜਾਂ ਦਾ ਚੰਦਾ ਲੈਣ ਨੂੰ ਸੁਪਰੀਮ ਕੋਰਟ ਵੱਲੋਂ ਇਸ ਸਾਲ 15 ਫਰਵਰੀ ਨੂੰ ਦਿੱਤੇ ਇਕ ਫੈਸਲੇ ਵਿੱਚ ਗ਼ੈਰ ਸੰਵਿਧਾਨਕ ਕਰਾਰ ਦਿੱਤਾ ਗਿਆ ਹੈ ਅਤੇ ਇਸ ਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਘੁਟਾਲਾ ਕਿਹਾ ਜਾ ਸਕਦਾ ਹੈ। ਉਹ ਇਸ ਲਈ ਕਿਉਂਕਿ ਮੋਦੀ ਹਕੂਮਤ ਨੇ ਮੁਨਾਫ਼ਾਖੋਰ ਕਾਰਪੋਰੇਟ ਘਰਾਣਿਆਂ ਉਤੇ ਕੇਂਦਰੀ ਏਜੰਸੀਆਂ ਦੇ ਛਾਪੇ ਮਰਵਾ ਕੇ ਹੀ ਉਨ੍ਹਾਂ ਤੋਂ ਭਾਜਪਾ ਲਈ ਸਭ ਤੋਂ ਵੱਧ 6060 ਕਰੋੜ ਰੁਪਏ ਦੇ ਚੰਦੇ ਹਾਸਲ ਕੀਤੇ ਹਨ ਅਤੇ ਉਨ੍ਹਾਂ ਦੇ ਵਿਰੁੱਧ ਚੱਲਦੇ ਅਪਰਾਧਿਕ ਕੇਸ ਰਫ਼ਾ-ਦਫ਼ਾ ਕੀਤੇ ਗਏ ਹਨ।

ਮਤਲਬ ਇਹ ਹੈ ਕਿ ਇਸ ਵਕਤ ਦੇਸ਼ ਦਾ ਸੰਵਿਧਾਨ ਅਤੇ ਲੋਕਤੰਤਰ ਬੇਹੱਦ ਖ਼ਤਰੇ ਵਿਚ ਹੈ, ਕਿਉਂਕਿ ਸੰਵਿਧਾਨ ਅਤੇ ਜਮਹੂਰੀਅਤ ਦੀ ਰਾਖੀ ਲਈ ਜ਼ਿੰਮੇਵਾਰ ਸਮਝੇ ਜਾਂਦੇ ਚਾਰੇ ਥੰਮ੍ਹ ਯਾਨੀ ਕਿ ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ, ਮੀਡੀਆ ਦੇ ਇਲਾਵਾ ਚੋਣ ਕਮਿਸ਼ਨ, ਰਿਜ਼ਰਵ ਬੈਂਕ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਸੀ.ਬੀ.ਆਈ., ਐੱਨ.ਆਈ.ਏ. ਇਨਕਮ ਟੈਕਸ ਅਤੇ ਈ.ਡੀ. ਆਦਿ ਕੇਂਦਰੀ ਜਾਂਚ ਏਜੰਸੀਆਂ ਕੇਂਦਰ ਸਰਕਾਰ ਦੇ ਵੱਡੇ ਦਬਾਅ ਹੇਠ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਗ਼ੈਰ ਭਾਜਪਾ ਸਰਕਾਰਾਂ ਨੂੰ ਅਸਥਿਰ ਕਰਨ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਨੇਤਾਵਾਂ ਉਤੇ ਛਾਪੇ ਮਰਵਾ ਕੇ ਉਨ੍ਹਾਂ ਨੂੰ ਡਰਾਉਣ, ਧਮਕਾਉਣ, ਚੁੱਪ ਕਰਵਾਉਣ, ਜੇਲ੍ਹ ਭੇਜਣ ਅਤੇ ਭਾਜਪਾ ਵਿਚ ਸ਼ਾਮਲ ਕਰਵਾਉਣ ਲਈ ਵਰਤਿਆ ਜਾ ਰਿਹਾ ਹੈ। ਇਹ ਮੋਦੀ ਸਰਕਾਰ ਦੀ ਸਿੱਧੀ ਤਾਨਾਸ਼ਾਹੀ ਹੈ, ਜਿਸ ਦਾ ਸਮੂਹ ਲੋਕ ਪੱਖੀ ਜਮਹੂਰੀ ਅਤੇ ਧਰਮ ਨਿਰਪੱਖ ਸਿਆਸੀ ਤੇ ਸਮਾਜਿਕ ਧਿਰਾਂ ਨੂੰ ਇਕਜੁੱਟ ਹੋ ਕੇ ਜਨਤਕ ਵਿਰੋਧ ਕਰਨ ਦੀ ਲੋੜ ਹੈ।

ਇਸ ਲਈ ਮੋਦੀ ਹਕੂਮਤ ਦੇ ਫ਼ਿਰਕੂ ਫਾਸ਼ੀਵਾਦੀ ਹਮਲਿਆਂ ਦਾ ਟਾਕਰਾ ਕਰਨ ਲਈ ਮੁਲਕ ਦੇ ਸਮੁੱਚੇ ਲੋਕਪੱਖੀ ਬੁੱਧੀਜੀਵੀਆਂ, ਪੱਤਰਕਾਰਾਂ, ਸਿੱਖਿਆ ਸ਼ਾਸਤਰੀਆਂ, ਵਿਗਿਆਨੀਆਂ, ਸਾਹਿਤਕਾਰਾਂ, ਅਧਿਆਪਕਾਂ, ਪ੍ਰੋਫੈਸਰਾਂ, ਵਕੀਲਾਂ, ਨਾਟਕਕਾਰਾਂ, ਕਲਾਕਾਰਾਂ, ਕਾਨੂੰਨਦਾਨਾਂ, ਸਮਾਜਿਕ ਕਾਰਕੁਨਾਂ, ਲੋਕ ਪੱਖੀ ਮੀਡੀਏ ਅਤੇ ਸਮੂਹ ਜਮਹੂਰੀ ਜਨਤਕ ਸੰਸਥਾਵਾਂ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਕਿਸਾਨਾਂ-ਮਜ਼ਦੂਰਾਂ ਸਮੇਤ ਸਮਾਜ ਦੇ ਹੋਰਨਾਂ ਪੀੜਤ ਵਰਗਾਂ ਨੂੰ ਰਾਜਸੀ ਅਤੇ ਵਿਗਿਆਨਕ ਤੌਰ 'ਤੇ ਚੇਤਨ ਕਰਕੇ ਕੇਂਦਰ ਸਰਕਾਰ ਅਤੇ ਭਾਜਪਾ-ਸੰਘ ਦੀਆਂ ਉਪਰੋਕਤ ਲੋਕ ਮਾਰੂ, ਫ਼ਿਰਕੂ ਅਤੇ ਵਿਕਾਸ ਵਿਰੋਧੀ ਨੀਤੀਆਂ ਖਿਲਾਫ਼ ਫੈਸਲਾਕੁੰਨ ਜੱਥੇਬੰਦਕ ਸੰਘਰਸ਼ਾਂ ਵੱਲ ਸੇਧਿਤ ਕਰਨ ਦੀ ਲੋੜ ਹੈ। ਸਾਨੂੰ ਹਰ ਤਰ੍ਹਾਂ ਦੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਪੂਰੀ ਇਕਜੁੱਟਤਾ ਨਾਲ ਅਜਿਹੇ ਬੁੱਧੀਜੀਵੀ ਵਰਗ ਦਾ ਡਟ ਕੇ ਸਾਥ ਦੇ ਕੇ ਸੰਵਿਧਾਨ ਅਤੇ ਜਮਹੂਰੀਅਤ ਨੂੰ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

ਸਪਰਕ : 76960-30173

ਸਫ਼ਾ 3 ਦੀ ਬਾਕੀ

## ਅੰਦਰੂਨੀ ਤੇ ਬਾਹਰੀ ਯਥਾਰਥ...

ਤੀਲੀ ਬੇਵੱਸ ਹੈ
ਉਹ ਜਿਸ 'ਤੇ ਵੀ
ਹੱਥ ਵਿੱਚ ਹੈ
ਉਹ ਹੀ ਉਸ ਲਈ
ਸਰਕਾਰ ਹੈ
ਉਸ ਦਾ ਹੁਕਮ ਮੰਨਣ ਲਈ
ਤੀਲੀ ਵੀ ਲਾਚਾਰ ਹੈ।

ਕਵੀ ਕਿਰਤ ਦੀ ਉਪਾਸ਼ਕ ਹੋਣ ਨਾਤੇ ਸੂਰਜ ਦਾ ਇਹ ਸੁਹਾਵਾ ਸਫਰ ਉਹਨਾਂ ਪੈੜਾਂ ਵਿੱਚੋਂ ਤੱਕਦੀ ਹੈ, ਜੋ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਮਿਹਨਤ ਕਰਦੇ ਹਨ। ਇਸ ਕਵਿਤਾ ਦੀ ਇਹ ਵੀ ਖੂਬੀ ਹੈ ਕਿ ਕਵੀ ਰਿਵਾਇਤੀ ਅਰਥਾਂ ਨੂੰ ਅਜੋਕੇ ਸਮੇਂ ਵਿੱਚ ਰੂਪਾਂਤਰਨ ਕਰਦੀ ਹੈ ਤੇ ਰਾਵਣ ਦਾ ਪੁਤਲਾ ਸਾੜਣ ਦੀ ਥਾਂ ਨਸ਼ਾ ਤਸਕਰਾਂ ਦੇ ਪੁਤਲੇ ਸਾੜਨ ਦੀ ਗੱਲ ਕਰਦੀ 'ਕਰੋ ਸ਼ੁਰੂ ਨਵੀਂ ਪ੍ਰਥ' ਵਰਗੀ ਕਵਿਤਾ ਲਿਖਦੀ ਹੈ।

ਕੁਲਵਿੰਦਰ ਦੀ ਕਵਿਤਾ ਦਾ ਚੌਥਾ ਪ੍ਰਸਾਰ ਅਤੀਤ ਦੁਆਲੇ ਘੁੰਮਦਾ ਹੈ, ਜਿਸ ਵਿੱਚ ਬਚਪਨ ਦੀਆਂ ਯਾਦਾਂ, ਘਟਨਾਵਾਂ, ਮੋਹ-ਮੁਹੱਬਤ ਦੀਆਂ ਬਾਤਾਂ ਪਾਉਂਦਾ ਵਰਤਮਾਨੀ ਦਹਿਲੀਜ਼ ਤੇ ਅਤੀਤ ਨਾਲ ਇੱਕਮਿਕ ਜਾਂਦਾ ਹੈ।'ਯੂ ਟਰਨ', 'ਉਹ ਝੀਲ-ਉਹ ਕੁੜੀ', 'ਦਲਾਨ' ਵਰਗੀਆਂ ਕਵਿਤਾਵਾਂ ਜਿੱਥੇ ਬੀਤੇ ਦਾ ਅਹਿਸਾਸ ਕਰਾਉਂਦੀਆਂ ਹਨ, ਉਥੇ ਰਿਸ਼ਤਿਆਂ ਵਿੱਚੋਂ ਮੋਹ ਦੀ ਤਲਾਸ਼ ਕਰਦੀਆਂ ਹਨ। ਕਵੀ ਕਿਤੇ ਪੁਰਾਤਨਤਾ ਤੇ ਆਧੁਨਿਕਤਾ ਦੇ ਵੱਖਰਤਾ ਵਿੱਚ ਤੈਰਦੇ ਅਰਥਾਂ ਨੂੰ ਬਾਖੂਬੀ ਸਮੇਟਦੀ ਹੈ। 'ਉਡ ਕਾਵਾਂ' ਕਵਿਤਾ ਵਿੱਚ ਕਾਂ ਦਾ ਬਨੇਰੇ ਬੋਲਣ ਦਾ ਸੰਕੇਤ ਵਿਚਲਾ ਅਰਥ ਪਰੰਪਰਾਗਤ ਤੇ ਆਧੁਨਿਕਤਾ ਦੀ ਵੱਖਰਤਾ ਨੂੰ ਵਾਚਦਾ ਹੈ। 'ਉੱਡ ਕਾਵਾਂ' ਕਵਿਤਾ ਵਿੱਚ ਕਾਂ ਦਾ ਬਨੇਰੇ 'ਤੇ ਬੋਲਣ ਦਾ ਪਰੰਪਰਕ ਸੰਕੇਤ ਅਜੋਕੇ ਤਕਨਾਲੋਜੀ ਤੰਤਰ ਵਿੱਚ ਕਿਵੇਂ ਆਪਣੀ ਹੋਂਦ ਤੋਂ ਵਿਰਵਾ ਹੋ ਗਿਆ। ਇਹ ਕਵਿਤਾ ਮੋਬਾਇਲ ਦੇ ਰੌਲੇ ਅੰਦਰ ਗੁਆਚੀ ਸੰਵੇਦਨਾ ਦਾ ਅਹਿਸਾਸ ਕਰਵਾਉਂਦੀ ਖ਼ੂਬਸੂਰਤ ਕਵਿਤਾ ਹੈ।ਇਸ ਪੁਸਤਕ ਵਿੱਚ 'ਦਿਹੁ ਸੱਜਣ ਅਸੀਸੜੀਆ' , 'ਤੇਰ੍ਹਾਂ ਅਪ੍ਰੈਲ', 'ਆਖ਼ਰੀ ਸਾਹ', 'ਆਤਮ-ਛਲ', 'ਯੂ ਟਰਨ', 'ਇੱਕ ਦਿਨ ਦੀ ਮਲਿਕਾ', 'ਦਲਾਨ' ਆਦਿ ਕਵਿਤਾਵਾਂ ਵੀ ਖਾਸ ਧਿਆਨ ਮੰਗਦੀਆਂ ਹਨ।

ਸਮੁੱਚੇ ਰੂਪ ਵਿੱਚ ਇਹ ਸ਼ਾਇਰੀ ਦੋਹਾਂ ਸੰਸਾਰਾਂ ਦੀ ਅਨੁਭਵੀ ਸਿਰਜਣਾ ਹੈ।ਇਹ ਸਮਕਾਲ ਤੇ ਤਤਕਾਲ ਦੇ ਮੁਹਾਂਦਰੇ ਨੂੰ ਆਪਣੀ ਦ੍ਰਿਸ਼ਟੀ ਨਾਲ ਚਿਤਰਮਾਨ ਕਰਦੀ ਹੋਈ ਸਮਾਜਿਕ ਕਰੂਰਤਾ ਬਾਰੇ ਫਿਕਰਮੰਦ ਹੈ।ਕੁਝ ਅੰਸ਼ਾਂ ਦਾ ਵਿਸ਼ੇਗਤ ਨਿਭਾਓ ਕੁਝ ਰੜਕਦਾ ਹੋਣ ਦੇ ਬਾਵਜੂਦ ਇਸ ਸ਼ਾਇਰੀ ਦੀ ਇਹ ਵਿਸ਼ੇਸ਼ਤਾ ਹੈ ਕਿ ਅਹਿਮ ਨੁਕਤਿਆਂ 'ਤੇ ਉਂਗਲ ਰੱਖਦੀ ਹੈ। ਇਹ ਉਮੀਦ ਹੈ ਕਿ ਅਭਿਆਸੀ ਨਿਰੰਤਰਤਾ ਇਸ ਸ਼ਾਇਰੀ ਨੂੰ ਹੋਰ ਵੀ ਨਿਖਾਰੇਗੀ। ਇਸ ਪੁਸਤਕ ਦਾ ਸ਼ਾਇਰੀ ਜਗਤ ਵਿੱਚ ਕਦਮ ਰੱਖਣ 'ਤੇ ਮੁਬਾਰਕ ਤੇ ਸੁਆਗਤ ਹੈ ।ਕੁਲਵਿੰਦਰ ਚਾਵਲਾ ਚੁੱਪ ਦੀ ਆਵਾਜ਼ ਬਣ ਕੇ ਅਗਲੇਰੀ ਕਾਵਿ ਪੁਲਾਂਘ ਵਿੱਚ ਹੋਰ ਗਹਿਰਾਈ ਨਾਲ ਆਲੇ-ਦੁਆਲੇ ਨਾਲ ਇਨਸਾਫ਼ ਕਰੇਗੀ—

ਮਿਟਣਾ ਨਹੀਂ ਹੁੰਦਾ ਨਿਰਾ ਹੋਂਦ ਗਵਾਉਣਾ,
ਨਦੀਆਂ ਜਾਣਦੀਆਂ ਨੇ ਕਿੰਝ ਸਮੁੰਦਰ ਹੋਣਾ।

